ਮਾਸਿਕ

# ਗੁਰਮਤਿ ਪ੍ਰਕਾਸ਼

ISSN 2394-8507
ਭੇਟਾ : ₹ ੫/-

ਜਿਲਦ : ੬੪ ਫੱਗਣ-ਚੇਤ ਸੰਮਤ ਨਾਨਕਸ਼ਾਹੀ ੫੫੨-੫੩ ਮਾਰਚ 2021 ਅੰਕ : ੧੨
Vol. : 64 March 2021 Issue : 12

ਗੁਰਦੁਆਰਾ ਕਿਲ੍ਹਾ ਹੋਲਗੜ੍ਹ ਸਾਹਿਬ





ਬਾਬਾ ਰੋਚਾ ਸਿੰਘ ਜੀ ਕਸ਼ਮੀਰ ਵਾਲੇ

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਫੱਗਣ-ਚੇਤ, ਸੰਮਤ ਨਾਨਕਸ਼ਾਹੀ ੫੫੨-੫੩ ਮਾਰਚ 2021

ਜਿਲਦ ੬੪ *(Vol. 64)* ਅੰਕ ੧੨ *(Issue 12)*

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ

*ਸਹਾਇਕ ਸੰਪਾਦਕ*
ਬਿਕਰਮਜੀਤ ਸਿੰਘ


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | S 5 | ਸਾਲਾਨਾ | S 1250 |
| ਸਾਲਾਨਾ | S 50 | ਪੰਜ ਸਾਲ | S 5000 |
| ਪੰਜ ਸਾਲ | S 250 | ਲਾਈਫ਼ | S 10000 |
| ਲਾਈਫ਼ | S 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

***Secretary***
***Dharam Parchar Committee***
***(S.G.P.C.)***
***Sri Amritsar-143006***

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

*website : www.sgpc.net*
*e-mail :gurmatparkashmonthly@gmail.com,*
*gyan_gurmat@yahoo.com*


**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**


*Approved for School libraries by the Director of Public Instructions Punjab Vide Circular No. 4580-2/25-58-B-49154 Dated Oct. 1958*

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੮ |
| ਹੋਲੀ ਕੀਨੀ ਸੰਤ ਸੇਵ | -ਡਾ. ਜਗਜੀਤ ਸਿੰਘ | ੧੧ |
| ਏਅਰ ਕਮਾਂਡਰ ਸਰਦਾਰ ਮੇਹਰ ਸਿੰਘ (ਬਾਬਾ) | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੪ |
| ਇਕ ਅਦੁੱਤੀ ਸਿੱਖ ਜਰਨੈਲ : ਸਰਦਾਰ ਬਘੇਲ ਸਿੰਘ | -ਡਾ. (ਕਰਨਲ) ਦਲਵਿੰਦਰ ਸਿੰਘ | ੨੫ |
| . . .ਨਨਕਾਣਾ ਸਾਹਿਬ ਦਾ ਸਾਕਾ | -ਡਾ. ਧਰਮ ਸਿੰਘ | ੩੨ |
| ਕਸ਼ਮੀਰ ਵਿਚ ਸਿੱਖੀ ਦੇ ਪ੍ਰਚਾਰਕ : ਸੰਤ ਰੋਚਾ ਸਿੰਘ ਜੀ | -ਡਾ. ਅਜਮੇਰ ਸਿੰਘ | ੩੬ |
| ਨਿਹੰਗ ਸਿੰਘਾਂ ਦੀ ਗਤਕਾ ਕਲਾ | -ਡਾ. ਆਤਮਾ ਸਿੰਘ | ੪੦ |
| . . .ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ | -ਸ. ਹਰਵਿੰਦਰ ਸਿੰਘ ਖਾਲਸਾ | ੫੦ |
| ਸਿੱਖ ਪਛਾਣ ਵਿਚ ਨਿਸ਼ਾਨ ਸਾਹਿਬ ਦਾ ਮਹੱਤਵ | -ਡਾ. ਪਰਮਵੀਰ ਸਿੰਘ | ੫੬ |
| ਗੁਰੂ ਸਾਹਿਬਾਨ ਦਾ ਇਸਤਰੀ ਪ੍ਰਤੀ ਦ੍ਰਿਸ਼ਟੀਕੋਣ | -ਬੀਬੀ ਵੀਰਪਾਲ ਕੌਰ | ੫੯ |
| ਸਾਚੇ ਤੇ ਪਵਨਾ ਭਇਆ | -ਸ. ਬਲਵਿੰਦਰ ਸਿੰਘ 'ਗੰਭੀਰ' | ੬੭ |
| ਕਰੂ ਕੌਣ ਕਿਰਸਾਣੀ ਕਾਰ (ਕਵਿਤਾ) | -ਗਿਆਨੀ ਸੁਰਿੰਦਰ ਸਿੰਘ ਨਿਮਾਣਾ | ੭੨ |
| ਸਿੱਖ ਕੌਮ ਦੀ ਖੜਗ-ਭੁਜਾ : ਸ਼੍ਰੋਮਣੀ ਅਕਾਲੀ ਦਲ | -ਸ. ਮਨਪ੍ਰੀਤ ਸਿੰਘ ਬਾਜ | ੭੩ |
| . . .ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ | -ਪ੍ਰੋ. ਜਗਰੂਪ ਸਿੰਘ | ੭੯ |
| ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ . . . | -ਡਾ. ਗੁਰਤੇਜ ਸਿੰਘ ਠੀਕਰੀਵਾਲਾ | ੮੫ |
| ਅਖਰ ਕਾ ਭੇਉ-੩ | -ਗਿਆਨੀ ਗੁਰਜੀਤ ਸਿੰਘ | ੯੦ |
| ਸ੍ਰੀ ਤਰਨ ਤਾਰਨ ਸਾਹਿਬ ਤੋਂ. . . (ਕਵਿਤਾ) | -ਕਵੀਸ਼ਰ ਮਲਕੀਤ ਸਿੰਘ ਵਰਪਾਲ | ੯੬ |
| ਮਹਾਰਾਜਾ ਦਲੀਪ ਸਿੰਘ ਦੇ ਮਨ ਦੇ ਭਾਵ (ਕਵਿਤਾ) | -ਸਵਰਗੀ ਬੀਬੀ ਪਰਮਜੀਤ ਕੌਰ | ੯੭ |
| ਮੈਂ ਸਿੱਖੀ ਹਾਂ : ਵਿਲੱਖਣ ਦਾਸਤਾਨ (ਕਵਿਤਾ) | -ਸ. ਕੁਲਵੰਤ ਸਿੰਘ | ੯੮ |
| ਖ਼ਬਰਨਾਮਾ | | ੯੯ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੧੦੫ |

# ਗੁਰਬਾਣੀ ਵਿਚਾਰ

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥*
*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥*
*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਦੀ ਇਸ ਅਰੰਭਕ ਪਉੜੀ ਵਿਚ ਮਨੁੱਖ-ਮਾਤਰ ਨੂੰ ਪਰਮਾਤਮਾ ਦੇ ਨਾਮ ਬਿਨਾਂ ਮਨੁੱਖਾ ਸਰੀਰ ਦੇ ਵਿਅਰਥ ਜਾਣ ਦੀ ਵਾਸਤਵਿਕਤਾ ਸਮਝਾਉਂਦਿਆਂ, ਮਨੁੱਖਾ ਜਨਮ ਦੀ ਦੁਰਲੱਭਤਾ ਤੇ ਉੱਚੀ ਕੀਮਤ ਦਾ ਅਹਿਸਾਸ ਕਰਾਉਂਦੇ ਹਨ। ਗੁਰੂ ਪਾਤਸ਼ਾਹ ਜੀ ਇਸ ਵਿਚ ਅਧਿਆਤਮ ਮਾਰਗ 'ਤੇ ਤੁਰਨਾ ਅਤਿ ਜ਼ਰੂਰੀ ਦੱਸਦੇ ਹੋਏ ਇਸ ਦਿਸ਼ਾ ਵਿਚ ਤੁਰਨ ਹਿੱਤ ਉਸ ਨੂੰ ਪਰਮਾਤਮਾ ਦੀ ਕਿਰਪਾ ਦੀ ਜਾਚਨਾ ਕਰਨ ਅਤੇ ਉਸ ਦੇ ਸੱਚੇ ਸਦੀਵੀ ਕੰਮ ਆਉਣ ਵਾਲੇ ਨਾਮ ਨੂੰ ਮਨ-ਚਿਤ-ਆਤਮਾ ਵਿਚ ਵਸਾਉਣ ਦਾ ਗੁਰਮਤਿ ਗਾਡੀ ਮਾਰਗ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਅਕਾਲ ਪੁਰਖ ਪਰਮਾਤਮਾ ਨੂੰ ਸੰਬੋਧਨ ਕਰਦਿਆਂ ਫੁਰਮਾਨ ਕਰਦੇ ਹਨ ਕਿ, ਹੇ ਪ੍ਰਭੂ! ਆਪਣੇ ਕਰਮਾਂ ਦੀ ਕਮਾਈ ਕਰਕੇ ਤੇਰੇ ਤੋਂ ਵਿਛੜੇ ਹੋਏ ਹਾਂ। ਆਪਣੀ ਕਿਰਪਾ ਕਰਦਿਆਂ ਹੇ ਪ੍ਰਭੂ, ਆਪ ਨੇ ਸਾਨੂੰ ਆਪਣੇ ਨਾਲ ਮਿਲਾ ਲੈਣਾ। ਭਾਵ ਸਾਡਾ ਆਪ ਨੂੰ ਵਿਸਾਰੀ ਰੱਖਣਾ ਖ਼ਤਮ ਹੋ ਜਾਵੇ। ਅਸੀਂ ਆਪਣੇ ਆਲੇ-ਦੁਆਲੇ ਦੀਆਂ ਚਾਰੋਂ ਹੀ ਨੁੱਕਰਾਂ ਅਤੇ ਦਸਾਂ ਹੀ ਦਿਸ਼ਾਵਾਂ ਵਿਚ ਜਗਤ ਦੀ ਮਾਇਆ ਦੇ ਅਸਰ ਥੱਲੇ ਭੌਂਦੇ ਫਿਰਦੇ ਰਹੇ ਹਾਂ, ਹੁਣ ਹਾਰ-ਹੁੱਟ ਕੇ ਤੁਹਾਡਾ ਆਸਰਾ ਤੱਕਿਆ ਹੈ।

ਪਰਮਾਤਮਾ ਦੇ ਸਦੀਵੀ ਸੱਚੇ ਨਾਮ ਤੋਂ ਬਗੈਰ ਅਰਥਹੀਣ ਅਤੇ ਦੁਖਦਾਇਕ

ਮਾਨਸਿਕ ਆਤਮਿਕ ਹਾਲਤ ਨੂੰ ਦੋ ਦ੍ਰਿਸ਼ਟਾਂਤਾਂ ਰਾਹੀਂ ਦਰਸਾਉਂਦੇ ਹੋਏ ਗੁਰੂ ਪਾਤਸ਼ਾਹ ਕਥਨ ਕਰਦੇ ਹਨ ਕਿ ਗਊ ਜੋ ਦੁੱਧ ਨਹੀਂ ਦਿੰਦੀ, ਕਿਸੇ ਕੰਮ ਨਹੀਂ ਆਉਂਦੀ। ਦੂਸਰਾ ਦ੍ਰਿਸ਼ਟਾਂਤ ਦਿੰਦਿਆਂ ਗੁਰੂ ਜੀ ਕਥਨ ਕਰਦੇ ਹਨ ਕਿ ਪਾਣੀ ਬਿਨਾਂ ਖੇਤੀ ਮੁਰਝਾਅ ਜਾਂਦੀ ਹੈ ਅਤੇ ਉਸ ਤੋਂ ਪੂਰੀ ਆਮਦਨ ਨਹੀਂ ਹੋ ਸਕਦੀ ਭਾਵ ਪਾਣੀ ਖੇਤੀ ਦੇ ਵਿਕਾਸ-ਵਿਗਾਸ ਵਾਸਤੇ ਅਤਿ ਜ਼ਰੂਰੀ ਤੱਤ ਹੈ। ਦੋਨਾਂ ਦ੍ਰਿਸ਼ਟਾਂਤਾਂ ਦੀ ਸੰਰਚਨਾਤਮਕ ਯੋਜਨਾਬੰਦੀ ਦੁਆਰਾ ਸਹਿਜੇ ਹੀ ਸਿੱਟਾ ਕੱਢਦੇ ਹੋਏ ਗੁਰੂ ਜੀ ਦ੍ਰਿੜ੍ਹ ਕਰਾਉਂਦੇ ਹਨ ਕਿ ਇਨਸਾਨ ਦਾ ਸੱਜਣ ਕੇਵਲ ਤੇ ਕੇਵਲ ਉਹ ਪਰਮਾਤਮਾ ਹੈ। ਉਸ ਬਗ਼ੈਰ ਸੁਖ-ਸ਼ਾਂਤੀ ਕਿਵੇਂ ਮਿਲੇਗੀ? ਭਾਵ ਕਦਾਚਿਤ ਵੀ ਨਹੀਂ ਮਿਲੇਗੀ। 'ਪ੍ਰਭੂ ਦੇ ਨਾਮ ਵਿਚ ਹੀ ਸੱਚਾ ਸੁਖ ਮਿਲ ਸਕਦਾ ਹੈ' ਇਹ ਭਾਵ ਦ੍ਰਿੜ੍ਹ ਕਰਾਉਣ ਵਾਸਤੇ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹੜੇ ਘਰ ਅਰਥਾਤ ਹਿਰਦੇ ਅੰਦਰ ਪਰਮਾਤਮਾ-ਰੂਪੀ ਪਿਆਰਾ ਪਤੀ ਨਹੀਂ ਪ੍ਰਗਟ ਹੁੰਦਾ ਮਤਲਬ ਕਿ ਜਿਹੜਾ ਹਿਰਦਾ ਉਹਨੂੰ ਯਾਦ ਨਹੀਂ ਰੱਖਦਾ ਜਾਂ ਹੱਦੋਂ ਵੱਧ ਦਿੱਸਦੇ ਸੰਸਾਰ ਦੀ ਮੋਹ-ਮਾਇਆ ਵਿਚ ਗੁਆਚ ਜਾਂਦਾ ਹੈ ਉਹ ਵੱਡੀ ਭੱਠੀ ਸਮਾਨ ਤਪਦੇ ਸ਼ਹਿਰ ਜਾਂ ਪਿੰਡ ਜਿਹਾ ਹੈ। ਜੀਵ-ਇਸਤਰੀ ਦਾ ਸਰੀਰਿਕ ਸ਼ਿੰਗਾਰ ਉਸ ਦੇ ਸਰੀਰ ਸਮੇਤ ਝੂਠਾ ਜਾਂ ਖ਼ਤਮ ਹੋ ਜਾਣ ਵਾਲਾ ਹੈ। ਮਾਲਕ ਪਰਮਾਤਮਾ ਬਿਨਾਂ ਬਾਹਰੀ ਰੂਪ ਵਿਚ ਮਿੱਤਰ ਜਾਂ ਹਿਤੈਸ਼ੀ ਦਿੱਸਦੇ ਲੋਕ ਜਮਾਂ/ਜਮਦੂਤਾਂ ਸਮਾਨ ਹਨ। ਗੁਰੂ ਜੀ ਮਨੁੱਖ-ਮਾਤਰ ਨੂੰ ਅਧਿਆਤਮ ਮਾਰਗ 'ਤੇ ਪਾਉਣ ਹਿੱਤ ਪ੍ਰਭੂ ਮਾਲਕ ਅੱਗੇ ਅਰਦਾਸ-ਜਾਚਨਾ ਕਰਦੇ ਹਨ ਕਿ, ਹੇ ਮਾਲਕ ਜੀਓ! ਆਪਣੀ ਮਿਹਰ ਕਰ ਕੇ ਮੈਨੂੰ ਆਪਣਾ ਨਾਮ ਬਖ਼ਸ਼ ਦਿਓ! ਮੈਨੂੰ ਆਪਣੇ ਨਾਲ ਆਪਣੇ ਨਾਮ ਦੁਆਰਾ ਮਿਲਾ ਲੈਣਾ ਜੀ! ਕੇਵਲ ਤੇ ਕੇਵਲ ਇਸ ਸ੍ਰਿਸ਼ਟੀ ਉੱਪਰ ਆਪ ਜੀ ਦਾ ਨਾਮ ਹੀ ਸਦਾ ਅਟੱਲ ਰਹਿਣ ਵਾਲਾ ਹੈ ਭਾਵ ਇਸ ਸੰਸਾਰ ਉੱਪਰ ਹੋਰ ਜੋ ਕੁਝ ਵੀ ਦ੍ਰਿਸ਼ਟਮਾਨ ਹੈ ਸਭ ਬਦਲ ਜਾਣ ਵਾਲਾ ਹੈ।

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*
*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*
*ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥*
*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥*
*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥*
*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥*
*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥*
*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥*
*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਦੀ ਇਸ ਪਾਵਨ ਪਉੜੀ ਦੁਆਰਾ ਚੇਤ ਮਹੀਨੇ ਨਾਲ ਸੰਬੰਧਿਤ ਵਾਤਾਵਰਨ ਅਤੇ ਮੌਸਮ ਦੇ ਰੂ-ਬ-ਰੂ ਜੀਵ-ਇਸਤਰੀ ਨੂੰ ਮਾਲਕ ਪਰਮਾਤਮਾ ਨੂੰ ਯਾਦ ਕਰਦਿਆਂ ਉਸ ਵਿਚ ਸੁਖ-ਅਨੰਦ ਮਾਣਦਿਆਂ, ਬਨਸਪਤੀ ਅਤੇ ਕੁਦਰਤ 'ਚ ਵੱਸਦੇ ਕਾਦਰ ਨੂੰ ਮਹਿਸੂਸ ਕਰਦਿਆਂ ਅਧਿਆਤਮਿਕ ਖੇਤਰ ਵਿਚ ਵਿਗਾਸ ਹਿੱਤ ਸਦਾ ਯਤਨਸ਼ੀਲ ਰਹਿਣ ਲਈ, ਸੱਚੇ ਗੁਰੂ ਦੀ ਅਗਵਾਈ ਹਾਸਲ ਕਰਨ ਦੀ ਗੁਰਮਤਿ-ਜੁਗਤ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਨੁੱਖਾ ਜੀਵਨ ਰੂਪੀ ਚੇਤ ਮਹੀਨੇ ਵਿਚ ਜੇਕਰ ਉਸ ਸੱਚੇ ਮਾਲਕ ਨੂੰ ਯਾਦ ਕਰੀਏ ਤਾਂ ਡੂੰਘਾ ਅਨੰਦ ਮਿਲਦਾ ਹੈ। ਸੰਤ ਭਾਵ ਰੱਬ ਨਾਲ ਮਿਲੇ ਹੋਏ ਲੋਕਾਂ ਨਾਲ ਮਿਲ-ਬੈਠ ਕੇ, ਜੀਭਾ ਨਾਲ ਉਸ ਮਾਲਕ ਦਾ ਨਾਮ ਜਪਣਾ ਸਹਿਜੇ ਹੀ ਸੰਭਵ ਹੋ ਜਾਂਦਾ ਹੈ। ਇੱਥੇ ਗੁਰੂ ਜੀ ਦਾ ਅੰਤਰੀਵ ਭਾਵ ਹੈ ਕਿ ਜਗਤ ਤੋਂ ਕਿਨਾਰਾ ਕਰਨਾ ਕਿਸੇ ਤਰ੍ਹਾਂ ਵੀ ਪ੍ਰਭੂ-ਭਗਤੀ ਦੇ ਵਾਸਤੇ ਲੋੜੀਂਦਾ ਅਤੇ ਯੋਗ ਨਹੀਂ ਸਿਰਫ਼ ਚੰਗੀ ਸੰਗਤ ਲੱਭਣ ਦੀ ਲੋੜ ਹੈ। ਚੰਗੀ ਸੰਗਤ ਵਿਚ ਹੋਣ ਵਾਲੀ ਪਰਸਪਰ ਵਿਚਾਰ ਮਨੁੱਖ ਨੂੰ ਭਟਕਣ ਤੋਂ ਬਚਾਉਂਦੀ ਹੋਈ ਰੂਹਾਨੀ ਮੰਜ਼ਲ ਵੱਲ ਤੋਰ ਦਿੰਦੀ ਹੈ।

ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਮਾਲਕ (ਪਰਮਾਤਮਾ) ਨੂੰ ਪਾ ਲਿਆ ਹੈ ਉਸੇ ਨੂੰ ਹੀ ਇਸ ਸੰਸਾਰ ਉੱਪਰ ਆਇਆ ਗਿਣੀਏ। ਕਹਿਣ ਤੋਂ ਭਾਵ, ਮਾਲਕ ਨੂੰ ਰੀਝਾਉਣ ਬਿਨਾਂ ਮਨੁੱਖੀ ਸਰੀਰ ਨੂੰ ਪਾਉਣ ਦਾ ਕੋਈ ਅਰਥ ਹੀ ਨਹੀਂ। ਜਿਹੜਾ ਮਾਲਕ ਨੂੰ ਪਛਾਣ ਲੈਂਦਾ ਹੈ ਉਹ ਤਾਂ ਉਸ ਦੀ ਯਾਦ ਬਿਨਾਂ, ਉਸ ਨੂੰ ਚਿਤਵਣ ਬਿਨਾਂ ਨਹੀਂ ਰਹਿੰਦਾ। ਉਹ ਮਾਲਕ ਦਾ ਪਸਾਰਾ ਸਾਰੇ ਪਾਸੇ ਜਲ-ਥਲ ਅਤੇ ਬਨਸਪਤੀ ਵਿਚ ਵੇਖਦਾ-ਮਹਿਸੂਸਦਾ ਹੈ। ਦੂਜੇ ਬੰਨੇ ਜਿਸ ਨੂੰ ਉਹ ਮਾਲਕ ਯਾਦ ਨਹੀਂ ਆਉਂਦਾ ਉਹਦਾ ਦੁੱਖ ਬਹੁਤ ਹੀ ਵੱਡਾ ਹੈ। ਜਿਨ੍ਹਾਂ ਮਨੁੱਖਾਂ ਨੇ ਉਸ ਨੂੰ ਸਿਮਰਿਆ ਹੈ ਉਨ੍ਹਾਂ ਦੇ ਭਾਗ ਵੱਡੇ ਹਨ। ਇਨ੍ਹਾਂ ਦੋਨਾਂ ਪ੍ਰਕਾਰਾਂ ਦੇ ਮਨੁੱਖਾਂ (ਪ੍ਰਭੂ ਨੂੰ ਮਿਲਿਆਂ ਅਤੇ ਪ੍ਰਭੂ ਤੋਂ ਵਿੱਛੜਿਆਂ ਹੋਇਆਂ) ਨੂੰ ਵੇਖ-ਜਾਚ ਕੇ ਮਨ ਵਿਚ ਪਰਮਾਤਮਾ ਮਾਲਕ ਨੂੰ ਮਿਲ ਪੈਣ ਦੀ ਇੱਛਾ ਉਪਜੀ ਹੈ, ਮਨ ਵਿਚ ਇਕ ਤ੍ਰੇਹ ਲੱਗ ਗਈ ਹੈ। ਮਨੁੱਖਾ ਜੀਵਨ ਰੂਪੀ ਚੇਤ ਮਹੀਨੇ ਵਿਚ ਜੇਕਰ ਕੋਈ ਉਸ ਮਾਲਕ ਨਾਲ ਮਿਲਾ ਦੇਣ ਦੀ ਆਸ ਬੰਨ੍ਹਾਏ ਤਾਂ ਉਸ ਦੇ ਚਰਨੀਂ ਲੱਗਣਾ ਚਾਹੀਦਾ ਹੈ। ■

ਸੰਪਾਦਕੀ...

# ਸਿੱਖ ਸੂਰਮਗਤੀ ਦਾ ਪ੍ਰਤੀਕ : ਹੋਲਾ ਮਹੱਲਾ

ਹੋਲੀ ਦੇ ਤਿਉਹਾਰ ਨੂੰ ਪੂਰੇ ਹਿੰਦੁਸਤਾਨ ਵਿਚ ਪੁਰਾਤਨ ਸਮੇਂ ਤੋਂ ਮਨਾਇਆ ਜਾਂਦਾ ਹੈ। ਅਸਲ ਵਿਚ ਇਸ ਦਾ ਸੰਬੰਧ ਫੱਗਣ ਮਹੀਨੇ ਦੀ ਸੁਹਾਵਣੀ ਰੁੱਤ ਨਾਲ ਹੈ। ਇਸ ਰੁੱਤ ਵਿਚ ਅਸੀਂ ਸਿਆਲ ਦੀ ਅਤਿ ਦੀ ਠੰਡ ਤੋਂ ਬਾਅਦ ਸੁਖ-ਆਰਾਮ ਦਾ ਅਨੁਭਵ ਕਰਦੇ ਹਾਂ। ਹੋਲੀ ਦੇ ਨਾਲ ਪਰਮਾਤਮਾ ਦੇ ਸੱਚੇ ਭਗਤ ਪ੍ਰਹਿਲਾਦ ਅਤੇ ਉਸ ਦੇ ਕ੍ਰੋਧੀ ਅਤੇ ਸਖ਼ਤ ਸੁਭਾਅ ਵਾਲੇ ਪਿਤਾ, ਜਿਸ ਨੇ ਉਸ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਸੀ, ਦਾ ਲੋਕਯਾਨਿਕ ਪ੍ਰਸੰਗ ਵੀ ਜੁੜਿਆ ਹੋਇਆ ਹੈ। ਬੁਰਾਈ ਦੀ ਓੜਕ ਹਮੇਸ਼ਾਂ ਹਾਰ ਹੁੰਦੀ ਹੈ ਅਤੇ ਉਸ ਦੀ ਬੇੜੀ ਹਮੇਸ਼ਾਂ ਭਰ ਕੇ ਡੁੱਬਦੀ ਹੈ ਇਸ ਦਾ ਸਪੱਸ਼ਟ ਸਬੂਤ ਹੋਲੀ ਨਾਲ ਜੁੜੇ ਹਰਨਾਖਸ਼ ਅਤੇ ਉਸ ਦੀ ਭੈਣ ਹੋਲਿਕਾ ਦੀ, ਪਰਮਾਤਮਾ ਦੀ ਮਰਜ਼ੀ ਨਾਲ ਹੋਈ ਮੌਤ ਨੂੰ ਯਾਦ ਕਰਦਿਆਂ ਹੋਇਆਂ ਮਿਲਦਾ ਹੈ। ਭਾਈ ਗੁਰਦਾਸ ਜੀ ਨੇ ਪ੍ਰਭੂ ਮਾਲਕ ਦੁਆਰਾ ਭਗਤ ਪ੍ਰਹਿਲਾਦ ਦੀ ਰੱਖਿਆ ਦਾ ਸੰਖੇਪ ਰੂਪ 'ਚ ਬਿਰਤਾਂਤ ਅੰਕਿਤ ਆਪਣੀ ਵਾਰ ਵਿਚ ਕੀਤਾ ਹੈ:

ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।
ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ।
ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।
ਭਗਤਿ ਕਰਨਿ ਸਭ ਚਾਟੜੈ ਪਾਂਧੇ ਹੋਇ ਰਹੇ ਵਿਸਮਾਦੁ।
ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।
ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।
ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।
ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।
ਜੈ ਜੈਕਾਰ ਕਰਨਿ ਬ੍ਰਹਮਾਦਿ॥੨॥ (ਵਾਰ ੧੦:੦੨)

ਹੋਲਿਕਾ ਦੀ ਮਾੜੀ ਨੀਅਤ ਦੀ ਹੋਈ ਹਾਰ ਦਾ ਲੋਕਾਂ ਦੁਆਰਾ ਨੱਚ ਕੇ ਅਤੇ ਉਸ ਦੀ ਸੁਆਹ ਆਦਿ ਉਡਾ ਕੇ ਜਸ਼ਨ ਮਨਾਇਆ ਗਿਆ ਜੋ ਹੋਲੀ ਕਹਿਲਾਉਂਦਾ ਹੈ। ਸਮੇਂ ਦੇ ਬੀਤਣ ਨਾਲ ਇਸ ਤਿਉਹਾਰ ਸਮੇਂ ਇਕ ਦੂਜੇ 'ਤੇ ਰੰਗ ਪਾਉਣ ਆਦਿ ਨੂੰ ਸ਼ਾਮਲ ਕੀਤਾ ਤਾਂ ਹੋਲੀ ਦਾ ਤਿਉਹਾਰ ਰੰਗਾਂ ਦੇ ਤਿਉਹਾਰ ਦੇ ਰੂਪ ਵਿਚ ਵਿਕਸਿਤ ਹੋ ਗਿਆ। ਪਰ ਮਨੁੱਖੀ ਅਕਲ ਵਿਚ ਗ਼ਲਤ ਦਿਸ਼ਾ ਵਿਚ ਜਾਣ ਦਾ ਜੋ ਰੁਝਾਨ ਹੈ ਉਸ ਨੇ ਰੰਗਾਂ ਨੂੰ ਇਕ-ਦੂਜੇ 'ਤੇ ਪਾ ਕੇ, ਇਕ-ਦੂਜੇ ਨਾਲ ਖੁਸ਼ੀਆਂ

*ਵੰਡਣ ਦੀ ਜਗ੍ਹਾ ਕਈ ਤਰ੍ਹਾਂ ਦੀਆਂ ਗ਼ਲਤ ਸ਼ਰਾਰਤਾਂ ਨੂੰ ਇਸ ਵਿਚ ਸ਼ਾਮਲ ਕਰ ਦਿੱਤਾ ਜਿਸ ਕਾਰਨ ਅਤਿਅੰਤ ਹਾਨੀਕਾਰਕ ਰਸਾਇਣਕ ਰੰਗਾਂ ਦਾ ਪ੍ਰਯੋਗ ਹੋਣ ਲੱਗ ਪਿਆ। ਮਿੱਟੀ ਉਡਾਉਣਾ, ਚਿੱਕੜ ਸੁੱਟਣਾ, ਟੋਲੀਆਂ ਬਣਾ ਕੇ ਬਜ਼ਾਰਾਂ ਵਿਚ ਖੜ੍ਹੇ ਹੋ ਕੇ ਰਾਹੀਆਂ ਨੂੰ ਤੰਗ ਕਰਨਾ ਹੋਲੀ ਦਾ ਇਕ ਜ਼ਰੂਰੀ ਅੰਗ ਹੀ ਮੰਨ ਲਿਆ ਗਿਆ।*

*ਜਦੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ-ਕਾਲ ਦੌਰਾਨ ਲੋਕਾਂ ਨੂੰ ਅਜਿਹੇ ਕੋਝੇ ਢੰਗ ਨਾਲ ਹੋਲੀ ਮਨਾਉਂਦਿਆਂ ਦੇਖਿਆ ਸੁਣਿਆ ਤਾਂ ਆਪਣੇ ਪਿਆਰੇ ਸਿੱਖ ਪੰਥ/ਖਾਲਸਾ ਪੰਥ ਨੂੰ ਹੋਲੇ-ਮਹੱਲੇ ਦੇ ਰੂਪ ਵਿਚ ਖਾਲਸ ਖਾਲਸਈ ਤਿਉਹਾਰ ਬਖਸ਼ਿਸ਼ ਕੀਤਾ ਜੋ ਜਿੱਥੇ ਉਸ ਯੁੱਗ ਵਿਚ ਹੋਲੀ ਦੀਆਂ ਕੁਰੀਤੀਆਂ ਤੋਂ ਪੂਰੀ ਤਰ੍ਹਾਂ ਰਹਿਤ ਅਤੇ ਨਿਰਮਲ ਹੈ, ਉੱਥੇ ਇਸ ਨੂੰ ਮਨਾਉਣ ਲਈ ਪ੍ਰਚਲਿਤ ਕੀਤਾ ਗਿਆ ਢੰਗ ਵੀ ਖਾਲਸਾ ਪੰਥ ਵਿਚ ਬਾਹਰੀ ਅਤੇ ਅੰਤਰੀਵੀ ਦੋਨਾਂ ਰੂਪਾਂ ਵਿਚ ਬੀਰ-ਰਸ ਸੰਚਾਰ ਕਰਨ ਵਾਲੀ ਗੁਰਮਤਿ ਭਾਵਨਾ ਦੇ ਅਨੁਕੂਲ ਵੀ ਹੈ।*

*ਹੋਲਾ ਮਹੱਲਾ ਗੁਰੂ ਜੀ ਦੀ ਆਪਣੀ ਦੇਖ-ਰੇਖ ਅਤੇ ਅਗਵਾਈ ਹੇਠ ਖਾਲਸਾ ਪੰਥ ਦੀ ਜਨਮ-ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉੱਤੇ ਸੰਮਤ ੧੭੫੭ ਬਿਕ੍ਰਮੀ ਅਥਵਾ ਸੰਮਤ ਨਾਨਕਸ਼ਾਹੀ ੨੩੧ ਮੁਤਾਬਿਕ ਸੰਨ ੧੭੦੦ ਬਿਕ੍ਰਮੀ ਵਿਚ ਮਨਾਇਆ ਜਾਣਾ ਅਰੰਭ ਹੋਇਆ। ਆਪਣੀਆਂ ਖਾਲਸਈ ਫੌਜਾਂ ਨੂੰ ਚੁਸਤ-ਦਰੁਸਤ ਤੇ ਸਦ-ਕਿਰਿਆਸ਼ੀਲ ਰੱਖਣ, ਉਨ੍ਹਾਂ ਨੂੰ ਹਰੇਕ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ-ਬਰ-ਤਿਆਰ ਰਹਿਣ ਲਈ ਅਤੇ ਹੋਰ ਵੀ ਦ੍ਰਿੜ੍ਹ ਕਰਨ ਦੇ ਉਦੇਸ਼ ਦੀ ਪੂਰਤੀ ਕਰਨ ਹਿੱਤ ਗੁਰੂ ਜੀ ਨੇ ਸਿੰਘਾਂ ਨੂੰ ਦੋ ਦਲਾਂ ਵਿਚ ਵੰਡ ਕੇ ਮਸਨੂਈ ਜੰਗ ਕਰਵਾਈ। ਇਕ ਦਲ ਨੂੰ ਕਿਲ੍ਹਾ ਹੋਲਗੜ੍ਹ ਦੇ ਰੱਖਿਅਕਾਂ ਦੇ ਰੂਪ ਵਿਚ ਤੈਨਾਤ ਕਰ ਦਿੱਤਾ ਅਤੇ ਦੂਸਰੇ ਦਲ ਨੂੰ ਕਿਲ੍ਹੇ ਉੱਤੇ ਹੱਲਾ ਬੋਲਣ ਦਾ ਹੁਕਮ ਦਿੱਤਾ। ਦੋਨਾਂ ਦਲਾਂ ਦੇ ਸਿੰਘ ਜੋਧਿਆਂ ਦੀ ਅਲੱਗ-ਅਲੱਗ ਪਛਾਣ ਲਈ ਦੋਨਾਂ ਨੂੰ ਵੱਖਰੇ-ਵੱਖਰੇ ਰੰਗ ਦੀਆਂ ਪੋਸ਼ਾਕਾਂ ਪਹਿਨਾਈਆਂ ਗਈਆਂ। ਇਤਿਹਾਸ ਵਿਚ ਵਰਣਨ ਮਿਲਦਾ ਹੈ ਕਿ ਹੱਲਾ ਬੋਲਣ ਵਾਲੇ ਦਲ ਨੇ ਜਿੱਤ ਪ੍ਰਾਪਤ ਕੀਤੀ ਜਿਸ ਨੂੰ ਗੁਰੂ ਜੀ ਨੇ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ। ਦੋਨਾਂ ਦਲਾਂ ਦੇ ਸਿੰਘਾਂ ਨੂੰ ਰੱਜਵਾਂ ਕੜਾਹ-ਪ੍ਰਸ਼ਾਦ ਛਕਾਇਆ ਗਿਆ।*

*ਹੋਲੇ ਮਹੱਲੇ ਦੀ ਇਹ ਰੀਤ ਪੂਰੇ ਵਿਸ਼ਵ ਦੇ ਧਰਮਾਂ ਦੇ ਇਤਿਹਾਸ ਵਿੱਚੋਂ ਵਿਲੱਖਣ ਹੈ। ਦਸਮ ਪਾਤਸ਼ਾਹ ਵੱਲੋਂ ਸਦੀਆਂ ਪੁਰਾਣੀ ਹੋਲੀ ਦੀ ਰੀਤ ਨਾਲੋਂ ਵੱਖਰੇ ਅੰਦਾਜ਼ ਵਿਚ ਇਸ ਦੀ ਸ਼ੁਰੂਆਤ ਕਰਨੀ ਆਪਣੇ ਆਪ ਵਿਚ ਲਾ-ਮਿਸਾਲ ਹੈ। ਹੋਲਾ ਮਹੱਲਾ ਮਨੁੱਖ ਨੂੰ ਆਪਣੇ ਬਾਹਰੀ ਤਲ ਤੋਂ ਆਪਣੇ ਅੰਦਰੂਨੀ ਤਲ 'ਤੇ*

*ਲਿਜਾਣ ਦਾ ਜ਼ਰੀਆ ਹੈ। ਇਹ ਭਗਤੀ ਤੇ ਸ਼ਕਤੀ ਦੇ ਸੁਮੇਲ ਦੀ ਇਕ ਪ੍ਰਤੱਖ ਉਦਾਹਰਨ ਹੈ ਜੋ ਮਨੁੱਖ ਨੂੰ ਸਰੀਰਿਕ ਤੇ ਮਾਨਸਿਕ ਤੌਰ 'ਤੇ ਬਲਵਾਨ ਕਰ ਕੇ ਅਧਿਆਤਮਿਕ ਉੱਚਤਾ 'ਤੇ ਪਹੁੰਚਾਉਂਦੀ ਹੈ। ਅਸਲ ਵਿਚ ਇਸ ਅਧਿਆਤਮਿਕ ਉੱਚਤਾ ਦੀ ਲੋੜ ਵੀ ਉਦੋਂ ਮਹਿਸੂਸ ਹੋਈ ਜਦੋਂ ਵਿਦੇਸ਼ੀ ਹਮਲਾਵਰਾਂ ਨੇ ਹਿੰਦੁਸਤਾਨ ਦੀ ਜਨਤਾ ਨੂੰ ਆਪਣੇ ਜ਼ੋਰ ਨਾਲ ਗ਼ੁਲਾਮ ਬਣਾਇਆ ਤੇ ਉਨ੍ਹਾਂ ਦਾ ਧਰਮ-ਪਰਿਵਰਤਨ ਕਰ ਕੇ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ। ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਸ਼ਮੀਰੀ ਪੰਡਿਤਾਂ ਵੱਲੋਂ ਆਪਣੇ ਧਰਮ ਦੀ ਰਾਖੀ ਲਈ ਫਰਿਆਦ ਲੈ ਕੇ ਜਾਣਾ ਇਸ ਗੱਲ ਦੀ ਗਵਾਹੀ ਹੈ ਕਿ ਧਰਮ ਦੀ ਅਜ਼ਾਦੀ ਖਾਤਰ ਨੌਵੇਂ ਪਾਤਸ਼ਾਹ ਨੇ ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਦੇ ਮਹਾਂਵਾਕ ਅਨੁਸਾਰ ਆਪਣੀ ਲਾਸਾਨੀ ਸ਼ਹਾਦਤ ਦਿੱਤੀ। ਲੰਮਾ ਸਮਾਂ ਵਿਦੇਸ਼ੀ ਹਾਕਮਾਂ ਦੇ ਗ਼ੁਲਾਮ ਰਹਿਣ ਪਿੱਛੋਂ ਜੇ ਕਿਸੇ ਨੇ ਹਿੰਦੁਸਤਾਨੀਆਂ ਨੂੰ ਧਾਰਮਿਕ ਅਜ਼ਾਦੀ ਦਾ ਨਿੱਘ ਦਿਵਾਇਆ ਸੀ ਤਾਂ ਉਹ ਗੁਰੂ ਨਾਨਕ ਸਾਹਿਬ ਵੱਲੋਂ ਵਰੋਸਾਇਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜਿਆ ਖਾਲਸਾ ਪੰਥ ਹੀ ਸੀ, ਪਰੰਤੂ ਵਰਤਮਾਨ ਸਮੇਂ ਹਿੰਦੁਸਤਾਨ ਦੀ ਕੇਂਦਰ ਸਰਕਾਰ ਵੱਲੋਂ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਅਸਥਾਨ 'ਤੇ ੨੦ ਫਰਵਰੀ, ੧੯੨੧ ਈ. ਨੂੰ ਵਾਪਰੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਮਨਾਉਣ ਅਤੇ ਆਪਣੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਜਾ ਰਹੀ ਸਿੱਖ ਸੰਗਤ ਨੂੰ ਐਨ ਮੌਕੇ, ਠੀਕ ਇੱਕ ਦਿਨ ਪਹਿਲਾਂ ਕਰੋਨਾ ਮਹਾਂਮਾਰੀ ਦੇ ਬਹਾਨੇ ਪਾਕਿਸਤਾਨ ਜਾਣ ਤੋਂ ਰੋਕ ਦੇਣਾ ਬੇਹੱਦ ਮੰਦਭਾਗਾ ਅਤੇ ਸਿੱਖਾਂ ਨੂੰ ਉਨ੍ਹਾਂ ਦੀ ਗ਼ੁਲਾਮੀ ਦਾ ਅਹਿਸਾਸ ਕਰਵਾਉਣ ਦਾ ਕੋਝਾ ਯਤਨ ਹੈ। ਹਿੰਦੁਸਤਾਨ ਲਈ ਇਹ ਗੁਰੂ ਸਾਹਿਬਾਨ ਵੱਲੋਂ ਦਿੱਤੀਆਂ ਲਾਸਾਨੀ ਕੁਰਬਾਨੀਆਂ ਨੂੰ ਭੁਲਾ ਕੇ ਅਕ੍ਰਿਤਘਣਤਾ ਦਾ ਸਬੂਤ ਦਿੱਤਾ ਗਿਆ ਹੈ, ਜਦਕਿ ਪਾਕਿਸਤਾਨ ਵੱਲੋਂ ਸਿੱਖ ਯਾਤਰੀਆਂ ਨੂੰ ਵੀਜ਼ੇ ਜਾਰੀ ਕਰ ਕੇ ਉਨ੍ਹਾਂ ਦੇ ਸਵਾਗਤ ਦੇ ਇੰਤਜ਼ਾਮ ਵੀ ਕਰ ਲਏ ਗਏ ਸਨ। ਅਜਿਹੇ ਹਾਲਾਤਾਂ ਵਿਚ ਕੇਂਦਰ ਸਰਕਾਰ ਦੀ ਇਸ ਸਿੱਖ-ਵਿਰੋਧੀ ਸੋਚ ਨੇ ਸਿੱਖਾਂ ਦੀਆਂ ਹਿੰਦੁਸਤਾਨ ਲਈ ਦਿੱਤੀਆਂ ਅਨੇਕਾਂ ਕੁਰਬਾਨੀਆਂ ਨੂੰ ਭੁਲਾ ਕੇ ਇਕ ਵਾਰ ਫਿਰ ਕੌਮ ਨੂੰ ਘੱਟ-ਗਿਣਤੀ ਹੋਣ ਦੇ ਅਹਿਸਾਸ ਨਾਲ ਝੰਜੋੜਿਆ ਹੈ।* ■

# ਹੋਲੀ ਕੀਨੀ ਸੰਤ ਸੇਵ

*-ਡਾ. ਜਗਜੀਤ ਸਿੰਘ**

ਹੋਲੀ ਦਾ ਤਿਉਹਾਰ ਹਿੰਦੂ ਧਰਮ ਦਾ ਪ੍ਰਮੁੱਖ ਤਿਉਹਾਰ ਹੈ ਜੋ ਵਿਸ਼ੇਸ਼ ਤੌਰ ’ਤੇ ਭਾਰਤ ਵਿਚ ਲੱਗਭਗ ੧੦ ਦਿਨ ਮਨਾਇਆ ਜਾਂਦਾ ਹੈ। ‘ਪੁਰਾਣ ਕਥਾ’ ਅਨੁਸਾਰ ਹਿਰਨਯਕਸ਼ਿਪ ਦੀ ਭੈਣ-ਹੋਲਿਕਾ, ਜਿਸ ਨੂੰ ਸ਼ਿਵ ਜੀ ਦਾ ਵਰ ਪ੍ਰਾਪਤ ਸੀ ਕਿ ਉਹ ਕਦੇ ਵੀ ਅੱਗ ਵਿਚ ਨਹੀਂ ਸੜੇਗੀ, ਪ੍ਰਹਿਲਾਦ ਨੂੰ ਗੋਦੀ ਵਿਚ ਲੈ ਕੇ ਅੱਗ ਵਿਚ ਬੈਠ ਗਈ। ਪ੍ਰਹਿਲਾਦ ਤਾਂ ਕਰਤਾਰ ਦੀ ਕਿਰਪਾ ਨਾਲ ਬਚ ਗਿਆ ਪਰ ਢੁੰਡਾ (ਹੋਲਿਕਾ) ਸੜ ਕੇ ਸੁਆਹ ਦੀ ਢੇਰੀ ਹੋ ਗਈ। ਹਿੰਦੂ ਲੋਕ ਹੋਲੀ (ਹੋਲਿਕਾ) ਦੇ ਦਿਨਾਂ ਵਿਚ ਇਸੇ ਢੁੰਡਾ (ਹੋਲਿਕਾ) ਦੀ ਸੁਆਹ ਉਡਾਇਆ ਕਰਦੇ ਸਨ। (*ਮਹਾਨ ਕੋਸ਼*, ਪੰਨਾ ੫੬੬) ਹੌਲੀ-ਹੌਲੀ ਸੁਆਹ ਦੀ ਥਾਂ ਰੰਗਾਂ ਨੇ ਲੈ ਲਈ। ਹੌਲੀ-ਹੌਲੀ ਰੰਗਾਂ ਨਾਲ, ਸੁਆਹ ਅਤੇ ਚਿੱਕੜ ਨਾਲ ਲਥਪੱਥ ਟੋਲੀਆਂ ਦੂਜਿਆਂ ਨੂੰ ਇਸ ਨਾਲ ਰੰਗਣ ਤੇ ਲਬੇੜਨ ਨਾਲ ਬੋਲਦੇ ਸੀ— “ਹੋਲੀ ਹੈ ਬਈ ਹੋਲੀ ਹੈ।” ਇਹ ਪ੍ਰਥਾ ਕਈ ਨਵੇਂ ਰੂਪਾਂ ਵਿਚ ਹਾਲੇ ਵੀ ਜਾਰੀ ਹੈ। ਬ੍ਰਿੰਦਾਬਨ, ਜਿੱਥੋਂ ਦੀ ਸ੍ਰੀ ਕ੍ਰਿਸ਼ਨ ਦੀ ਗੋਪੀਆਂ ਨਾਲ ਰਾਸ-ਲੀਲਾ ਬਹੁਤ ਪ੍ਰਸਿੱਧ ਹੈ, ਇਕ ਵਿਸ਼ੇਸ਼ ਸਥਾਨ ’ਤੇ ਇਸਤਰੀਆਂ ਹੋਲੀ ਖੇਡਦੀਆਂ ਹਨ, ਰੰਗ ਦੀਆਂ ਪਿਚਕਾਰੀਆਂ ਅਤੇ ਹੋਰ ਕਈ ਤਰ੍ਹਾਂ ਦੇ ਛਿੜਕਾਉ ਲੈ ਕੇ ਇਕ ਚੁਰਾਹੇ ’ਤੇ ਆਏ-ਗਏ ਮਰਦਾਂ ਨੂੰ ਘੇਰ ਲੈਂਦੀਆਂ ਹਨ ਅਤੇ ਕੁਝ ਰੁਪਇਆਂ ਦਾ ਸ਼ਗਨ ਦੇ ਕੇ ਉਨ੍ਹਾਂ ਦਾ ਛੁਟਕਾਰਾ ਹੁੰਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਕੁਟਾਪਾ ਚਾੜ੍ਹਿਆ ਜਾਂਦਾ ਹੈ। ਹਰੇਕ ਰਾਹੀ ਨੂੰ ਪੈਸੇ ਦੇ ਕੇ ਜਾਨ ਛੁਡਾਉਣੀ ਪੈਂਦੀ ਹੈ।

ਸਿੱਖ ਗੁਰੂ ਮਹਾਰਾਜ ਨੇ ਸਾਰੇ ਤਿਉਹਾਰਾਂ ਦੀ ਭਾਵਨਾ ਤੇ ਰੂਪ-ਰੇਖਾ ਹੀ ਬਦਲ ਦਿੱਤੀ। ਹਰੇਕ ਮਰਯਾਦਾ, ਰਸਮੋ-ਰਿਵਾਜ ਨੂੰ ਪ੍ਰਭੂ-ਪਿਆਰ, ਨਾਮ-ਸਿਮਰਨ, ਜੀਵ-ਜੰਤੂਆਂ ਅਤੇ ਕਾਇਨਾਤ ਦੇ ਲਾਭ ਹਿੱਤ ਨਵਾਂ ਰੂਪ ਦਿੱਤਾ। ਹੋਲੀ ਦਾ ਤਿਉਹਾਰ ਮੁਢਲੇ ਤੌਰ ’ਤੇ ਰੰਗਾਂ ਦਾ ਤਿਉਹਾਰ ਹੈ। ਗੁਰੂ ਮਹਾਰਾਜ ਨੇ ਰੰਗਾਂ ਨਾਲ ਇਕ-ਦੂਜੇ ਦੇ ਸਰੀਰ ਅਤੇ ਕੱਪੜੇ ਰੰਗਣ ਦੀ ਥਾਂ ਮਹਾਂਪੁਰਸ਼ਾਂ, ਭਗਤ-ਜਨਾਂ ਦੀ ਸੰਗਤ ਕਰਨ ਅਤੇ ਨਾਮ-ਰੰਗ ਵਿਚ ਰੰਗੇ ਜਾਣ ਲਈ ਲੋਕਾਈ ਨੂੰ ਪ੍ਰੇਰਿਤ ਕੀਤਾ। ਪੰਜਵੇਂ ਪਾਤਸ਼ਾਹ ਦਾ ਫੁਰਮਾਨ ਹੈ :

*ਹੋਲੀ ਕੀਨੀ ਸੰਤ ਸੇਵ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੦)*

ਸੰਤ-ਸੇਵਾ ਦਾ ਨਾਮ-ਰੰਗ ਪੱਕਾ ਰੰਗ ਹੈ, ਜੋ ਕਦੇ ਨਹੀਂ ਉਤਰਦਾ। ਗੁਰਬਾਣੀ

**੨੫, ਫੇਜ਼-੭, ਐਸ. ਏ. ਐਸ. ਨਗਰ, (ਮੋਹਾਲੀ)-੧੬੦੦੬੧; ਮੋ: +੯੧੯੭੭੯੮-੧੬੯੦੯*

ਵਿਚ ਅਨੇਕਾਂ ਪ੍ਰਮਾਣ ਹਨ ਜਿਨ੍ਹਾਂ ਵਿਚ ਨਾਮ-ਰੰਗ, ਪ੍ਰਭੂ ਪਿਆਰ ਦੇ ਪੱਕੇ ਰੰਗ ਵਿਚ ਰੰਗੇ ਜਾਣ ਦੀ ਪ੍ਰੇਰਨਾ ਹੈ। ਬਾਹਰੀ ਤੌਰ 'ਤੇ ਰੰਗਾਂ ਨਾਲ ਇਕ-ਦੂਜੇ ਨੂੰ ਰੰਗਣ/ਲਬੇੜਣ ਦੀ ਹੋਲੀ ਖੇਡਣ ਦਾ ਕੋਈ ਲਾਭ ਨਹੀਂ, ਕੋਈ ਪ੍ਰਾਪਤੀ ਨਹੀਂ। ਕੇਵਲ ਨਾਮ ਦਾ ਰੰਗ ਹੀ ਅਸਲ ਤੇ ਪੱਕਾ ਰੰਗ ਹੈ ਜੋ ਪ੍ਰਭੂ ਪਿਆਰ ਵਾਲਾ ਹੈ :

*-ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੨)*

*-ਰਾਮ ਰੰਗੁ ਕਦੇ ਉਤਰਿ ਨ ਜਾਇ ॥*

*ਗੁਰੁ ਪੂਰਾ ਜਿਸੁ ਦੇਇ ਬੁਝਾਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੯੪)*

ਗੁਰੂ ਜੀ ਦਾ ਫੁਰਮਾਨ ਹੈ ਕਿ ਜੇ ਰੰਗਾਂ ਦੀ ਹੋਲੀ ਖੇਡਣੀ ਹੀ ਹੈ, ਤਾਂ ਨਾਮ ਦੇ ਮਜੀਠੀ ਰੰਗ ਦੀ ਹੋਲੀ ਖੇਡੋ ਅਤੇ ਪ੍ਰਭੂ ਰੰਗ ਵਿਚ ਰੰਗੇ ਜਾਵੋ :

*ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥*

*ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)*

ਨਿਰੀਆਂ ਗੱਲਾਂ ਨਾਲ ਜਾਂ ਬਾਹਰਲੀਆਂ ਖੇਡਾਂ ਨਾਲ ਪ੍ਰਭੂ-ਰੰਗ ਨਹੀਂ ਚੜ੍ਹਦਾ, ਬਲਕਿ ਗੁਰੂ ਨਾਲ ਜੁੜਨ 'ਤੇ ਨਾਮ-ਰੰਗ ਚੜ੍ਹਦਾ ਹੈ :

*-ਹਰਿ ਰੰਗ ਕਉ ਲੋਚੈ ਸਭੁ ਕੋਈ ॥*

*ਗੁਰਮੁਖਿ ਰੰਗੁ ਚਲੂਲਾ ਹੋਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੨)*

*-ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੨)*

ਗੁਰੂ ਦੀ ਸ਼ਰਨ ਵਿਚ ਆਇਆਂ, ਗੁਰਮਤਿ ਧਾਰਨ ਕਰਨ ਨਾਲ ਜੀਵ ਨਾਮ ਦੇ ਮਜੀਠੀ ਰੰਗ ਵਿਚ ਰੰਗਿਆ ਜਾਂਦਾ ਹੈ :

*ਗੁਰਮਤੀ ਮਨੁ ਇਕਤੁ ਘਰਿ ਆਇਆ*

*ਸਚੈ ਰੰਗਿ ਰੰਗਾਵਣਿਆ ॥ ੧ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧)*

ਗੁਰਮਤਿ ਅਨੁਸਾਰ ਹਰਿ-ਨਾਮ ਹੀ ਅਸਲ ਪੱਕਾ ਮਜੀਠੀ ਰੰਗ ਹੈ, ਪ੍ਰਭੂ-ਕਿਰਪਾ ਨਾਲ ਇਸ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾਮ ਦੇ ਰੰਗ ਵਿਚ ਰੰਗਿਆ ਜੀਵਨ ਹੀ ਸਫਲ ਜੀਵਨ ਹੈ :

*ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ ॥*

*ਗੁਰਿ ਤੁਠੈ ਹਰਿ ਰੰਗੁ ਚਾੜਿਆ*

*ਫਿਰਿ ਬਹੁੜਿ ਨ ਹੋਵੀ ਭੰਙੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੧)*

ਗੁਰੂ ਸਾਹਿਬਾਨ ਨੇ ਹੋਲੀ ਦੇ ਕੱਚੇ ਰੰਗਾਂ ਦੀ ਥਾਂ ਪਿਆਰ, ਨਾਮ-ਸਿਮਰਨ ਦੇ ਪੱਕੇ ਮਜੀਠੀ ਰੰਗ ਵਿਚ ਮਨ ਨੂੰ ਰੰਗਣ ਦੀ ਪ੍ਰੇਰਨਾ ਕੀਤੀ ਅਤੇ ਅਮਲੀ ਤੌਰ 'ਤੇ ਗੁਰਸਿੱਖਾਂ ਦੇ ਜੀਵਨ ਵਿਚ ਘਟਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ

ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲੀ ਦੀ ਬਾਹਰੀ ਰੂਪ-ਰੇਖਾ ਨੂੰ ਬੀਰ-ਰਸ ਰੂਪ ਦੇ ਕੇ ਇਸ ਨੂੰ 'ਹੋਲਾ ਮਹੱਲਾ' ਦਾ ਨਾਮ ਦਿੱਤਾ ਜੋ ਕਿ ਮੀਰੀ-ਪੀਰੀ, ਸੰਤ-ਸਿਪਾਹੀ, ਦੇਗ-ਤੇਗ ਦੀ ਪਰੰਪਰਾ ਅਨੁਸਾਰ ਹੀ ਇਕ ਅਲੌਕਿਕ ਨਵੀਂ ਬੀਰ-ਰਸੀ ਖੇਡ ਸੀ। 'ਹੋਲਾ' ਅਰਥਾਤ— ਹਮਲਾ ਅਤੇ 'ਮਹੱਲਾ' ਅਰਥਾਤ— ਹਮਲੇ ਦੀ ਥਾਂ। ਗੁਰੂ ਜੀ ਨੇ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਹੋਲੇ ਮਹੱਲੇ ਦੀ ਰੀਤ ਚਲਾਈ। ਗੁਰੂ ਜੀ ਨੇ ਸ਼ਸਤਰਧਾਰੀ ਸਿੰਘਾਂ ਦੇ ਦੋ ਜਥੇ/ਦਲ ਬਣਾ ਦਿੱਤੇ ਅਤੇ ਇਨ੍ਹਾਂ ਦਾ ਇਕ-ਇਕ ਪ੍ਰਧਾਨ/ਜਥੇਦਾਰ ਨਿਯੁਕਤ ਕੀਤਾ। ਇਕ ਟਿਕਾਣੇ ਤੋਂ ਜਥੇਦਾਰ ਨੇ ਆਪਣੀ ਫੌਜ (ਸ਼ਸਤਰਧਾਰੀ ਸਿੰਘ) ਲੈ ਕੇ ਦੂਜੇ ਅਸਥਾਨ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ ਹੁੰਦਾ ਸੀ। ਦੂਜੇ ਦਲ ਨੇ ਆਪਣੇ ਬਚਾਅ ਲਈ ਹਮਲਾਵਰ ਜਥੇ ਨੂੰ ਰੋਕਣਾ ਅਤੇ ਭਜਾਉਣਾ ਹੁੰਦਾ ਸੀ। ਕਲਗੀਧਰ ਪਾਤਸ਼ਾਹ ਆਪ ਇਸ ਮਸਨੂਈ ਜੰਗ ਦੇ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਉੱਤਮ ਜੰਗੀ ਵਿੱਦਿਆ ਦਿੰਦੇ। ਜਿਹੜਾ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾਉ ਬਖਸ਼ਿਸ਼ ਕਰਦੇ ਅਤੇ ਦੂਜੇ ਦਲ ਦੀ ਵੀ ਹੌਂਸਲਾ-ਅਫ਼ਜ਼ਾਈ ਕਰਦੇ। ਕਿਲ੍ਹਾ ਹੋਲਗੜ੍ਹ ਸ੍ਰੀ ਅਨੰਦਪੁਰ ਸਾਹਿਬ ਉਹ ਅਸਥਾਨ ਹੈ ਜਿੱਥੇ ਦਸਮੇਸ਼ ਪਿਤਾ ਜੀ ਨੇ ਦੀਵਾਨ ਸਜਾ ਕੇ ਸੰਮਤ ੧੭੫੭ ਚੇਤ ਸੁਦੀ ੧ ਨੂੰ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ ਸੀ। ਉਨ੍ਹਾਂ ਨੇ ਗੁਰਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਉਨ੍ਹਾਂ ਵਿਚ ਮੀਰੀ ਗੁਣ ਭਰਨ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹੇ ਵੀ ਉਸਾਰੇ।

ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਸਿੱਖ ਜਗਤ ਦਾ ਵਿਸ਼ੇਸ਼ ਬੀਰ-ਰਸੀ ਤਿਉਹਾਰ ਬਣ ਗਿਆ ਹੈ। ਇਸ ਤਿਉਹਾਰ 'ਤੇ ਲੱਖਾਂ ਦੀ ਗਿਣਤੀ ਵਿਚ ਦੇਸ਼ ਦੇ ਕੋਨੇ-ਕੋਨੇ ਤੋਂ ਅਤੇ ਪ੍ਰਦੇਸਾਂ ਤੋਂ ਸਿੱਖ ਸੰਗਤ ਦਰਸ਼ਨ ਕਰਨ ਅਤੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਆਉਂਦੀ ਹੈ। ਗੁਰੂ ਮਹਾਰਾਜ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਦੇ ਅਨੇਕ ਜਥੇ ਬੀਰ-ਰਸੀ ਕਰਤਬਾਂ ਦਾ ਪ੍ਰਦਰਸ਼ਨ ਕਰਦੇ ਹਨ ਜਿਸ ਵਿਚ ਵਿਸ਼ੇਸ਼ ਤੌਰ 'ਤੇ ਗਤਕਾ ਪਾਰਟੀਆਂ ਦੇ ਆਪਸੀ ਟਕਰਾਅ, ਸਜੇ ਹੋਏ ਘੋੜਿਆਂ ਅਤੇ ਊਠਾਂ ਦੀ ਦੌੜ ਅਤੇ ਕਰਤਬ, ਨਿਹੰਗ ਸਿੰਘਾਂ ਦੇ ਸੂਰਮਗਤੀ ਦੇ ਪ੍ਰਦਰਸ਼ਨ ਅਤੇ ਹੋਰ ਕਈ ਤਰ੍ਹਾਂ ਦੇ ਜੰਗੀ ਕਰਤਬ ਵਿਸ਼ੇਸ਼ ਤੌਰ 'ਤੇ ਵੇਖਣ ਵਾਲੇ ਹੁੰਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਨਿਰਸੰਦੇਹ ਸਿੱਖ ਕੌਮ ਦਾ ਵਿਸ਼ੇਸ਼ ਸੂਰਮਗਤੀ, ਮੀਰੀ-ਪੀਰੀ ਦੇ ਪ੍ਰਦਰਸ਼ਨ ਦਾ ਤਿਉਹਾਰ ਕਿਹਾ ਜਾ ਸਕਦਾ ਹੈ। ■

# ਏਅਰ ਕਮਾਂਡਰ ਸਰਦਾਰ ਮੇਹਰ ਸਿੰਘ (ਬਾਬਾ)

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੧)*

ਪੰਜਾਬ - ਦੇਸ਼ ਪੰਜਾਬ - ਦੁਨੀਆ ਦੇ ਹਰ ਦੇਸ਼, ਹਰ ਸ਼ਹਿਰ ਨਾਲੋਂ ਹਰ ਪੱਖੋਂ ਹੀ ਨਿਵੇਕਲਾ ਹੈ। ਭਾਵੇਂ ਪੌਣ-ਪਾਣੀ ਦੀ ਗੱਲ ਹੋਵੇ, ਭਾਵੇਂ ਪੰਜਾਬੀਆਂ ਦੇ ਸੁਭਾਅ ਅਤੇ ਜੁੱਸੇ, ਸੱਭਿਆਚਾਰ ਦੀ ਗੱਲ ਹੋਵੇ, ਭਾਵੇਂ ਪੰਜਾਬੀਆਂ ਦੇ ਖਾਣ-ਪੀਣ ਅਤੇ ਪਹਿਨਣ ਭਾਵ ਜੀਣ-ਥੀਣ ਦੀ ਗੱਲ ਹੋਵੇ, ਭਾਵੇਂ ਇੱਥੋਂ ਦੀ ਜ਼ਰਖ਼ੇਜ਼ ਜ਼ਮੀਨ ਦੀ ਹਰਿਆਵਲ ਦੀ ਗੱਲ ਹੋਵੇ। ਭਾਵੇਂ ਕ੍ਰਾਂਤੀਕਾਰੀ ਇਨਕਲਾਬੀ ਅਤੇ ਕੁਰਬਾਨੀਆਂ ਕਰਨ ਵਾਲੇ ਯੋਧਿਆਂ ਦੀ ਹੋਵੇ, ਭਾਵੇਂ ਹਰਿਆਲੀ-ਖੁਸ਼ਹਾਲੀ ਦੀ ਅਨੋਖੀ ਕਹਾਣੀ ਹੋਵੇ, ਹਰ ਪੱਖੋਂ ਦੁਨੀਆ ਵਿੱਚੋਂ ਮੋਹਰੀ ਅਤੇ ਅੱਡਰਾ ਪੰਜਾਬ, ਦੇਸ਼-ਭਗਤੀ ਦਾ ਪੰਜਾਬ ਇਹ ਛੈਲ-ਛਬੀਲੇ, ਬਾਂਕੇ ਗੱਭਰੂਆਂ-ਮੁਟਿਆਰਾਂ ਦਾ ਦੇਸ਼ ਪੰਜਾਬ ਸੀ। ਇਸ ਪੰਜਾਬ ਨੂੰ ਵਾਰ-ਵਾਰ ਧਾੜਵੀਆਂ, ਹਮਲਾਵਰਾਂ ਨੇ ਤਾਂ ਵਾਰ-ਵਾਰ ਲੜਾਇਆ ਅਤੇ ਤਬਾਹ ਕੀਤਾ ਪਰੰਤੂ ਪੰਜਾਬ ਸਾਰੀਆਂ ਔਕੜਾਂ, ਉਲਝਣਾਂ, ਦੁਸ਼ਵਾਰੀਆਂ, ਲਾਚਾਰੀਆਂ ਵਿੱਚੋਂ ਉਭਰਦਾ ਰਿਹਾ ਹੈ ਪਰੰਤੂ ਇੱਥੋਂ ਦੀਆਂ ਫਿਰਕੂ ਸ਼ਕਤੀਆਂ, ਅਖੌਤੀ ਰਿਧੀਆਂ-ਸਿਧੀਆਂ ਵਾਲੇ ਢੋਂਗੀਆਂ, ਬਾਬਿਆਂ ਅਤੇ ਬ੍ਰਾਹਮਣਵਾਦ ਨੇ ਇਸ ਦਾ ਬਹੁਤ ਨੁਕਸਾਨ ਕੀਤਾ। ਇਸੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਨ ੧੪੬੯ ਈ. ਨੂੰ ਰਾਇ ਭੋਇ ਦੀ ਤਲਵੰਡੀ (ਹੁਣ ਸ੍ਰੀ ਨਨਕਾਣਾ ਸਾਹਿਬ) ਵਿਖੇ ਪ੍ਰਕਾਸ਼ ਹੋਇਆ। ਇਹ ਤਾਂ ਇਕ ਅਦਭੁਤ ਕ੍ਰਾਂਤੀਕਾਰੀ ਰੱਬੀ ਜੋਤ ਸੀ *ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ* ਹੀ ਸੀ। ਇਸ ਤੋਂ ਵੀ ਉੱਤਮ ਗੱਲ ਇਹ ਹੈ ਕਿ ਜਿਹੜੀ ਮੁਕੰਮਲ ਇਨਕਲਾਬ ਦੀ ਸੰਪੂਰਨ ਫ਼ਿਲਾਸਫ਼ੀ (ਵਿਚਾਰਧਾਰਾ) ਵਾਲਾ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਤਥਾ ਧਰਮ, ਅਰਥ, ਕਾਮ, ਮੋਖ ਭਾਵ ਹਰ ਪਹਿਲੂ ਉੱਤੇ ਇਕ ਨਵੀਂ-ਨਿਵੇਕਲੀ ਰੋਸ਼ਨੀ ਦੇਣ ਵਾਲਾ ਰਾਹ-ਦਸੇਰਾ, ਰੰਗ-ਬਿਰੰਗੀ ਜੀਵਨ-ਜਾਚ ਦੇਣ ਵਾਲਾ 'ਸਿੰਘ ਨਾਦ' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਤੋਂ ਆਗ਼ਾਜ਼ ਕੀਤਾ ਉਸ ਨੇ ਪੰਜਾਬ ਦੀ ਮੁੱਢੋਂ ਹੀ ਕਾਇਆ-ਕਲਪ ਕਰ ਦਿੱਤੀ।

ਦੁਨੀਆ ਅੰਦਰ ਮਾਨਵਤਾ ਅੱਗੇ ਸਭ ਤੋਂ ਵੱਡਾ ਡਰ-ਭੈਅ ਮੌਤ ਨੂੰ ਸਮਝਿਆ ਜਾਂਦਾ ਹੈ ਅਤੇ ਮੌਤ ਤੋਂ ਬਚਣ ਲਈ ਮਨੁੱਖ ਅਨੇਕਾਂ ਹੀ ਹੱਥ-ਕੰਡੇ ਅਪਣਾਉਂਦਾ ਹੈ। ਭਾਰਤੀ ਕਥਨ ਹੈ— "ਜਾਨ ਹੈ ਤਾਂ ਜਹਾਨ ਹੈ।" ਭਾਰਤ ਵਿਚ ਸਮੇਂ ਦੇ ਧਾਰਮਿਕ ਸਿਧਾਂਤਾਂ ਅਤੇ ਪੁਜਾਰੀ ਵਰਗ ਨੇ ਇਸ ਨੂੰ ਅਨੇਕਾਂ ਕਥਾ-ਕਹਾਣੀਆਂ ਰਾਹੀਂ ਨਰਕ-

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦*

ਸਵਰਗ ਦਾ ਭਰਮ-ਭੁਲੇਖਾ ਖੜਾ ਕਰਦਿਆਂ ਮੌਤ ਦੇ ਡਰ ਦੀ ਗੰਢ ਨੂੰ ਹੋਰ ਪੀਡੀ ਬਣਾ ਦਿੱਤਾ। ਭਾਰਤੀ ਲੋਕਾਂ ਅੰਦਰ ਇਸ ਜਨਮ ਨੂੰ ਰੋਲ ਕੇ, ਤਬਾਹ ਕਰ ਕੇ ਅਗਲਾ ਜਨਮ ਵਧੀਆ ਅਤੇ ਸਫਲ ਬਣਾਉਣ ਦਾ ਇਕ ਬਹੁਤ ਵੱਡਾ ਭੁਲੇਖਾ ਖੜਾ ਕਰ ਦਿੱਤਾ। ਮਨੁੱਖ ਅੰਦਰ ਦੂਜਾ ਵੱਡਾ ਰੋਗ ਲੋਭ, ਲਾਲਚ ਤਥਾ ਤਮਾ (ਤ੍ਰਿਸ਼ਨਾ) ਦਾ ਹੈ, ਗੁਰਮਤਿ ਅੰਦਰ ਤ੍ਰਿਸ਼ਨਾ/ਤਮਾ ਨੂੰ ਵੱਡਾ ਰੋਗ *ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ* ਦੱਸਿਆ ਗਿਆ। ਇਤਿਹਾਸ ਗਵਾਹ ਹੈ ਕਿ ਭਾਰਤ-ਵਾਸੀਆਂ ਨੇ ਮੌਤ ਅਤੇ ਅਮੁੱਕ ਤ੍ਰਿਸ਼ਨਾਵਾਂ ਕਾਰਨ ਸ਼ੁੱਭ ਧਰਮ, ਕਰਮ, ਸਿਧਾਂਤ ਅਤੇ ਸੱਭਿਆਚਾਰ ਹੀ ਤਿਆਗ ਦਿੱਤਾ। ਸਮੇਂ ਦੇ ਭਾਰਤੀ ਰਾਜਿਆਂ ਨੇ ਆਪਣਾ-ਆਪਣਾ ਰਾਜ ਬਾਹਰੀ ਹਮਲਾਵਰਾਂ ਅਤੇ ਧਾੜਵੀਆਂ ਤੋਂ ਸੁਰੱਖਿਅਤ ਰੱਖਣ ਖਾਤਰ ਉਨ੍ਹਾਂ ਦੀ ਹਰ ਪ੍ਰਕਾਰੀ ਈਨ ਮੰਨ ਲਈ ਅਤੇ ਭਾਰਤੀ ਜਨਤਾ ਨੂੰ ਹਜ਼ਾਰਾਂ ਸਾਲ ਵਿਦੇਸ਼ੀ ਗ਼ੁਲਾਮੀ ਦੇ ਅਸੀਮ ਕਹਿਰ ਹੇਠ ਜਿਊਣ ਲਈ ਮਜਬੂਰ ਕਰੀ ਰੱਖਿਆ ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੇ ਮਨ ਵਿੱਚੋਂ ਮੌਤ ਦਾ ਡਰ ਕੱਢਿਆ ਅਤੇ ਤ੍ਰਿਸ਼ਨਾ/ਤਮਾ ਉੱਤੇ ਕਾਬੂ ਪਾਉਣ ਦੀ ਜੁਗਤ ਵੀ ਦੱਸੀ ਅਤੇ ਮਨੁੱਖ ਨੂੰ ਅਕਾਲ ਪੁਰਖ ਦੇ ਭਾਣੇ ਵਿਚ ਜੀਵਨ ਜਿਊਣ ਦਾ ਉਪਦੇਸ਼ ਦਿੱਤਾ। ਫੁਰਮਾਨ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਤਥਾ

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੨)*

ਤਥਾ

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

ਤਥਾ

*ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੭੯)*

ਤਥਾ

*ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੭੯)*

ਇਸ ਸਿਧਾਂਤ ਅਤੇ ਉਪਦੇਸ਼ ਦਾ ਨਤੀਜਾ ਹੀ ਹੈ ਕਿ ਮਰ ਚੁੱਕੀ ਜ਼ਮੀਰ ਅਤੇ ਮੌਤ ਦੇ ਸਾਏ ਹੇਠ ਪਲ-ਪਲ ਜਿਉ ਰਹੀ ਭਾਰਤੀ ਜਨਤਾ ਵਿਚ ਇਕ ਨਵੀਂ ਬਲਸ਼ਾਲੀ

ਰੂਹ ਫੂਕ ਕੇ ਖ਼ਾਲਸਾ ਪੰਥ ਦੀ ਸਿਰਜਣਾ ਅਤੇ ਸਾਜਨਾ ਕੀਤੀ। ਖ਼ਾਲਸੇ ਨੇ ਵੱਡੇ-ਵੱਡੇ ਜਰਵਾਣਿਆਂ ਨੂੰ ਫਤਿਹ ਹੀ ਨਹੀਂ ਕੀਤਾ ਸਗੋਂ ਧਾਰਾਸ਼ਾਈ ਵੀ ਕਰ ਦਿੱਤਾ। ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ *ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ* ਅਤੇ ਦਸਮੇਸ਼ ਪਿਤਾ ਜੀ ਨੇ *ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥ ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥* ਦਾ ਇਕ ਨਿਰਾਲਾ ਕ੍ਰਾਂਤੀਕਾਰੀ ਰਾਹ ਦਰਸਾਇਆ। ਇਸ ਤਰ੍ਹਾਂ ਇਸ 'ਸਿੰਘ ਨਾਦ' ਨੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ। ਜਿਸ ਵਿਚ ਮਨੁੱਖ ਨੂੰ ਅਧਿਆਤਮਿਕ-ਸਮਾਜਿਕ, ਸੰਸਾਰਕ, ਸੱਭਿਆਚਾਰਕ ਤੇ ਸਦਾਚਾਰਕ ਪੱਖ ਤੋਂ ਬਲਸ਼ਾਲੀ ਬਣਾ ਕੇ ਗੈਰਤ, ਗੌਰਵ ਅਤੇ ਅਣਖ ਨਾਲ ਜਿਊਣ ਦਾ ਰਾਹ ਦਿਖਾਇਆ। ਉਨ੍ਹਾਂ *ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ* ਵਾਲਾ ਸੱਚ, ਇਨਸਾਫ, ਗੈਰਤ ਅਤੇ ਗੌਰਵ *ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ* ਉੱਤੇ ਆਧਾਰਿਤ ਰਾਜ ਦੀ ਨੀਂਹ ਰੱਖ ਦਿੱਤੀ। ਅਲ੍ਹਾਮਾ ਇਕਬਾਲ ਠੀਕ ਹੀ ਕਹਿੰਦਾ ਹੈ *ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖ਼੍ਵਾਬ ਸੇ।* ਭਾਵ ਗ਼ੁਲਾਮੀ ਨੂੰ ਆਪਣੇ ਕਰਮਾਂ ਦਾ ਫਲ ਦੱਸ ਕੇ ਤੇ ਇਸ ਨੂੰ ਪੱਕੀ ਤਰ੍ਹਾਂ ਪ੍ਰਵਾਨ ਕਰ ਕੇ ਆਤਮਿਕ ਤੌਰ ਉੱਤੇ ਮਰ ਕੇ ਹੀ ਜਿਊਣਾ ਸਿੱਖ ਲਿਆ ਸੀ ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਸਿੰਘ ਨਾਦ' ਨੇ ਇਨ੍ਹਾਂ ਵਿਚ ਨਵੀਂ ਰੂਹ ਫੂਕੀ ਅਤੇ ਇਨ੍ਹਾਂ ਲੋਕਾਂ ਦੀ ਮਰ ਚੁੱਕੀ ਆਤਮਾ ਨੂੰ ਮੁੜ ਸਜੀਵ ਕੀਤਾ। ਗੁਰੂ ਜੀ ਨੇ ਇਨ੍ਹਾਂ ਨੂੰ ਵੱਡੇ ਤੋਂ ਵੱਡੇ ਜਾਹਲ, ਜ਼ਾਲਮ, ਖੂੰਖਾਰ ਹਮਲਾਵਰ ਦਾ ਕੇਵਲ ਮੁਕਾਬਲਾ ਕਰਨ ਦੇ ਯੋਗ ਹੀ ਨਹੀਂ ਬਣਾਇਆ, ਸਗੋਂ ਇਨ੍ਹਾਂ ਜ਼ਾਲਮਾਂ ਨੂੰ ਧੂਲ ਚਟਾਉਣ, ਹਰਾਉਣ ਅਤੇ ਆਪਣੇ ਅਧੀਨ ਕਰਨ ਦੀ ਸ਼ਕਤੀ ਅਤੇ ਜੁਗਤ ਵੀ ਦੱਸੀ। ਇਸੇ ਕਰਕੇ ਹੀ ਸਰਦਾਰ ਹਰੀ ਸਿੰਘ ਨਲਵਾ ਨੇ ਆਪਣੇ ਆਪ ਨੂੰ ਅਜਿੱਤ ਕੌਮ ਸਮਝਣ ਵਾਲਿਆਂ ਪਠਾਨਾਂ ਨੂੰ ਉਨ੍ਹਾਂ ਦੀ ਹੀ ਧਰਤੀ ਉੱਤੇ ਬੁਰੀ ਤਰ੍ਹਾਂ ਲਤਾੜਿਆ, ਹਰਾਇਆ ਅਤੇ ਰੋਲ ਕੇ ਰੱਖ ਦਿੱਤਾ ਅਤੇ ਉਨ੍ਹਾਂ ਨੂੰ ਅਧੀਨ ਕਰ ਕੇ ਉਨ੍ਹਾਂ ਉੱਤੇ ਰਾਜ ਵੀ ਕੀਤਾ। ਇਸ ਤੋਂ ਪਹਿਲਾਂ ਚੱਪੜ ਚਿੜੀ ਦੇ ਮੈਦਾਨ-ਏ-ਜੰਗ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ੧੨ ਮਈ, ੧੭੧੦ ਈ. ਨੂੰ ਸੂਬਾ-ਸਰਹੰਦ ਪਠਾਣ ਵਜੀਦ ਖਾਨ ਦੀ ਅਗਵਾਈ ਹੇਠ ਲੜਾਈ ਵਿਚ ਲੜ ਰਹੇ ਹਜ਼ਾਰਾਂ ਪਠਾਣਾਂ ਦਾ ਉਹ ਹਾਲ ਕੀਤਾ ਜੋ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਯਾਦ ਰੱਖਣਗੀਆਂ। ਲੰਮੇ ਸਮੇਂ ਤੋਂ ਸਾਡੇ ਦੇਸ਼ ਨੂੰ ਗ਼ੁਲਾਮ ਬਣਾ ਕੇ ਸਾਡੇ ਉੱਤੇ ਰਾਜ ਕਰਨ ਵਾਲੀ ਮੁਗ਼ਲ ਸਲਤਨਤ ਦੀ ਇਹ ਪਹਿਲੀ ਵੱਡੀ ਹਾਰ ਸੀ। ਸੰਸਾਰ ਖਾਸ ਕਰਕੇ ਮੁਗ਼ਲ ਸ਼ਾਸਕਾਂ ਨੂੰ ਇਹ ਸਮਝ ਨਹੀਂ ਸੀ ਆ ਰਿਹਾ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ! ਕਿਉਂਕਿ ਸਾਡੇ ਦੇਸ਼-ਵਾਸੀਆਂ ਨੇ ਤਾਂ ਆਪਣਾ ਧਰਮ, ਬੋਲੀ ਤੇ ਸੱਭਿਆਚਾਰ ਆਦਿ ਤਿਆਗ ਕੇ ਮੁਗ਼ਲਾਂ ਦੀ ਹਰ ਖੇਤਰ ਵਿਚ ਅਧੀਨਗੀ ਕਬੂਲ ਕਰ ਲਈ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਉਸ ਸਮੇਂ ਦੀ ਹਾਲਤ ਇਉਂ ਬਿਆਨ ਕਰਦੇ ਹਨ :

*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥*
*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੩)*

ਤਥਾ

*ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੧)*

ਤਥਾ

*ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੧)*

ਸਾਡੀ ਗ਼ੈਰਤ ਇਤਨੀ ਗਰਕ ਹੋ ਚੁਕੀ ਸੀ ਕਿ ਰਾਜਪੂਤ ਰਾਜੇ ਮਾਨ ਸਿੰਘ ਨੇ ਆਪਣੀ ਭੈਣ ਯੋਧਾ ਬਾਈ ਦਾ ਡੋਲਾ ਹੀ ਅਕਬਰ ਦੇ ਹਵਾਲੇ ਕਰ ਕੇ ਆਪਣੇ ਲਈ ਉਸ ਦੇ ਦਰਬਾਰ ਵਿਚ ਵਜ਼ੀਰੀ ਪ੍ਰਾਪਤ ਕਰ ਲਈ। ਪੈਸੇ ਦੇ ਲਾਲਚ ਕਾਰਨ ਨਿਘਰੀ ਹਾਲਤ ਬਾਰੇ ਭਾਈ ਗੁਰਦਾਸ ਜੀ ਇਉਂ ਚਾਨਣਾ ਪਾਉਂਦੇ ਹਨ :

*ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।* (ਵਾਰ ੧:੩੦)

ਆਪਣੇ ਆਪ ਨੂੰ ਤਪਸਵੀ ਅਤੇ ਧਰਮ ਗੁਰੂ ਕਹਾਉਣ ਵਾਲਿਆਂ ਦੀ ਹਾਲਤ *ਮਨ ਕਾ ਝੂਠਾ ਝੂਠੁ ਕਮਾਵੈ॥ ਮਾਇਆ ਨੋ ਫਿਰੈ ਤਪਾ ਸਦਾਵੈ ॥* ਅਤੇ ਰਾਜ ਕਰਨ ਵਾਲਿਆਂ ਅਤੇ ਵਪਾਰੀਆਂ ਬਾਰੇ ਗੁਰਬਾਣੀ ਦਾ ਫ਼ੁਰਮਾਨ ਹੈ ਕਿ ਇਨ੍ਹਾਂ ਆਪਣਾ ਰਾਜ ਧਰਮ ਸੱਚ ਵਪਾਰ ਨੂੰ ਤਜ ਕੇ ਜਾਇਜ਼-ਨਜਾਇਜ਼ ਤਰੀਕਿਆਂ ਨਾਲ ਰਾਜ ਸ਼ਕਤੀ ਉੱਤੇ ਕਬਜ਼ਾ ਅਤੇ ਲੋਕਾਂ ਦੀ ਅੰਨ੍ਹੀ ਲੁੱਟ ਕਰ ਕੇ ਮਾਇਆ ਦੇ ਢੇਰ ਇਕੱਠੇ ਕਰਨ ਵਿਚ ਲੱਗੇ ਹੋਏ ਸਨ। ਫ਼ੁਰਮਾਨ ਹੈ :

*ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੦)*

ਅਜਿਹੇ ਅਨੇਕ ਕਾਰਨਾਂ ਕਰਕੇ ਸੋਨੇ ਦੀ ਚਿੜੀਆ ਕਹਾਉਣ ਵਾਲਾ ਦੇਸ਼ ਹਰ ਪੱਖੋਂ ਗ਼ਰੀਬ ਤਥਾ ਕਮਜ਼ੋਰ ਹੋ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸਾਰੀਆਂ ਜਿਲ੍ਹਣਾਂ-ਜ਼ਹਾਲਤਾਂ ਵਿੱਚੋਂ ਕੱਢ ਕੇ ਇਕ ਐਸੇ ਸਦਾਚਾਰੀ ਸੰਤ-ਸਿਪਾਹੀ ਜਿਹੜਾ ਭਾਰਤ ਵਿਚ ਚਿਰ ਤੋਂ ਚੱਲੀ ਆ ਰਹੀ ਮਰਯਾਦਾ ਦੇ ਐਨ ਉਲਟ ਇੱਕੋ ਸਮੇਂ ਕਿਰਤੀ, ਗ੍ਰਿਹਸਥੀ, ਭਗਤ, ਸੂਰਮਾ (ਸ਼ਕਤੀਸ਼ਾਲੀ) ਸੀ। ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸਚਿਆਰ' ਦੀ ਸੰਗਿਆ ਦਿੱਤੀ, ਜਿਹੜਾ ੨੩੦ ਸਾਲ ਦੀ ਲੰਮੀ, ਕਠਿਨ, ਸਿਦਕੀ ਘਾਲਣਾ ਪਿੱਛੋਂ ੩੦ ਮਾਰਚ, ੧੬੯੯ ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਕਿਰਪਾਨ

ਦੀ ਧਾਰ ਵਿੱਚੋਂ ਸੀਸ ਭੇਟ ਕਰ ਦੇਣ ਉਪਰੰਤ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸੇ' ਦੇ ਰੂਪ ਵਿਚ ਪ੍ਰਗਟ ਕਰ ਕੇ, ਸਿਰਜ ਕੇ, ਸੰਵਾਰ ਕੇ, ਸਜਾ ਕੇ ਸੰਸਾਰ ਦੇ ਸਾਹਮਣੇ ਪੇਸ਼ ਕੀਤਾ। ਇਸ ਖ਼ਾਲਸੇ ਨੂੰ *ਖ਼ਾਲਸਾ ਮੇਰੋ ਰੂਪ ਹੈ ਖ਼ਾਸ* ਤਥਾ *ਖ਼ਾਲਸਾ ਮੇਰੋ ਸਤਿਗੁਰ ਪੂਰਾ* ਕਹਿ ਕੇ ਨਿਵਾਜਿਆ। ਇਹ ਮਨੁੱਖੀ ਜ਼ਿੰਦਗੀ ਵਿਚ ਇਕ ਮੁਕੰਮਲ ਇਨਕਲਾਬ ਸੀ। ਮਨੁੱਖੀ ਜ਼ਿੰਦਗੀ ਦੇ ਵਿਕਾਸ ਦਾ ਸਿਖ਼ਰ ਸੀ। ਇਸ ਖ਼ਾਲਸੇ ਦੀ ਜੀਵਨ-ਜੁਗਤ *ਸੀ ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ* ਤਥਾ *ਸਸਤ੍ਰਨ ਸੋ ਅਤਿ ਹੀ ਰਨ ਭੀਤਰ ਜੂਝਿ ਮਰੋ ਕਹਿ ਸਾਚ ਪਤੀਜੈ* ਤਥਾ *ਸੁਭ ਕਰਮਨ ਤੇ ਕਬਹੂੰ ਨ ਟਰੋਂ ਅਤੇ ਨਿਸਚੈ ਕਰ ਅਪਨੀ ਜੀਤ ਕਰੋਂ* ਇਹ ਖ਼ਾਲਸਾ *ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ* ਦੇ ਅਦੁੱਤੀ ਸਿਧਾਂਤ ਉੱਤੇ ਪਹਿਰਾ ਦੇਣ ਵਾਲਾ ਮਹਾਨ ਸੂਰਮਾ ਅਤੇ ਕਮਾਲ ਦਾ ਪਰਉਪਕਾਰੀ ਅਤੇ ਕਿਰਤੀ ਸੀ। ਇਹ ਸਭ ਕੁਝ ਭਾਰਤ ਦੀ ਪ੍ਰਚਲਿਤ ਜੀਵਨ ਮਰਯਾਦਾ ਦੇ ਐਨ ਉਲਟ ਸੀ।

ਗੁਰੂ ਪਾਤਸ਼ਾਹ ਵੱਲੋਂ ਪੰਜਾਬ ਦੀ ਧਰਤੀ ਨੂੰ ਐਸੇ ਭਾਗ ਲਗਾਏ, ਐਸਾ ਵਰਦਾਨ ਬਖ਼ਸ਼ਿਆ ਕਿ ਜਿਸ ਪੰਜਾਬ ਦੀ ਧਰਤੀ ਨੇ ਇੱਥੇ ਮਹਾਨ ਬਲਸ਼ਾਲੀ ਯੋਧੇ ਪੈਦਾ ਕੀਤੇ, ਨਾਮੀ ਖਿਡਾਰੀ ਪੈਦਾ ਕੀਤੇ। ਜਿਨ੍ਹਾਂ ਨੇ 'ਪਦਮ ਸ੍ਰੀ', 'ਦਰੋਣਾਚਾਰੀਆ', 'ਅਰਜਨ ਅਵਾਰਡ' ਆਦਿ ਅਨੇਕਾਂ ਹੀ ਸ਼ਾਨਾਂਮੱਤੇ ਅਵਾਰਡ ਜਿੱਤ ਕੇ ਸਿੱਖ ਕੌਮ ਦੇ ਇਤਿਹਾਸ ਨੂੰ ਅਮੀਰ ਬਣਾਇਆ। ਕਮਾਲ ਦੇ ਜੀਵਨ ਦੇਣ ਵਾਲੇ ਮਹਾਂਪੁਰਖਾਂ ਵਰਗੇ ਸ਼ਕਤੀਸ਼ਾਲੀ ਇਨਸਾਨ ਪੈਦਾ ਕੀਤੇ। ਗੁਰੂ ਸਾਹਿਬ ਦੀ ਬਖ਼ਸ਼ਿਸ਼ ਹੈ ਕਿ ਦੇਸ਼ ਪੰਜਾਬ ਦੀ ਧਰਤੀ ਹਰ ਪੱਖੋਂ ਹੀ ਮਹਾਨ ਹੈ। ਇਸ ਦੇ ਯੋਧਿਆਂ ਨੇ ਦੇਸ਼ ਦੀਆਂ ਸਰਹੱਦਾਂ ਦੀ ਆਪਣੀਆਂ ਹਿੱਕਾਂ ਡਾਹ ਕੇ ਆਪਣੀ ਜਾਨ ਦਾਅ 'ਤੇ ਲਗਾ ਕੇ ਰਾਖੀ ਕੀਤੀ, ਉੱਥੇ ਖੇਤੀ ਦੇ ਖੇਤਰ ਵਿਚ ਲਾਮਿਸਾਲ ਕਾਰਜ ਕੀਤਾ ਅਤੇ ਪੰਜਾਬ ਨੂੰ ਦੇਸ਼ ਦਾ ਅੰਨ ਭੰਡਾਰ ਬਣਾ ਦਿੱਤਾ ਅਤੇ ਪੀ. ਐਲ. ੪੮੦ ਅਧੀਨ ਸੂਰਾਂ ਦੇ ਖਾਣ ਵਾਲੀ ਅਮਰੀਕਨ ਕਣਕ, ਜੋ ਆਪਣੀ ਭੁੱਖ ਮਿਟਾਉਣ ਲਈ ਭਾਰਤੀ ਲੋਕ ਖਾਣ ਲਈ ਮਜਬੂਰ ਸਨ, ਤੋਂ ਖਹਿੜਾ ਛੁਡਾ ਕੇ ਪੰਜਾਬ ਦੀ ਧਰਤੀ ਦੀ ਹਿੱਕ ਵਿੱਚੋਂ ਇੰਨਾ ਅਨਾਜ ਪੈਦਾ ਕਰ ਕੇ ਦੇਸ਼ ਦਾ 'ਅੰਨ ਦਾਤਾ' ਕਹਾਉਣ ਦਾ ਮਾਣ ਪ੍ਰਾਪਤ ਕੀਤਾ। ਇਸ ਤਰ੍ਹਾਂ ਮੈਦਾਨ-ਏ-ਜੰਗ ਵਿਚ ਜੂਝਣ ਵਾਲੇ ਅਨੇਕਾਂ ਜਾਂਬਾਜ਼ ਜਰਨੈਲ ਅਤੇ ਜਵਾਨ ਪੈਦਾ ਕੀਤੇ, ਜਿਨ੍ਹਾਂ ਨੇ ਕੇਵਲ ਦੇਸ਼ ਵਿਚ ਹੀ ਨਹੀਂ, ਸਗੋਂ ਸਮੁੰਦਰਾਂ ਤੋਂ ਪਾਰ ਵਿਦੇਸ਼ੀ ਧਰਤੀਆਂ ਉਤੇ ਆਪਣੇ ਬਾਕਮਾਲ ਜੌਹਰ ਦਿਖਾ ਕੇ ਉਨ੍ਹਾਂ ਨੂੰ ਦੰਗ ਕਰ ਦਿਤਾ। ਇਸ ਲੇਖ ਵਿਚ ਅਜਿਹੇ ਹੀ ਜਾਂਬਾਜ਼ ਅਣਖੀਲੇ ਯੋਧੇ ਪੰਜਾਬੀ ਮਾਂ ਦੇ ਮਹਾਨ ਸਪੂਤ ਏਅਰ-ਕਮਾਂਡਰ ਸਰਦਾਰ ਮੇਹਰ ਸਿੰਘ ਜੀ ਬਾਰੇ ਵਿਚਾਰ ਕਰ ਰਹੇ ਹਾਂ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਮਹਾਨ ਸੂਰਬੀਰਾਂ ਵੱਲੋਂ ਪਾਏ ਗਏ ਬੇਜੋੜ ਯੋਗਦਾਨ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਸਿਰਫ ਮਾਣ ਹੀ

ਮਹਿਸੂਸ ਨਾ ਹੋਵੇ ਸਗੋਂ ਉਨ੍ਹਾਂ ਅੰਦਰ ਉਨ੍ਹਾਂ ਦੀ ਰੀਸ ਕਰਨ ਦੀ ਭਾਵਨਾ ਅਤੇ ਚਾਅ ਪੈਦਾ ਹੋਵੇ। ਪੰਜਾਬੀਆਂ ਨੇ ਖਾਸ ਕਰਕੇ ਸਿੰਘ-ਸੂਰਮਿਆਂ ਨੇ ਧਰਤੀ, ਅਕਾਸ਼ ਅਤੇ ਸਮੁੰਦਰ ਵਿਚ ਆਪਣੇ-ਆਪਣੇ ਐਸੇ ਜੌਹਰ ਵਿਖਾਏ, ਐਸੇ ਪੂਰਨੇ ਪਾਏ ਅਤੇ ਅਜਿਹੀਆਂ ਮੱਲਾਂ ਮਾਰੀਆਂ ਜੋ ਦੁਨੀਆ ਦੇ ਜੰਗਾਂ-ਯੁੱਧਾਂ ਦੇ ਇਤਿਹਾਸ ਵਿਚ ਸੁਨਹਿਰੀ ਪੰਨਿਆਂ ਉੱਤੇ ਉਕਰੀਆਂ ਮਿਲਦੀਆਂ ਹਨ। ਦੁਨੀਆ ਵਿਚ ਉਮਰ ਵਿਚ ਸਭ ਤੋਂ ਛੋਟੀ ਅਤੇ ਗਿਣਤੀ ਵਿਚ ਸਭ ਤੋਂ ਘੱਟ ਸਿੱਖ ਕੌਮ-ਖ਼ਾਲਸਾ ਸਭ ਤੋਂ ਉੱਤਮ ਕੌਮ ਹੋ ਨਿੱਬੜੀ।

ਏਅਰ ਕਮਾਂਡਰ ਸਰਦਾਰ ਮੇਹਰ ਸਿੰਘ (ਬਾਬਾ) ਜ਼ਿਲ੍ਹਾ ਸਿਆਲਕੋਟ ਹੁਣ ਫੈਸਲਾਬਾਦ (ਪਾਕਿਸਤਾਨ) ਵਿਖੇ ਸਰਦਾਰ ਤਰਲੋਕ ਸਿੰਘ ਦੇ ਗ੍ਰਿਹ ਵਿਖੇ ੨੦ ਮਾਰਚ, ੧੯੧੫ ਈ. ਨੂੰ ਪੈਦਾ ਹੋਇਆ। ਸਰਦਾਰ ਮੇਹਰ ਸਿੰਘ ਦੇ ਬਚਪਨ ਵਾਲੇ ਜੀਵਨ ਦੇ ਪ੍ਰਾਪਤ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਉਹ ਬਚਪਨ ਤੋਂ ਬਹੁਤ ਚੁਸਤ, ਚੰਚਲ, ਤੀਖਣ ਬੁੱਧੀ ਵਾਲਾ ਅਤੇ ਸਿੱਖੀ ਰੰਗ ਵਿਚ ਰੰਗੇ ਮਾਤਾ-ਪਿਤਾ ਤੋਂ ਗੁਰਸਿੱਖੀ ਵਿਚ ਰੰਗਿਆ ਹੋਇਆ ਬਾਲਕ ਸੀ। ਬੀ.ਐਸ.ਸੀ. ਦੇ (ਫਾਈਨਲ) ਆਖਰੀ ਸਾਲ ਵਿਚ ਪੜ੍ਹਦਿਆਂ ਉਨ੍ਹਾਂ ਨੂੰ ੧੯੩੩ ਈ. ਨੂੰ ਅੰਗਰੇਜ਼ੀ (ਭਾਰਤੀ) ਏਅਰ ਫੋਰਸ ਵਿਚ ਕਮਿਸ਼ਨ ਪ੍ਰਾਪਤ ਹੋ ਗਿਆ ਅਤੇ ਉਨ੍ਹਾਂ ਨੂੰ ਸੰਸਾਰ ਪ੍ਰਸਿੱਧ ਲੰਡਨ ਦੀ ਹਵਾਈ ਸੈਨਾ ਦੇ ਟ੍ਰੇਨਿੰਗ ਸਕੂਲ (CRANWELL) ਕਰਾਨਵੈਲ (R.A.F.L.) ਰਾਇਲ ਏਅਰ ਫੋਰਸ ਕਾਲਜ ਵਿਚ ਟ੍ਰੇਨਿੰਗ ਪੂਰੀ ਕਰਨ ਪਿੱਛੋਂ ੧੯੩੪ ਈ. ਵਿਚ ਕਮਿਸ਼ਨ ਮਿਲ ਗਿਆ। ਟ੍ਰੇਨਿੰਗ ਦੌਰਾਨ ਉਨ੍ਹਾਂ ਨੇ ਇਤਨੇ ਸ਼ਾਨਦਾਰ ਤਰੀਕੇ ਨਾਲ ਕਾਰਜਸ਼ੀਲ ਹੋ ਕੇ ਕਾਲਜ ਅਧਿਕਾਰੀਆਂ, ਇੰਸਟਰਕਟਰਾਂ ਅਤੇ ਅਫ਼ਸਰਾਂ ਤੋਂ ਬਹੁਤ ਵਾਹ-ਵਾਹ ਖੱਟੀ। ਜਿਸ ਉੱਤੇ ਏਅਰ ਵਾਈਸ ਮਾਰਸ਼ਲ ਸਮੇਂ ਦੇ ਕਮਾਂਡੈਂਟ, ਰਾਇਲ ਏਅਰ ਫੋਰਸ ਕਾਲਜ ਨੇ ਬੜੇ ਮਾਣ ਨਾਲ ਲਿਖਿਆ— "ਉਹ ਸਿਦਕੀ, ਖੁਸ਼ ਦਿਲ, ਸਖਤ ਮਿਹਨਤੀ, ਹਰਮਨ-ਪਿਆਰਾ ਹੈ, ਜਿਸ ਨੇ ਅੰਗਰੇਜ਼ ਕੈਡਿਟਾਂ ਨਾਲ ਮੁਕਾਬਲਾ ਕੀਤਾ। ਇਹ ਉਸ ਦਾ ਮਾਣ ਕਰਨ ਯੋਗ ਯਤਨ ਸੀ। ਜਿੱਥੇ ਉਹ ਲਾਮਿਸਾਲ ਹਵਾਬਾਜ਼ (ਪਾਈਲਟ) ਸੀ, ਉੱਥੇ ਹਾਕੀ ਦਾ ਵੀ ਇਕ ਉੱਤਮ ਖਿਡਾਰੀ ਸੀ। ੧੯੩੩ ਈ. ਵਿਚ ਕਰਾਚੀ (ਹੁਣ ਪਾਕਿਸਤਾਨ) ਵਿਖੇ ਕਾਇਮ ਕੀਤੀ ਸੁਕੈਡਰਨ ਵਿਚ ੧੯੩੬ ਈ. ਵਿਚ ਭਾਰਤ ਵਿਚ ਸਥਿਤ (ਕਾਰਜਸ਼ੀਲ) ਇੱਕੋ-ਇੱਕ-ਸੁਕੈਡਰਨ ਜਹਾਜ਼ਾਂ ਵਿਚ ਬਤੌਰ ਪਾਈਲਟ ਅਫ਼ਸਰ ਸ਼ਾਮਲ ਹੋਏ ਜੋ ਬੜੇ ਮਾਣ ਵਾਲੀ ਗੱਲ ਸੀ। ਵੈਸਟਲੈਂਡ ਜਹਾਜ਼ਾਂ ਵਾਲੇ ਇਸ ਸੁਕੈਡਰਨ ਵਿਚ ੬ ਭਾਰਤੀ ਇੰਜਨੀਅਰਿੰਗ ਅਫ਼ਸਰ ਅਤੇ ਨੌਂ ਟੈਕਨੀਸ਼ੀਅਨ ਸਨ ਜਿਨ੍ਹਾਂ ਨੂੰ ਉਸ ਸਮੇਂ ਹਵਾਈ ਸਿਪਾਹੀ ਕਿਹਾ ਜਾਂਦਾ ਸੀ। ਜਰਨਲ ਵਿਲੀਅਮ ਸਲਿਮ ਨੇ ਸਰਦਾਰ ਮੇਹਰ ਸਿੰਘ ਦੀ ਕਮਾਂਡ ਹੇਠ ਕਾਰਜ ਸੁਕੈਡਰਨ ਬਾਰੇ ਲਿਖਿਆ— "ਮੈਂ ਖਾਸ ਕਰਕੇ ਨੌਜਵਾਨ ਸਿੱਖ ਸੁਕੈਡਰਨ ਲੀਡਰ

ਮੇਹਰ ਸਿੰਘ ਦੇ ਵਿਹਾਰ, ਕਾਰਜਸ਼ੀਲਤਾ ਅਤੇ ਲੀਡਰਸ਼ਿਪ ਵਾਲੇ ਗੁਣਾਂ ਤੋਂ ਬਹੁਤ ਹੀ ਪ੍ਰਭਾਵਿਤ ਹਾਂ। ਨੌਜਵਾਨ ਸਿੱਖ ਸੁਕੈਡਰਨ ਲੀਡਰ ਦਾ ਸੁਕੈਡਰਨ-੧ (ਇਕ) ਬਹੁਤ ਖੁਸ਼ਕਿਸਮਤ ਲੋਕ (ਗਰੁੱਪ) ਹਨ। ੧੯੩੭ ਈ. ਵਿਚ ਉਨ੍ਹਾਂ ਦੇ ਜਹਾਜ਼ ਵਾਪਾਤੀ ਉੱਤੇ ਕਬਾਇਲੀਆਂ ਵੱਲੋਂ ਹਮਲਾ ਹੋ ਗਿਆ ਤਾਂ ਤੁਰੰਤ ਹੀ ਸਰਦਾਰ ਮੇਹਰ ਸਿੰਘ ਨੇ ਇਕ ਬਹੁਤ ਹੀ ਦਲੇਰ, ਸੁਘੜ ਅਤੇ ਨਿਪੁੰਨ ਹਵਾਬਾਜ਼ ਵਾਂਗ ਬੜੇ ਅਰਾਮ ਨਾਲ ਪਹਾੜੀ ਇਲਾਕੇ ਵਿਚ ਜਹਾਜ਼ ਉਤਾਰ ਦਿੱਤਾ ਭਾਵੇਂ ਕਰੈਸ਼ ਲੈਂਡਿੰਗ ਕੀਤੀ। ਬੜੀ ਦਲੇਰੀ ਨਾਲ ਕਬਾਇਲੀਆਂ ਤੋਂ ਬਚ ਕੇ ਬਿਨਾਂ ਨਕਸ਼ਿਆਂ ਤੋਂ ਪੈਦਲ ਤੁਰ ਕੇ ਆਪਣੇ ਸਥਾਨ ਉੱਤੇ ਪਹੁੰਚੇ।

ਜਰਨਲ ਵਿਲੀਅਮ ਸਲਿਮ ਨੇ ਲਿਖਿਆ ਹੈ ਕਿ ਨੌਜਵਾਨ ਸਿੱਖ ਸੁਕੈਡਰਨ ਲੀਡਰ ਮੇਹਰ ਸਿੰਘ ਦੀ ਕਮਾਂਡ ਹੇਠ ੬ ਏਅਰ ਸੁਕੈਡਰਨ ਇੰਡੀਅਨ ਏਅਰ ਫੋਰਸ ਦੇ ਹੋਕਰ ਹਰੀਕੇਨ ਏਅਰ ਕਰਾਫਟ ਨੂੰ ੧੪ਵੀਂ ਭਾਰਤੀ ਫੌਜ ਦੀਆਂ 'ਅੱਖਾਂ' ਕਹਿ ਕੇ ਸਨਮਾਨ ਦਿੱਤਾ ਗਿਆ। ੧੯੪੭-੪੮ ਈ. ਵਿਚ ਪਹਿਲੀ ਭਾਰਤ-ਪਾਕਿਸਤਾਨ ਲੜਾਈ ਸਮੇਂ ੨੬ ਅਕਤੂਬਰ, ੧੯੪੭ ਈ. ਨੂੰ ਸਿੱਖ ਬਟਾਲੀਅਨ ਦੇ ਕਮਾਂਡਰ ਕਰਨਲ ਰਣਜੀਤ ਰਾਏ ਦੀ ਕਮਾਂਡ ਹੇਠ ਪਹਿਲੀ ਸਿੱਖ ਬਟਾਲੀਅਨ ਅਤੇ ਦੂਜੀ ਸਿੱਖ ਬਟਾਲੀਅਨ ਕਰਨਲ ਹਰਬਖਸ਼ ਸਿੰਘ ਦੀ ਕਮਾਂਡ ਹੇਠ ਭਾਵ ਪੂਰੇ ਇਨਫੈਂਟਰੀ ਬ੍ਰਿਗੇਡ ਨੂੰ ਹਵਾਈ ਜਹਾਜ਼ ਰਾਹੀਂ ਸ੍ਰੀਨਗਰ ਪਹੁੰਚਾਉਣ ਦਾ ਜੋਖਮ ਭਰਿਆ ਕਾਰਜ ਕਰਨ ਲਈ ਸਰਦਾਰ ਮੇਹਰ ਸਿੰਘ ਨੂੰ ਚੁਣੌਤੀ ਦਾ ਸਾਹਮਣਾ ਕਰਨ ਲਈ ਵੰਗਾਰਿਆ ਗਿਆ। ਉਹ ਤਾਂ ਗੁਰੂ ਕਾ ਸਿੰਘ-ਸੂਰਮਾ ਸੀ, ਉਸ ਨੇ ਇਸ ਨੂੰ ਆਪਣਾ ਸੁਭਾਗ ਸਮਝਦਿਆਂ ਹੋਇਆਂ ਇਹ ਕਾਰਜ ਬੜੀ ਫੁਰਤੀ ਅਤੇ ਸ਼ਾਨਦਾਰ ਤਰੀਕੇ ਨਾਲ ਨਿਭਾਇਆ ਅਤੇ ਸਾਰੇ ਇਨਫੈਂਟਰੀ ਬ੍ਰਿਗੇਡ ਨੂੰ ਹਵਾਈ ਜਹਾਜ਼ ਰਾਹੀਂ ਸ੍ਰੀਨਗਰ ਵਿਚ ਪਹੁੰਚਾ ਦਿੱਤਾ। ਜਿਸ ਸ਼ਾਨਦਾਰ ਸਫਲਤਾ ਉੱਤੇ ਭਾਰਤ ਦੇ ਤਤਕਾਲੀ ਵਾਈਸ ਰਾਏ ਲਾਰਡ ਮਾਉਂਟਬੈਟਨ ਨੇ ਲਿਖਿਆ ਹੈ ਕਿ— "ਮੈਂ ਪਹਿਲਾਂ ਕਦੇ ਵੀ ਨਾ ਹੀ ਅਜਿਹਾ ਸੁਣਿਆ ਹੈ ਨਾ ਹੀ ਅਜਿਹਾ ਪੜ੍ਹਿਆ ਹੈ, ਨਾ ਹੀ ਮੈਨੂੰ ਅਜਿਹੇ ਉੱਚਤਮ ਕਾਰਨਾਮੇ ਬਾਰੇ ਕੋਈ ਗਿਆਤ ਹੀ ਹੈ ਕਿ ਇਤਨੇ ਥੋੜੇ ਸਮੇਂ ਵਿਚ ਪੂਰੇ ਬ੍ਰਿਗੇਡ ਨੂੰ ਹੀ ਨੀਯਤ ਅਸਥਾਨ ਉੱਤੇ ਪਹੁੰਚਾ ਕੇ ਇਕ ਮਾਅਰਕੇ ਦਾ ਕੰਮ ਸਰਦਾਰ ਮੇਹਰ ਸਿੰਘ ਨੇ ਕੀਤਾ। ਇਹ ਕਾਰਜ ਉਨ੍ਹਾਂ ਨੇ ਉਸ ਸਮੇਂ ਪਦ ਉੱਨਤ ਹੋਏ ਏਅਰ ਅਫਸਰ ਕਮਾਂਡਿੰਗ (A.O.C.) I ਓਪਰੇਸ਼ਨਲ ਗਰੁੱਪ ਦੇ ਤੌਰ ਉੱਤੇ ਕੀਤਾ। ਉੱਥੇ ਹੀ ਫੌਜੀ ਕਮਾਂਡਰਾਂ ਅਤੇ ਭਾਰਤੀ ਸਰਕਾਰ ਦੇ ਹੁਕਮ ਅਨੁਸਾਰ ਉਨ੍ਹਾਂ ਨੇ ਪੁੰਛ (ਪੁਣਛ) ਵਿਖੇ ਹਵਾਈ ਬ੍ਰਿਗੇਡ ਸਥਾਪਿਤ ਕਰ ਦਿੱਤਾ। ਇਹ ਸਾਰੇ ਦਾ ਸਾਰਾ ਇਲਾਕਾ ਪਹਾੜੀਆਂ, ਨਦੀਆਂ, ਨਾਲਿਆਂ, ਝਾੜੀਆਂ, ਝੁੰਡਾਂ, ਦਰੱਖਤਾਂ ਨਾਲ ਘਿਰਿਆ ਹੋਇਆ ਹੈ ਪਰੰਤੂ ਸਿੰਘ ਸੂਰਮਾ ਤਾਂ ਹਰ ਚੁਣੌਤੀ ਨੂੰ ਸੁਭਾਗ ਸਮਝ ਕੇ ਆਪਣੇ ਸਤਿਗੁਰੂ ਪਾਤਸ਼ਾਹ ਦਾ ਓਟ-

ਆਸਰਾ ਲੈ ਕੇ ਬੱਬਰ ਸ਼ੇਰ ਵਾਂਗ ਕਬੂਲਦਾ ਹੈ ਅਤੇ ਕਾਰਜ ਨੂੰ ਬੜੀ ਨਿਪੁੰਨਤਾ ਨਾਲ ਨੇਪਰੇ ਚਾੜ੍ਹਦਾ ਹੈ। ਸਰਦਾਰ ਮੇਹਰ ਸਿੰਘ ਇਕ ਅਜਿਹਾ ਹੀ ਦਲੇਰ, ਸਿੱਦਕੀ, ਦੇਸ਼ ਭਗਤ, ਸ਼ੇਰ ਦਿਲ ਅਤੇ ਮੌਤ ਦੇ ਡਰ ਤੋਂ ਬਿਲਕੁਲ ਦੂਰ ਪੰਜਾਬੀ ਮਾਂ ਦਾ ਮਹਾਨ ਸਪੂਤ ਸੀ। ਉਸ ਨੇ ਇਕ ਟਨ ਬੋਝ ਲੈ ਕੇ ਉੱਡਣ ਵਾਲੇ ਜਹਾਜ਼ ਵਿਚ ਤਿੰਨ ਟਨ ਗੋਲੀ-ਸਿੱਕਾ ਆਦਿ ਲੱਦ ਕੇ ਆਪ ਜਹਾਜ਼ ਚਲਾ ਕੇ ਲੋੜ ਵਾਲੇ ਸਥਾਨ ਉੱਤੇ ਪਹੁੰਚਾ ਦਿੱਤਾ। ਉਸ ਨਾਲ ਹੋਰ ਨਾ ਹੀ ਕੋਈ ਸਹਾਇਕ ਸੀ ਅਤੇ ਨਾ ਹੀ ਉਹ ਥਾਂ ਉਤਰਣ ਯੋਗ ਹੀ ਸੀ ਪਰੰਤੂ ਇਸ ਜਾਂਬਾਜ਼ ਨੇ ਅਸੰਭਵ ਨੂੰ ਸੰਭਵ ਬਣਾ ਦਿੱਤਾ।

ਏਅਰ ਕਮਾਂਡਰ ਸਰਦਾਰ ਮੇਹਰ ਸਿੰਘ ਨੇ ਆਪਣੀ ਹਵਾਈ ਫੌਜ ਦੀ ਸੇਵਾ ਦੌਰਾਨ ਐਸੇ ਅਚੰਭਿਤ ਕਰਨ ਵਾਲੇ ਉੱਚਤਮ ਕਾਰਜ ਕਰ ਕੇ ਹਵਾਈ ਫੌਜ ਵਿਚ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ। ਲੜਾਈ ਵਿਚ ਸਖਤ ਲੋੜ ਸਮੇਂ ਉਸ ਨੇ (DA-KOTA) ਡਕੋਟਾ ਜਹਾਜ਼ ਰਾਹੀਂ ਹੀ ਜਰਨਲ ਕੇ. ਐਸ. ਯਮੱਈਆ ਜੋ ਉਸ ਸਮੇਂ ਮੇਜਰ ਜਰਨਲ ਦੇ ਰੈਂਕ ਉੱਤੇ ਕਾਰਜਸ਼ੀਲ ਸੀ, ਨੂੰ ਉਡਾ ਕੇ ੨੪੦੦੦ ਫੁੱਟ ਦੀ (ਸਭ ਤੋਂ ਨੀਵੀਂ ਉਡਾਨ) ਉਚਾਈ ਉੱਤੇ ਪਹੁੰਚਾ ਦਿੱਤਾ। ਇਸੇ ੬ ਡਕੋਟਾ ਜਹਾਜ਼ਾਂ ਦੀ ਫਲੀਟ ਦੀ ਅਗਵਾਈ ਕਰਦਿਆਂ ਲੇਹ-ਲੱਦਾਖ ਉੱਤੇ ਉਤਰਨ ਵਾਲਾ ਉਹ ਪਹਿਲਾ ਸਿੱਖ ਪਾਈਲਟ ਸੀ। ਉਸ ਨੇ ਇਸ ਤਰ੍ਹਾਂ ੧੨ ਸੁਕੈਡਰਨ, ਇੰਡੀਅਨ ਏਅਰ ਫੋਰਸ (I.A.F.) ਨੂੰ ਨਿਰੋਲ ਰੇਤਲੀ ਥਾਂ ਉੱਤੇ ਪੂਰੀ ਸਫਲਤਾ ਨਾਲ ਉਤਾਰ ਕੇ ਸ਼ਾਨਦਾਰ ਕਾਰਜ ਕੀਤਾ। ਇਸੇ ਤਰ੍ਹਾਂ ਜ਼ੋਜ਼ੀਲਾ ਅਤੇ ਟੋਟੂ ਲਾਅ ਪਾਸ ਉੱਤੇ ੧੧੫੪੦ ਫੁੱਟ ਦੀ ਉਚਾਈ ਉੱਤੇ ਬਿਨਾਂ ਕਿਸੇ ਨਕਸ਼ੇ ਅਤੇ ਹੋਰ ਅਤਿ ਲੋੜੀਂਦੇ ਸਾਮਾਨ ਤੋਂ ਬੜੀ ਹੀ ਸਾਵਧਾਨੀ ਅਤੇ ਸਫਲਤਾ ਨਾਲ ਲੈਂਡਿੰਗ ਕਰਵਾਉਣੀ, ਹਵਾਈ ਫੌਜਾਂ ਦੇ ਇਤਿਹਾਸ ਵਿਚ ਸ਼ਾਇਦ ਹੀ ਅਜਿਹੀਆਂ ਹੋਰ ਉਦਾਹਰਨਾਂ ਮਿਲ ਸਕਣ। ਏਅਰ ਕਮਾਂਡਰ ਸਰਦਾਰ ਮੇਹਰ ਸਿੰਘ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਮੁੱਖ ਰੱਖਦਿਆਂ ਅਨੇਕਾਂ ਹੀ ਮਾਣ-ਸਨਮਾਨ ਮਿਲੇ। ਉਨ੍ਹਾਂ ਦੀ ਲੰਮੀ ਸੂਚੀ ਵਿੱਚੋਂ ਇੱਥੇ ਕੇਵਲ ਸਨਮਾਨ-ਪੱਤਰਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੇ ਗਿਆਤ ਲਈ ਸ਼ਾਮਲ ਕਰ ਰਹੇ ਹਾਂ ਜੋ ਇਸ ਤਰ੍ਹਾਂ ਹੈ:

## ਸਰਵ-ਸ੍ਰੇਸ਼ਠ ਸੇਵਾ ਸਨਮਾਨ

ਸਰਵ-ਸ੍ਰੇਸ਼ਠ ਸੇਵਾ ਸਨਮਾਨ ਭਾਰਤੀ ਹਵਾਈ ਫੌਜ ਦਾ ਇੱਕੋ-ਇਕ ਅਜਿਹਾ ਸਨਮਾਨ ਹੈ ਜਿਹੜਾ ਕਿ ਮਾਰਚ ੧੯੪੪ ਈ. ਵਿਚ ਕਾਰਜਕਾਰੀ ਸੁਕੈਡਰਨ ਲੀਡਰ ਮੇਹਰ ਸਿੰਘ ਨੂੰ ਪ੍ਰਦਾਨ ਕੀਤਾ ਗਿਆ।

## ਸਨਮਾਨ-ਪੱਤਰ
## ਕਾਰਜਕਾਰੀ ਸੁਕੈਡਰਨ ਲੀਡਰ ਮੇਹਰ ਸਿੰਘ
## (੧੫੫੯) ਭਾਰਤੀ ਹਵਾਈ ਫੌਜ, ਨੰ. ੬ ਸੁਕੈਡਰਨ

ਇਸ ਅਫ਼ਸਰ ਨੇ ਵੱਡੀ ਗਿਣਤੀ ਓਪਰੇਸ਼ਨਾਂ ਨੂੰ ਸਫ਼ਲਤਾ-ਪੂਰਵਕ ਨੇਪਰੇ

ਚਾੜ੍ਹਦੇ ਹੋਏ ਯੁੱਧ-ਕਲਾ, ਬਹਾਦਰੀ ਅਤੇ ਦ੍ਰਿੜ੍ਹਤਾ ਦਾ ਪ੍ਰਗਟਾਵਾ ਕੀਤਾ ਹੈ। ਇਹ ਬਹੁਤ ਹੀ ਉਤਸ਼ਾਹੀ ਲੀਡਰ ਹੈ ਜਿਸ ਦੀ ਮਿਸਾਲ ਸੁਕੈਡਰਨ ਦੀ ਜੁਝਾਰੂ ਭਾਵਨਾ ਵਿੱਚੋਂ ਪ੍ਰਗਟ ਹੁੰਦੀ ਹੈ। ਇਸ ਅਫ਼ਸਰ ਨੇ ਬਹੁਤ ਹੀ ਵਡਮੁੱਲੀ ਸੇਵਾ ਕੀਤੀ ਹੈ।

## ਮਹਾਂਵੀਰ ਚੱਕਰ

੨੬ ਜਨਵਰੀ, ੧੯੫੦ ਈ. ਨੂੰ ਜਦੋਂ ਭਾਰਤੀ ਹਥਿਆਰਬੰਦ ਫੌਜਾਂ ਲਈ ਸਨਮਾਨ ਅਤੇ ਤਮਗੇ ਸਥਾਪਿਤ ਕੀਤੇ ਗਏ ਹਵਾਈ ਫੌਜ ਦੇ ਅਫ਼ਸਰ ਨੂੰ ਦੂਜੇ ਸਭ ਤੋਂ ਵੱਡੇ ਫੌਜੀ ਤਮਗੇ ਮਹਾਂਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ।

## ਸਨਮਾਨ-ਪੱਤਰ

## ਏਅਰ ਕਮਾਂਡਰ ਮੇਹਰ ਸਿੰਘ, ਡੀ.ਐਸ.ਓ. (੧੫੫੯), ਜੀ.ਡੀ. (ਪੀ.)

ਜੰਮੂ ਅਤੇ ਕਸ਼ਮੀਰ ਵਿਚ ਏ.ਓ.ਸੀ. ਨੰ. ੧ ਗਰੁੱਪ ਕੰਟਰੋਲਿੰਗ ਓਪਰੇਸ਼ਨਜ਼ ਵਜੋਂ ਆਪਣੀ ਸਮੁੱਚੀ ਸੇਵਾ ਦੌਰਾਨ ਏਅਰ ਕਮਾਂਡਰ ਮੇਹਰ ਸਿੰਘ ਨੇ ਨਿੱਜੀ ਖ਼ਤਰਿਆਂ ਦੀ ਪ੍ਰਵਾਹ ਕੀਤੇ ਬਗ਼ੈਰ ਦ੍ਰਿੜ੍ਹਤਾ-ਪੂਰਵਕ ਡਿਊਟੀ ਕਰਦੇ ਹੋਏ ਆਪਣੇ ਅਧੀਨ ਕੰਮ ਕਰਨ ਵਾਲਿਆਂ ਲਈ ਮਿਸਾਲ ਕਾਇਮ ਕੀਤੀ। ਪੁਣਛ ਅਤੇ ਲੇਹ ਵਿਖੇ ਐਮਰਜੈਂਸੀ ਲੈਂਡਿੰਗ ਗਰਾਊਂਡ 'ਤੇ ਹਵਾਈ ਜਹਾਜ਼ ਉਡਾਉਣ ਵਾਲਾ ਇਹ ਪਹਿਲਾ ਪਾਈਲਟ ਸੀ। ਇਹ ਕੰਮ ਇਸ ਦੀ ਡਿਊਟੀ ਦਾ ਹਿੱਸਾ ਨਹੀਂ ਸੀ ਅਤੇ ਇਹ ਜਾਣਦੇ ਹੋਏ ਕਿ ਇਸ ਕੰਮ ਵਿਚ ਗੰਭੀਰ ਖ਼ਤਰਾ ਹੈ ਪਰ ਫਿਰ ਵੀ ਆਪਣੇ ਜੂਨੀਅਰ ਪਾਈਲਟਾਂ ਵਿਚ ਵਿਸ਼ਵਾਸ ਪੈਦਾ ਕਰਨ ਲਈ ਇਸ ਨੇ ਇਹ ਕੰਮ ਕੀਤਾ।

ਲੈਫ਼ਟ. ਜਰਨਲ ਹਰਬੰਤ ਸਿੰਘ (ਹੁਣ ਸੇਵਾ-ਮੁਕਤ) ਨੇ ਸਰਦਾਰ ਮੇਹਰ ਸਿੰਘ ਬਾਰੇ ਲਿਖਿਆ ਕਿ— "ਸਰਦਾਰ ਮੇਹਰ ਸਿੰਘ ਦੂਜੇ ਸੰਸਾਰ-ਮਹਾਂਯੁੱਧ ਦਾ ਉੱਚ ਕੋਟੀ ਦਾ ਲਾਮਿਸਾਲ ਫਾਈਟਰ-ਪਾਈਲਟ (ਜੰਗਜੂ ਹਵਾਬਾਜ਼) ਸੀ। ਉਹ ਅਤਿ ਦਰਜੇ ਦਾ ਦਲੇਰ, ਦੁਸ਼ਮਣ ਲਈ ਦਹਿਸ਼ਤ ਪੈਦਾ ਕਰਨ ਵਾਲਾ ਪਾਈਲਟ ਸੀ। ਉਸ ਦਾ ਕੋਈ ਮੁਕਾਬਲਾ ਹੀ ਨਹੀਂ, ਜਹਾਜ਼ ਦੇ ਕਾਕਪਿਟ ਵਿਚ ਬੈਠਣ ਉਪਰੰਤ ਉਹ ਉਸ ਬੜੀ ਮਹੀਨ ਮਸ਼ੀਨਰੀ ਦਾ ਹਿੱਸਾ ਹੀ ਬਣ ਜਾਂਦਾ ਸੀ।"

ਅਰਾਕਾਨ (ARAKAN) ਦੇ ਇਲਾਕੇ ਵਿਚ ਉਸ ਦੀਆਂ ਸ਼ਾਨਦਾਰ ਸੇਵਾਵਾਂ ਦੇ ਮੱਦੇਨਜ਼ਰ ਮਾਰਚ, ੧੯੪੪ ਈ. ਵਿਚ ਉਨ੍ਹਾਂ ਨੂੰ (ਡਿਸਟਿੰਗੁਇਸ਼ ਸਰਵਿਸ ਆਰਡਰ) D.S.O. "ਪਰਮ ਸ੍ਰੇਸ਼ਠ ਸੇਵਾ ਸਨਮਾਨ" ਦੇ ਸ਼ਾਨਦਾਰ ਅਵਾਰਡ ਨਾਲ ਸਨਮਾਨਿਆ ਗਿਆ, ਜੰਮੂ-ਕਸ਼ਮੀਰ ਵਿਚ ਲਾਮਿਸਾਲ ਸੇਵਾਵਾਂ ਸਦਕਾ ਉਨ੍ਹਾਂ ਨੂੰ ਮਹਾਂਵੀਰ ਚੱਕਰ (M.V.C.) (ਭਾਰਤੀ ਫੌਜਾਂ ਵਿਚ ਦੂਜਾ ਵੱਡਾ ਸਨਮਾਨ) ਨਾਲ ਸਨਮਾਨਿਆ ਜਾਣ ਵਾਲਾ ਉਹ ਪਹਿਲਾ ਭਾਰਤੀ ਹਵਾਬਾਜ਼ ਸੀ। ਸਰਦਾਰ ਮੇਹਰ ਸਿੰਘ ਦੀ ਸਾਰੀ ਜ਼ਿੰਦਗੀ ਖਾਸ ਕਰਕੇ ਫੌਜੀ ਜ਼ਿੰਦਗੀ ਦੀ ਕਿਤਾਬ ਦਾ ਪੰਨਾ ਸੁਨਹਿਰੀ ਅਤੇ ਮਾਣ ਅਤੇ ਸ਼ਾਨ

ਭਰਪੂਰ ਅੱਖਰਾਂ ਨਾਲ ਲਿਖਿਆ ਹੋਇਆ ਹੈ ਜੋ ਉਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਕਰੇ ਬਗੈਰ ਵੱਡੇ ਵੱਡੇ ਜੋਖਮ ਅਤੇ ਚਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨਿਆ, ਨਿਭਾਇਆ ਅਤੇ *ਨਿਸਚੈ ਕਰ ਅਪਨੀ ਜੀਤ ਕਰੋਂ॥* ਅਨੁਸਾਰ ਬੱਬਰ ਸ਼ੇਰ ਵਾਂਗ ਹਿੱਕ ਡਾਹ ਕੇ ਮੁਕਾਬਲੇ ਕਰ ਕੇ ਦੁਸ਼ਮਣ ਨੂੰ ਧੂਲ ਚਟਾ ਕੇ ਦੇਸ਼ ਦੀਆਂ ਸਰਹੱਦਾਂ ਦੀ ਬਾਖੂਬੀ ਰਾਖੀ ਕਰ ਕੇ ਬਹੁਤ ਮਾਣ ਪ੍ਰਾਪਤ ਕੀਤਾ ਅਤੇ ਸਿੱਖ ਕੌਮ ਦਾ ਸਿਰ ਵੀ ਮਾਣ ਨਾਲ ਉੱਚਾ ਕੀਤਾ।

੧੯੪੭-੪੮ ਈ. ਵਿਚ ਯੁੱਧ ਦੀ ਸਮਾਪਤੀ ਉਪਰੰਤ ਸਰਦਾਰ ਮੇਹਰ ਸਿੰਘ ਨੂੰ ਹਵਾਈ ਫੌਜ ਨੂੰ ਮੁੜ ਸੰਗਠਿਤ ਕਰਨ ਅਤੇ ਇਕ ਮਜਬੂਤ ਫੋਰਸ ਬਣਾਉਣ ਦਾ ਕਠਿਨ ਪਰੰਤੂ ਮਾਣਮੱਤਾ ਕਾਰਜ ਸੌਂਪਿਆ ਗਿਆ। ਉਸ ਸਮੇਂ ਉਹ ਵਿੰਗ ਕਮਾਂਡਰ ਦੇ ਅਹੁਦੇ ਉੱਤੇ ਤਾਇਨਾਤ ਸਨ। ਉਨ੍ਹਾਂ ਦੀ ਕਾਰਜ-ਕੁਸ਼ਲਤਾ ਅਤੇ ਨਿਸ਼ਠਾ ਨੂੰ ਮੁੱਖ ਰੱਖਦਿਆਂ ਆਰਮਡ ਫੋਰਸਿਜ਼ ਨੈਸ਼ਨਲਾਈਜੇਸ਼ਨ ਕਮੇਟੀ (ਭਾਵ ਅਜ਼ਾਦੀ ਤੋਂ ਬਾਅਦ ਏਅਰ ਫੋਰਸ ਅੰਗਰੇਜ਼ੀ ਰਾਜ ਦੀ ਥਾਂ ਰਾਸ਼ਟਰੀ ਏਅਰ ਫੋਰਸ ਦੇ ਤੌਰ ਉੱਤੇ ਸੰਗਠਿਤ (ਮੁੜ ਉਸਾਰੀ ਕਰਨ) ਦਾ ਮੈਂਬਰ ਨਿਯੁਕਤ ਕੀਤਾ ਅਤੇ ਨਾਲ ਹੀ G.H.Q. Affairs Selection-Board, ਦੇਹਰਾਦੂਨ ਦਾ ਡਿਪਟੀ ਪ੍ਰੈਜ਼ੀਡੈਂਟ (ਭਾਵ ਹਵਾਈ ਫੌਜ ਵਿਚ ਭਰਤੀ ਕਰਨ ਹਿੱਤ ਗਠਨ ਕੀਤੇ ਬੋਰਡ ਦਾ ਉਪ ਪ੍ਰਧਾਨ ਨਿਯੁਕਤ ਕੀਤਾ ਅਤੇ ਤਰੱਕੀ ਦੇ ਕੇ ਏਅਰ ਕਮਾਂਡਰ ਦੇ ਪ੍ਰਤਿਸ਼ਠ ਅਹੁਦੇ ਉੱਤੇ ਤਾਇਨਾਤ ਕਰ ਦਿੱਤਾ ਸੀ ਅਤੇ ਉਨ੍ਹਾਂ ਦੀ ਪੋਸਟਿੰਗ ਜੰਮੂ-ਕਸ਼ਮੀਰ ਵਿਖੇ ਕਰ ਦਿੱਤੀ ਗਈ ਪਰੰਤੂ ਹਵਾਈ ਫੌਜ ਦੇ ਮੁੜ ਸੰਗਠਿਤ ਕਰਨ ਅਤੇ ਅਫ਼ਸਰਾਂ ਦੀ ਭਰਤੀ ਕਰਨ, ਫੌਜੀ ਸਾਜ-ਓ-ਸਾਮਾਨ ਦੀ ਖਰੀਦ-ਓ-ਫਰੋਖਤ ਕਰਨ ਵਿਚ ਹੋ ਰਹੀਆਂ ਬੇਨਿਯਮੀਆਂ ਅਤੇ ਫਿਰਕੂ ਭਾਵਨਾਵਾਂ ਅਧੀਨ ਭਰਤੀ ਕਰਨ ਦੀ ਕਾਰਵਾਈ ਕਾਰਨ ਨਿਯਮਾਂ ਤੋਂ ਉਲਟ ਬਦਲੀਆਂ ਕਰਨ, ਫੌਜ ਵਿਚ ਸਟੈਂਡਰਡ ਅਤੇ ਜਾਬਤਾ (ਡਿਸਪਲਿਨ) ਕਾਇਮ ਕਰਨ, ਫੌਜ ਦੀ ਮਜਬੂਤੀ ਲਈ ਪ੍ਰੋਗਰਾਮ ਆਦਿ ਉੱਤੇ ਆਪਣੇ ਸੀਨੀਅਰ ਅਫ਼ਸਰਾਂ ਨਾਲ ਮੱਤਭੇਦ ਹੋ ਜਾਣ ਕਾਰਨ ਉਨ੍ਹਾਂ ਨੇ ਇਸ ਕਲੇਸ਼ ਵਿਚ ਉਲਝਣ ਦੀ ਥਾਂ ਅਸਤੀਫ਼ਾ ਦੇ ਕੇ ਜਿਸ ਫੌਜ ਦੀ ਚੜ੍ਹਦੀ ਕਲਾ ਅਤੇ ਜਿੱਤਾਂ ਲਈ ਆਪਣੀ ਜਾਨ ਵਾਰ-ਵਾਰ ਦਾਅ ਉੱਤੇ ਲਗਾ ਕੇ ਨਾਮਣਾ ਹੀ ਨਹੀਂ ਖੱਟਿਆ ਸਗੋਂ ਫੋਰਸ ਦਾ ਮਨੋਬਲ ਵੀ ਉੱਚਾ ਕੀਤਾ ਅਤੇ ਮਾਣ-ਸਨਮਾਨ ਵੀ ਦਿਵਾਇਆ ਅਤੇ ਉਹ ਬੜੇ ਭਾਰੀ ਮਨ ਪਰੰਤੂ ਅਣਖ ਅਤੇ ਗ਼ੈਰਤ ਨਾਲ ਹਵਾਈ ਫੌਜ ਤੋਂ ਵੱਖ ਹੋ ਗਏ। ਉਨ੍ਹਾਂ ਸੇਵਾ-ਮੁਕਤੀ ਪ੍ਰਾਪਤ ਕਰ ਲਈ। ਅਜੋਕੇ ਸਮੇਂ ਵਿਚ ਦੇਸ਼ ਦੇ ਵੱਖ-ਵੱਖ ਮਹਿਕਮਿਆਂ ਅੰਦਰ ਇਮਾਨਦਾਰ, ਗੈਰਤ, ਗੌਰਵ ਅਤੇ ਅਣਖ ਨਾਲ ਦੇਸ਼ ਦੀ ਸੇਵਾ ਕਰ ਰਹੇ ਅਨੇਕਾਂ ਅਫਸਰ ਹੁਣ ਵੀ ਹਨ। ਉਨ੍ਹਾਂ ਨੂੰ ਵੀ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਤਰ੍ਹਾਂ ਕਿਸੇ ਪ੍ਰਤਿਸ਼ਠ ਅਤੇ ਉੱਚਤਮ ਗੁਣਾਂ ਵਾਲੇ ਇਮਾਨਦਾਰ ਅਫ਼ਸਰ ਨੂੰ ਅਸਤੀਫਾ ਦੇਣ ਲਈ ਮਜਬੂਰ ਕਰਨਾ ਅਤਿ-ਦੁਖਦਾਇਕ ਹੈ।

ਇਹ ਉੱਚ ਕੋਟੀ ਦਾ ਬਹਾਦਰ, ਨਿਡਰ, ਮੌਤ ਨੂੰ ਮਖੌਲ ਕਰਨ ਵਾਲਾ ਅਕਾਲ ਪੁਰਖ ਦੇ

ਭਾਣੇ ਦਾ ਦ੍ਰਿੜ ਵਿਸ਼ਵਾਸੀ, ਆਪਣੇ ਫਰਜ਼ ਪ੍ਰਤੀ ਪੂਰੀ ਨਿਸ਼ਠਾ ਨਾਲ ਸਮਰਪਿਤ, ਨਿਪੁੰਨ ਹਵਾਬਾਜ਼, ਦੂਰ-ਦ੍ਰਿਸ਼ਟੀ ਵਾਲੇ ਪਰਉਪਕਾਰੀ ਕਮਾਂਡਰ ਸਰਦਾਰ ਮੇਹਰ ਸਿੰਘ ਨੂੰ ਸੇਵਾ-ਮੁਕਤੀ ਤੋਂ ਬਾਅਦ ਪਟਿਆਲਾ ਨਰੇਸ਼ ਮਹਾਰਾਜਾ ਯਾਦਵਿੰਦਰ ਸਿੰਘ ਜੀ ਨੇ ਨਵੇਂ ਬਣੇ ਸੂਬੇ ਪੈਪਸੂ, ਜਿਸ ਦੇ ਉਹ ਰਾਜ ਪ੍ਰਮੁੱਖ (Lt. Govornor) ਸਨ, ਵਿਚ ਨਿੱਜੀ ਸਲਾਹਕਾਰ ਨਿਯੁਕਤ ਕਰ ਲਿਆ, ਇੱਥੇ ਮਹਾਰਾਜਾ ਸਾਹਿਬ ਦੇ ਨਾਲ ਰਹਿ ਕੇ ਬੜੀ ਸ਼ਾਨਦਾਰ ਸੇਵਾ ਨਿਭਾਈ। ਅੰਤ ਨੂੰ ੧੯ ਮਾਰਚ, ੧੯੫੨ ਈ. ਨੂੰ ਜੰਮੂ ਤੋਂ ਦਿੱਲੀ ਆਉਂਦਿਆਂ ਹੋਇਆ ਉਨ੍ਹਾਂ ਦਾ ਜਹਾਜ਼ ਭਾਰੀ ਤੂਫਾਨ ਵਿਚ ਫਸ ਗਿਆ। ਜਿਸ ਨੇ ਉਸ ਪਰਮ ਵਸ਼ਿਸ਼ਟ-ਸ੍ਰੇਸ਼ਠ ਸਿੱਖ ਏਅਰ ਕਮਾਂਡਰ ਨੂੰ ਮੌਤ ਦੀ ਆਗੋਸ਼ ਵਿਚ ਭੇਜ ਕੇ *ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ* ਵਾਲੇ ਕਰਮਯੋਗੀ ਇਕ ਸ਼ਾਨਦਾਰ, ਸ਼ਾਨਾਂਮੱਤੀ, ਮਾਣਮੱਤੀ ਜ਼ਿੰਦਗੀ ਦਾ ਅੰਤ ਕਰ ਦਿੱਤਾ। ਸ. ਮੇਹਰ ਸਿੰਘ ਦੀ ਮੌਤ ਅਤਿ ਅਫਸੋਸ! ਅਤਿ ਦੁਖਦਾਇਕ/ਨਾ ਪੂਰਾ ਹੋਣ ਵਾਲਾ ਕੌਮੀ ਘਾਟਾ ਹੈ।

ਇਹ ਗੱਲ ਬੜੀ ਹੀ ਦੁਖਦਾਇਕ ਹੈ ਕਿ ਫੌਜ ਨੇ ਤਾਂ ਉਨ੍ਹਾਂ ਨੂੰ ਭੁਲਾਇਆ ਹੀ ਸੀ ਕਿਉਂਕਿ ਇਹ ਸਾਡੇ ਦੇਸ਼ ਦਾ ਤਾਂ ਸੱਭਿਆਚਾਰ ਹੀ ਬਣਿਆ ਹੋਇਆ ਹੈ ਕਿ ਆਪਣੇ ਨਿੱਜੀ ਘੇਰੇ ਤੋਂ ਬਾਹਰਲੇ ਕਿਸੇ ਵੀ ਵੱਡੇ ਤੋਂ ਵੱਡੇ ਇਨਸਾਨ ਨੂੰ ਭੁਲਾ ਹੀ ਨਹੀਂ ਦਿੰਦੇ ਸਗੋਂ ਉਨ੍ਹਾਂ ਦੇ ਇਤਿਹਾਸ ਨੂੰ ਤਰੋੜ-ਮਰੋੜ ਉਨ੍ਹਾਂ ਦੀ ਮਾਣ-ਪ੍ਰਤਿਸ਼ਠਾ ਨੂੰ ਬਰਬਾਦ ਕਰ ਦਿੱਤਾ ਜਾਂਦਾ ਹੈ। ਕੇਵਲ ਉਨ੍ਹਾਂ ਨੂੰ ਹੀ ਯਾਦ ਕੀਤਾ ਜਾਂਦਾ ਹੈ, ਵਡਿਆਇਆ ਜਾਂਦਾ ਹੈ ਜਿਨ੍ਹਾਂ ਦਾ ਕੋਈ ਵਿਸ਼ੇਸ਼ ਯੋਗਦਾਨ ਨਹੀਂ ਹੁੰਦਾ। ਇਹ ਵਤੀਰਾ ਦੇਸ਼ ਅਤੇ ਕੌਮ ਦੇ ਹਿੱਤ ਵਿਚ ਨਹੀਂ ਹੈ। ਮੈਂ ਆਪਣੇ ਪ੍ਰਧਾਨਗੀ ਕਾਰਜ-ਕਾਲ ਸਮੇਂ ਵੱਡੇ ਸਿੱਖ ਜਰਨੈਲਾਂ ਦੇ ਸਨਮਾਨ ਵਿਚ ਸਮਾਗਮ ਅਤੇ ਸੈਮੀਨਾਰ ਵੀ ਕਰਵਾਏ ਸਨ ਅਤੇ ਉਨ੍ਹਾਂ ਦੀਆਂ ਤਸਵੀਰਾਂ ਨੂੰ 'ਕੇਂਦਰੀ ਸਿੱਖ ਅਜਾਇਬ ਘਰ' ਵਿਚ ਲਗਵਾਈਆਂ ਸਨ ਪਰੰਤੂ ਮੈਨੂੰ ਬਹੁਤ ਅਫਸੋਸ ਹੈ ਕਿ ਮੇਰੇ ਆਪਣੇ ਪਿੰਡ ਬਡੂੰਗਰ ਤੋਂ ਦੋ ਕਿਲੋਮੀਟਰ, ਮੇਰੇ ਸਕੂਲ, ਖ਼ਾਲਸਾ ਹਾਈ ਸਕੂਲ, ਪਟਿਆਲਾ ਤੋਂ ਦੋ ਫਰਲਾਂਗ ਅਤੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਜਿੱਥੇ ਸਾਡੀਆਂ ਧਾਰਮਿਕ ਗਤੀਵਿਧੀਆਂ ਦਾ ਕੇਂਦਰ ਹੈ, ਤੋਂ ਕੇਵਲ ੨੦੦ ਗਜ (ਦੋ ਸੌ ਗਜ) ਦੀ ਦੂਰੀ ਉੱਤੇ ਉਨ੍ਹਾਂ ਦੇ ਨਾਮ ਉੱਤੇ ਬਣੀ ਮੇਹਰ ਸਿੰਘ ਕਲੋਨੀ ਵਿਖੇ ਉਨ੍ਹਾਂ ਦੀ ਕੋਠੀ ਹੈ, ਬਾਰੇ ਕੋਈ ਬਹੁਤੀ ਜਾਣਕਾਰੀ ਹੀ ਨਹੀਂ ਸੀ, ਇਸ ਉੱਤੇ ਮੈਨੂੰ ਹਮੇਸ਼ਾਂ ਅਫਸੋਸ ਹੀ ਰਹੇਗਾ। ਮੈਂ ਆਪਣੇ ਪੁਰਾਣੇ ਜਮਾਤੀ-ਮੇਰੇ ਮਿੱਤਰ ਮੇਜਰ ਜਰਨਲ (ਸੇਵਾ-ਮੁਕਤ) ਸਰਦਾਰ ਗੁਰਜੀਤ ਸਿੰਘ (ਸਿੱਧੂ) ਦਾ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਏਅਰ ਕਮਾਂਡਰ ਦੇ ਜੀਵਨ ਬਾਰੇ ਲਿਖਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਬਾਰੇ ਕੁਝ ਮਹੱਤਵਪੂਰਨ ਜਾਣਕਾਰੀ ਵੀ ਦਿੱਤੀ। ਮੈਂ ਆਪਣੇ ਪੋਤਰੇ ਕਾਕਾ ਜੋਤਇੰਦਰਪਾਲ ਸਿੰਘ ਐਮ. ਬੀ. ਏ. ਦਾ ਵੀ ਧੰਨਵਾਦੀ ਹਾਂ, ਜਿਸ ਨੇ ਏਅਰ ਕਮਾਂਡਰ ਸਰਦਾਰ ਮੇਹਰ ਸਿੰਘ (ਬਾਬਾ) ਬਾਰੇ ਇੰਟਰਨੈੱਟ ਤੋਂ ਜਾਣਕਾਰੀ ਪ੍ਰਾਪਤ ਕਰ ਕੇ ਮੈਨੂੰ ਦਿੱਤੀ ਅਤੇ ਮੈਂ ਇਹ ਲੇਖ ਆਪਣੀ ਬੁੱਧੀ ਅਨੁਸਾਰ ਪੰਜਾਬੀ ਭਾਸ਼ਾ ਵਿਚ ਲਿਖ ਕੇ ਪਾਠਕਾਂ ਦੀ ਸੇਵਾ ਵਿਚ ਭੇਟ ਕਰਨ ਦਾ ਸੁਭਾਗ ਪ੍ਰਾਪਤ ਕਰ ਰਿਹਾ ਹਾਂ। ■

# ਇਕ ਅਦੁੱਤੀ ਸਿੱਖ ਜਰਨੈਲ : ਸਰਦਾਰ ਬਘੇਲ ਸਿੰਘ

*-ਡਾ. (ਕਰਨਲ) ਦਲਵਿੰਦਰ ਸਿੰਘ**

ਸਰਦਾਰ ਬਘੇਲ ਸਿੰਘ ਸਿੱਖ ਇਤਿਹਾਸ ਦਾ ਉਹ ਪੰਨਾ ਹੈ ਜਿਸ ਨੇ ਬਾਬਾ ਬੰਦਾ ਸਿੰਘ ਬਹਾਦਰ ਪਿੱਛੋਂ ਮਿਸਲ ਕਾਲ ਦੇ ਸੰਘਰਸ਼ 'ਚ ਭਰਪੂਰ ਹਿੱਸਾ ਪਾਇਆ। ਉਨ੍ਹਾਂ ਨੇ ਸਿੱਖਾਂ ਦਾ ਪ੍ਰਭਾਵ ਅਵਧ, ਉਤਰਾਖੰਡ ਤੇ ਦਿੱਲੀ ਤਕ ਫੈਲਾਇਆ। ਜੇ ਦੁਆਬਾ, ਮਾਝਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਫੈਲਾਉਣ ਦੀ ਪਿੱਠ-ਭੂਮੀ ਬਣੇ, ਮਾਲਵਾ ਫੂਲਕੀਆ ਰਿਆਸਤਾਂ ਦੇ ਵਧਣ-ਫੁਲਣ ਦਾ ਮੈਦਾਨ ਬਣਿਆ ਤਾਂ ਹਰਿਆਣਾ ਸਰਦਾਰ ਬਘੇਲ ਸਿੰਘ ਦੇ ਪ੍ਰਭਾਵ ਨੂੰ ਵਧਾਉਣ ਦਾ ਧੁਰਾ ਰਿਹਾ। ਸਰਦਾਰ ਬਘੇਲ ਸਿੰਘ ਸਦਕਾ ਸਿੱਖਾਂ ਨੇ ੧੨ ਮਾਰਚ, ੧੭੮੩ ਈ. ਨੂੰ ਲਾਲ ਕਿਲ੍ਹੇ 'ਤੇ ਖਾਲਸਈ ਨਿਸ਼ਾਨ ਸਾਹਿਬ ਜਾ ਫਹਿਰਾਇਆ। ਸਰਦਾਰ ਬਘੇਲ ਸਿੰਘ ਹੀ ਸੀ ਜਿਸ ਨੇ ਸਿੱਖਾਂ ਦਾ ਪ੍ਰਭਾਵ ਦਿੱਲੀ ਉੱਤੇ ਰਾਖਵਾਂ ਰੱਖਿਆ। ਦਿੱਲੀ ਦੀ ਚੁੰਗੀ ਉਗਰਾਹੁਣ ਦਾ ਹੱਕ ਉਸ ਨੂੰ ਸਾਰੀ ਉਮਰ ਮਿਲਿਆ ਰਿਹਾ। ਅਵਧ ਤੇ ਉਤਰਾਂਚਲ ਦੇ ਇਲਾਕਿਆਂ ਉੱਤੇ ਹਮਲੇ ਕਰ ਕੇ ਰਾਖੀ ਪ੍ਰਬੰਧ ਸਥਾਪਿਤ ਕਰਨ ਵਿਚ ਉਹ ਹੀ ਮੋਹਰੀ ਸੀ। ਮਰਾਠਿਆਂ ਨਾਲ ਦਿੱਲੀ ਦੇ ਰਾਜ ਪ੍ਰਬੰਧ ਬਾਰੇ ਸਿੱਖਾਂ ਨਾਲ ਸਮਝੌਤਾ ਹੋਇਆ ਤਾਂ ਇਹ ਸਰਦਾਰ ਬਘੇਲ ਸਿੰਘ ਹੀ ਸੀ ਜਿਸ ਨੇ ਸਿੱਖਾਂ ਵੱਲੋਂ ਰਾਜ ਦਰਬਾਰ 'ਤੇ ਮਰਾਠਿਆਂ ਨਾਲ ਤਿੰਨ ਧਿਰੀ ਸਮਝੌਤਾ ਕੀਤਾ। ਪਿੱਛੋਂ ਦਿੱਲੀ ਤੋਂ ਉੱਤਰ ਵੱਲ ਦਾ ਇਲਾਕਾ ਸਿੱਖਾਂ ਦੇ ਅਧੀਨ ਆ ਗਿਆ ਜਿਸ ਵਿਚ ਸਾਰਾ ਹਰਿਆਣਾ ਸ਼ਾਮਲ ਸੀ। ਇਸ ਇਲਾਕੇ ਦਾ ਪ੍ਰਬੰਧ ਉਦੋਂ ਤੋਂ ਲੈ ਕੇ ਅੰਗਰੇਜ਼ੀ ਰਾਜ ਹੋਣ ਤਕ ਸਰਦਾਰ ਬਘੇਲ ਸਿੰਘ ਤੇ ਉਸ ਦੇ ਪਰਵਾਰ ਕੋਲ ਰਿਹਾ। ਦਿੱਲੀ ਰਾਜ ਵਿਚ ਉਸ ਦਾ ਸਦਾ ਪ੍ਰਭਾਵ ਰਿਹਾ।

ਦਿੱਲੀ ਰਾਜ ਦੇ ਪ੍ਰਭਾਵ ਵੇਲੇ ਉਸ ਨੇ ਗੁਰਦੁਆਰਾ ਸੀਸ ਗੰਜ ਤੇ ਹੋਰ ਗੁਰਦੁਆਰਾ ਸਾਹਿਬਾਨ ਦੀ ਖੋਜ ਕੀਤੀ ਤੇ ਅਸਥਾਨ ਬਣਵਾਏ। ਸਿੱਖੀ ਖ਼ਾਤਰ ਸਰਦਾਰ ਬਘੇਲ ਸਿੰਘ ਦਾ ਇਹ ਇਕ ਸਦਾ ਯਾਦ ਰਹਿਣ ਵਾਲਾ ਯੋਗਦਾਨ ਹੈ। ਸਰਦਾਰ ਬਘੇਲ ਸਿੰਘ ਦਾ ਜਨਮ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਝਬਾਲ ਵਿਖੇ ਹੋਇਆ। ਹੋਸ਼ ਸੰਭਾਲੀ ਤੇ ਮੁੱਛ ਫੁੱਟ ਹੁੰਦਿਆਂ ਹੀ ਉਸ ਨੇ ਅੰਮ੍ਰਿਤ ਛਕਿਆ ਤੇ 'ਦਲ ਖਾਲਸਾ' ਦਾ ਮੈਂਬਰ ਬਣ ਗਿਆ ਜੋ ਉਸ ਵੇਲੇ ਸਿੱਖ ਯੋਧਿਆਂ ਦੀ ਨੁਮਾਇੰਦਾ ਜਮਾਤ ਸੀ। ਜਦ ਮਿਸਲਾਂ ਬਣੀਆਂ ਤਾਂ ਉਹ ਕਰੋੜਸਿੰਘੀਆ ਮਿਸਲ ਵਿਚ ਸ਼ਾਮਲ ਹੋ ਗਿਆ ਜਿਸ ਦਾ ਸਿਰਕੱਢ ਜਥੇਦਾਰ ਕਰੋੜਾ ਸਿੰਘ ਸੀ।

ਉੱਚਾ-ਲੰਮਾ ਸੁਡੌਲ, ਸੁੰਦਰ ਕੱਦ-ਕਾਠ, ਪੱਕਾ ਰੰਗ ਤੇ ਭੂਰੀਆਂ ਅੱਖਾਂ ਵਾਲਾ

**# ੧੯੨੫ ਬਸੰਤ ਐਵੇਨਿਊ, ਲੁਧਿਆਣਾ। ਮੋ: +੯੧੯੯੧੫੩-੬੬੭੨੬*

ਬਹਾਦਰ, ਹੌਂਸਲੇ ਵਾਲਾ, ਖੁੱਲ੍ਹੇ ਦਿਲ ਵਾਲਾ ਇਹ ਯੋਧਾ ਸਾਰੀ ਮਿਸਲ ਦੀ ਖਿੱਚ ਦਾ ਕਾਰਨ ਹੁੰਦਾ ਸੀ। ਉਹ ਘੋੜਸਵਾਰੀ ਕਰਦਾ, ਨਿਸ਼ਾਨੇ ਲਾਉਂਦਾ, ਤੇਗ ਚਲਾਉਂਦਾ, ਸਭ ਨੂੰ ਮਾਤ ਪਾ ਦਿੰਦਾ ਤੇ ਜਥੇਦਾਰ ਦੀ ਵਾਹ-ਵਾਹ ਖੱਟਦਾ। ਬਾਹਰੋਂ ਸਖ਼ਤ, ਅੰਦਰੋਂ ਨਰਮ, ਤੇਜ਼-ਤਰਾਰ ਦੂਰ ਦੀ ਸੂਝ ਵਾਲਾ ਦਿਮਾਗ, ਹਰ ਲੋੜਵੰਦ ਦੀ ਮਦਦ ਕਰਨ ਲਈ ਤਤਪਰ, ਮਿੱਠ ਬੋਲੜਾ ਤੇ ਆਦਰ ਦੇਣ ਵਾਲਾ ਇਹ ਯੋਧਾ ਸਭ ਕੋਲੋਂ ਇੱਜ਼ਤ ਖੱਟਦਾ। ਉਹ ਅਜਿਹਾ ਸਿੱਖ ਸੀ ਜੋ ਸਿੱਖੀ ਕਦਰਾਂ-ਕੀਮਤਾਂ ਦਾ ਪੱਕਾ ਧਾਰਨੀ ਸੀ। ਉਸ ਉੱਤੇ ਹਰ ਕੋਈ ਭਰੋਸਾ ਕਰਦਾ ਕਿਉਂਕਿ ਅਗਲੇ ਦੇ ਭਰੋਸੇ ਨੂੰ ਕਾਇਮ ਰੱਖਣ ਲਈ ਉਹ ਆਪਣੀ ਜਾਨ ਤਕ ਲਾਉਣ ਲਈ ਤਿਆਰ ਹੁੰਦਾ।

ਸਾਰੇ ਧਰਮਾਂ ਦੇ ਲੋਕ ਉਸ ਕੋਲ ਮਦਦ ਲਈ ਪਹੁੰਚਦੇ। ਜਦ ਬੇਗ਼ਮ ਸਮਰੂ ਉੱਪਰ ਅਵਧ ਦੇ ਨਵਾਬ ਨੇ ਹਮਲਾ ਕੀਤਾ ਤਾਂ ਇਸ ਨੂੰ ਸਰਦਾਰ ਬਘੇਲ ਸਿੰਘ ਨੇ ਹੀ ਬਚਾਇਆ। ਇਸ ਦਾ ਸਿੱਕਾ ਮੰਨ ਕੇ ਬੇਗ਼ਮ ਸਮਰੂ ਨੇ ਇਸ ਨੂੰ ਧਰਮ-ਭਰਾ ਬਣਾ ਲਿਆ ਤੇ ਨਵਾਬ ਅਵਧ ਨੇ ਸਿੱਖੀ ਧਾਰਨ ਕਰ ਲਈ। ਜਦ ਅੰਗਰੇਜ਼ ਥਾਮਸ ਨੇ ਜੀਂਦ ਉੱਪਰ ਹਮਲਾ ਕਰ ਕੇ ਆਪਣੇ ਆਪ ਨੂੰ ਮੁਸੀਬਤ ਵਿਚ ਫਸਿਆ ਸਮਝਿਆ ਤਾਂ ਉਸ ਨੇ ਵੀ ਬੁੱਢੇ ਜਰਨੈਲ ਸਰਦਾਰ ਬਘੇਲ ਸਿੰਘ ਅੱਗੇ ਮਦਦ ਲਈ ਵਾਸਤੇ ਪਾਏ ਜਿਸ ਦੀ ਸਰਦਾਰ ਬਘੇਲ ਸਿੰਘ ਨੇ ਮਦਦ ਕਰ ਕੇ ਜਿੱਤ ਦਿਵਾਈ।

ਜਦ ਭਰਤਪੁਰ ਦੇ ਰਾਜੇ ਨੇ ਸਰਦਾਰ ਕਰੋੜ ਸਿੰਘ ਅੱਗੇ ਗੁਜ਼ਾਰਿਸ਼ ਕੀਤੀ ਕਿ ਉਸ ਦੀ ਮਦਦ ਕੀਤੀ ਜਾਵੇ ਤਾਂ ਉਹ ਪੰਜ ਸੌ ਸਵਾਰ ਲੈ ਕੇ ਪਹੁੰਚਿਆ। ਰਾਹ ਵਿਚ ਇਕ ਛੋਟੇ ਯੁੱਧ ਵਿਚ ਜਥੇਦਾਰ ਕਰੋੜਾ ਸਿੰਘ ਦੇ ਗੋਲੀ ਲੱਗੀ। ਉਸ ਦੇ ਸ਼ਹੀਦ ਹੋਣ ਪਿੱਛੋਂ ਸਰਦਾਰ ਬਘੇਲ ਸਿੰਘ ਨੇ ਜਥੇ ਦੀ ਕਮਾਨ ਸੰਭਾਲ ਲਈ। ਸਰਦਾਰ ਬਘੇਲ ਸਿੰਘ ਦਾ ਭਰਵਾਂ ਜੁੱਸਾ, ਉੱਚਾ ਕੱਦ-ਕਾਠ, ਡੀਲ-ਡੌਲ ਵੇਖ ਕੇ ਘੁਮੇਰ ਦਾ ਰਾਜਾ ਡਰ ਗਿਆ ਤੇ ਸਰਦਾਰ ਬਘੇਲ ਸਿੰਘ ਨੂੰ ਸੈਨਾ ਵਾਪਸ ਲੈ ਜਾਣ ਲਈ ਬਿਨੈ ਕਰਨ ਲੱਗਾ। ਜਦ ਸਰਦਾਰ ਬਘੇਲ ਸਿੰਘ ਨੇ ਮੁਆਵਜ਼ਾ ਮੰਗਿਆ ਤਾਂ ਉਹ ਮਿੰਨਤਾਂ ਕਰਨ ਲੱਗਾ। ਸਰਦਾਰ ਬਘੇਲ ਸਿੰਘ ਪਿਘਲ ਗਿਆ ਤੇ ਮੁਆਵਜ਼ੇ ਦਾ ਕੁਝ ਕੁ ਹੀ ਹਿੱਸਾ ਵਸੂਲ ਕਰ ਉਸ ਦੀ ਆਉ-ਭਗਤ ਮਾਣ ਕੇ ਵਾਪਸ ਪਰਤਿਆ।

ਮੁੜਦੇ ਵਕਤ ਉਸ ਨੇ ਜਲੰਧਰ ਵਿਚਲੇ ਇਲਾਕੇ ਤੋਂ ਤੈਵਾਨ (ਹਰਜਾਨਾ/ਕਰ) ਵਸੂਲਣਾ ਸ਼ੁਰੂ ਕੀਤਾ ਤਾਂ ਤਲਵਾਨ ਦੇ ਸਰਦਾਰ ਮੀਆਂ ਮਹਿਮੂਦ ਖਾਨ ਰਾਜਪੁਰ ਨੇ ਉਸ ਨੂੰ ਵਧੀਆ ਘੋੜਾ ਪੇਸ਼ ਕੀਤਾ ਜਿਸ ਦੀ ਸਵਾਰੀ ਸਰਦਾਰ ਬਘੇਲ ਸਿੰਘ ਲਈ ਮਨ ਭਾਉਂਦੀ ਹੋ ਗਈ। ਉਧਰੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਜਦ ਮੀਆਂ ਮਹਿਮੂਦ ਖਾਨ ਨੂੰ ਧਮਕੀ ਮਿਲੀ ਤਾਂ ਸਰਦਾਰ ਬਘੇਲ ਸਿੰਘ ਦੀ ਸਲਾਹ 'ਤੇ ਇੱਥੇ ਸਿੱਖਾਂ ਦਾ ਇਕ ਮਜ਼ਬੂਤ ਕਿਲ੍ਹਾ ਤੇ ਚੌਕੀ ਸਥਾਪਿਤ ਕਰ ਦਿੱਤੀ ਗਈ ਜਿਸ ਨਾਲ ਇਸ ਇਲਾਕੇ ਉੱਪਰ ਸਰਦਾਰ ਬਘੇਲ ਸਿੰਘ ਦਾ ਪੱਕਾ ਪ੍ਰਭਾਵ

ਕਾਇਮ ਹੋ ਗਿਆ। ਸਰਦਾਰ ਬਘੇਲ ਸਿੰਘ ਨੂੰ ਇਸ ਦੇ ਇਲਾਕੇ ਤੋਂ ਮਾਮਲਾ ਵੀ ਮਿਲਣ ਲੱਗ ਪਿਆ।

ਜਲੰਧਰ ਦੁਆਬ ਤਾਂ ਕਰੋੜਸਿੰਘੀਆ ਮਿਸਲ ਥੱਲੇ ਪਹਿਲਾਂ ਹੀ ਸੀ, ਜਿੱਥੋਂ ਇਕ ਲੱਖ ਸਾਲਾਨਾ ਤੈਵਾਨ ਮਿਲਦਾ ਸੀ। ਸਰਦਾਰ ਬਘੇਲ ਸਿੰਘ ਨੇ ਹੁਸ਼ਿਆਰਪੁਰ ਦੇ ਨੇੜੇ ਹਰਿਆਣਾ ਨੂੰ ਆਪਣਾ ਮੁੱਖ ਟਿਕਾਣਾ ਬਣਾ ਕੇ ਆਪਣੀ ਪਤਨੀ ਰੂਪ ਕੌਰ ਨੂੰ ਮੁੱਖ ਪ੍ਰਬੰਧਕ ਥਾਪ ਦਿੱਤਾ।

ਸੰਨ ੧੭੬੧ ਵਿਚ ਹੀ ਉਹ ਕਰਨਾਲ ਵੱਲ ਪਰਤਿਆ ਤੇ ਖੁਰਦੀਨ, ਖਨੌਰੀ, ਛਲੌਂਦੀ, ਜਮੈਤਗੜ੍ਹ ਆਦਿ ਦੇ ਇਲਾਕੇ ਜਿਨ੍ਹਾਂ ਦੀ ਸਾਲਾਨਾ ਆਮਦਨ ਤਿੰਨ ਲੱਖ ਸੀ, ਜਿੱਤ ਕੇ ਆਪਣੇ ਕਬਜ਼ੇ ਵਿਚ ਕਰ ਲਏ ਤੇ ਛਲੌਂਦੀ ਆਪਣੀ ਰਿਹਾਇਸ਼ ਰੱਖ ਲਈ। ਇਸ ਵੇਲੇ ਤਕ ਉਸ ਕੋਲ ੧੨,੦੦੦ ਘੋੜ-ਸਵਾਰਾਂ ਤੋਂ ਇਲਾਵਾ ਬਹੁਤ ਵੱਡੀ ਪੈਦਲ ਫੌਜ ਸੀ। ਇਹ ਸਾਰਾ ਇਲਾਕਾ ਉਸ ਨੇ ਆਪਣੀ ਦੂਸਰੀ ਪਤਨੀ ਰਾਮ ਕੌਰ ਦੀ ਜ਼ਿੰਮੇਵਾਰੀ ਵਿਚ ਦੇ ਦਿੱਤਾ। ਤੀਸਰੀ ਪਤਨੀ ਰਤਨ ਕੌਰ ਨੂੰ ਕਲਾਨੌਰ ਦਾ ਇਲਾਕਾ ਦੇ ਦਿੱਤਾ ਤੇ ਆਪਣੇ ਆਪ ਨੂੰ ਸਾਰੇ ਇਲਾਕਿਆਂ ਨੂੰ ਬਾਹਰੀ ਹਮਲਿਆਂ ਤੋਂ ਰੋਕਣ ਤੇ ਇਲਾਕੇ ਨੂੰ ਹੋਰ ਵਧਾਉਣ ਲਈ ਵਿਹਲਾ ਰੱਖਿਆ।

ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਜਦ ਉਸ ਦੇ ਇਲਾਕੇ ਨੂੰ ਹਥਿਆਇਆ ਤਾਂ ਸਰਦਾਰ ਬਘੇਲ ਸਿੰਘ ਭਾਰੀ ਫੌਜ ਲੈ ਕੇ ਉਸ ਉੱਪਰ ਚੜ੍ਹ ਪਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਚੈਨ ਸਿੰਘ ਵਕੀਲ ਦੀ ਵਿਚੋਲਗੀ ਸਦਕਾ ਮਹਾਰਾਜਾ ਅਮਰ ਸਿੰਘ ਨੇ ਇਲਾਕੇ ਵੀ ਮੋੜ ਦਿੱਤੇ ਤੇ ਆਪਣੇ ਵਕੀਲ ਨੂੰ ਭੇਜਿਆ ਜਿਸ ਨੇ ਕਿਹਾ— "ਸਿੰਘ ਜੀ, ਰੁਕੋ, ਅਗਿਉਂ ਵੀ ਪੰਥ ਦੇ ਸੇਵਕ ਹਨ। ਜੋ ਹੁਕਮ ਹੋਵੇ।' ਇਸ ਪਿੱਛੋਂ ਮਹਾਰਾਜਾ ਅਮਰ ਸਿੰਘ ਨੇ ਆਪਣੇ ਸਪੁੱਤਰ ਸਾਹਿਬ ਸਿੰਘ ਨੂੰ ਸਰਦਾਰ ਬਘੇਲ ਸਿੰਘ ਦੇ ਜਥੇ ਪਾਸੋਂ ਅੰਮ੍ਰਿਤ ਛਕਾ ਕੇ ਅੰਮ੍ਰਿਤਧਾਰੀ ਬਣਵਾ ਦਿੱਤਾ। ਦੋਵਾਂ ਵਿਚ ਸਦੀਵੀ ਸਾਂਝ ਹੋ ਗਈ।

ਸਰਹਿੰਦ ਉੱਤੇ ਹਮਲੇ ਕਰ ਕੇ ਸਰਹਿੰਦ ਦਾ ਸਾਰਾ ਹਿੱਸਾ ਸਿੱਖ ਮਿਸਲਾਂ ਨੇ ਵੰਡ ਲਿਆ ਤੇ ਸਾਰਾ ਪੰਜਾਬ ਮਿਸਲਾਂ ਅਧੀਨ ਹੋ ਗਿਆ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਮਿਲ ਕੇ ੪੦,੦੦੦ ਦੀ ਫੌਜ ਲੈ ਸਹਾਰਨਪੁਰ, ਮੁਜ਼ੱਫਰਪੁਰ ਤੇ ਮੇਰਠ ਦੇ ਇਲਾਕੇ ਵਿਚ ੨੦ ਫਰਵਰੀ, ੧੭੬੪ ਈ. ਤੋਂ ਹੱਲਾ ਸ਼ੁਰੂ ਕਰ ਦਿੱਤਾ। ਫਿਰ ਗੰਗਾ ਪਾਰ ਕਰ ਕੇ ਨਜੀਬਾਬਾਦ, ਮੁਰਾਦਾਬਾਦ ਤੇ ਅਨੂਪ ਸ਼ਹਿਰ ਦੇ ਇਲਾਕਿਆਂ ਉੱਪਰ ਆਪਣਾ ਰਾਖੀ ਪ੍ਰਬੰਧ ਜਮਾ ਕੇ ਦੋ ਮਹੀਨਿਆਂ ਪਿੱਛੋਂ ਪਰਤੇ। ਸੰਨ ੧੭੭੫ ਵਿਚ ਬਿਆਸ ਦੇ ਆਸਪਾਸ ਦਾ ਇਲਾਕਾ ਤੇ ਸੰਨ ੧੭੯੨ ਵਿਚ ਉਸ ਨੇ ਤਰਨ ਤਾਰਨ, ਸਭਰਾਉਂ ਤੇ ਸਰਹਾਲੀ ਆਪਣੇ ਕਬਜ਼ੇ ਵਿਚ ਕੀਤੇ।

ਸੰਨ ੧੭੬੧ ਤੋਂ ੧੭੭੦ ਈ. ਤਕ ਅਵਧ ਦਾ ਨਵਾਬ ਨਜੀਬ-ਉ-ਦੌਲਾ,

ਦਿੱਲੀ ਦਾ ਪ੍ਰਬੰਧ ਦੇਖ ਰਿਹਾ ਸੀ। ਜਦ ਸਿੱਖਾਂ ਨੇ ਇਸ ਦੇ ਇਲਾਕੇ ਨੂੰ ਕਬਜ਼ੇ ਵਿਚ ਲਿਆ ਤਾਂ ਡਰਦੇ ਨੇ ਗਿਆਰ੍ਹਾਂ ਲੱਖ ਸਾਲਾਨਾ ਤੈਵਾਨ ਦੇਣਾ ਮੰਨ ਕੇ ਸਿੱਖਾਂ ਤੋਂ ਆਪਣੀ ਜਾਨ ਬਖਸ਼ੀ ਕਰਵਾਈ। ਸੰਨ ੧੭੭੩ ਵਿਚ ਜ਼ਾਬਿਤਾ ਖਾਨ ਰੋਹਿਲਾ ਤੋਂ ਨਨੌਤਾ ਤੇ ਜਲਾਲਾਬਾਦ ਜਿੱਤੇ।

ਇਕ ਬ੍ਰਾਹਮਣ ਸੰਨ ੧੭੬੬ ਵਿਚ ਸ੍ਰੀ ਅੰਮ੍ਰਿਤਸਰ ਸ੍ਰੀ ਅਕਾਲ ਤਖਤ ਸਾਹਿਬ 'ਤੇ ਫਰਿਆਦ ਲੈ ਕੇ ਆਇਆ ਕਿ ਸੱਯਦ ਮੁਹੰਮਦ ਹਸਨ ਖਾਨ, ਉਸ ਦੀ ਲੜਕੀ ਨੂੰ ਡੋਲੇ ਵਿਚ ਪਾ ਕੇ ਲੈ ਗਿਆ ਹੈ ਤੇ ਮੁਸਲਮਾਨ ਬਣਨ ਲਈ ਦੁਖੀ ਕਰ ਰਿਹਾ ਹੈ। ਸਰਦਾਰ ਬਘੇਲ ਸਿੰਘ ਦਲ ਖਾਲਸਾ ਦੇ ਹੋਰ ਜਥੇਦਾਰਾਂ ਨਾਲ ਹਸਨ ਖਾਨ 'ਤੇ ਚੜ੍ਹ ਪਿਆ ਤੇ ਲੜਕੀ ਨੂੰ ਛੁਡਵਾਇਆ। ਇਸ ਪਿੱਛੋਂ ਜਦ ਵੀ ਕੋਈ ਕਿਸੇ ਦੀ ਧੀ-ਭੈਣ ਦੀ ਇੱਜ਼ਤ ਨਾਲ ਖੇਡਣ ਦੀ ਕੋਸ਼ਿਸ਼ ਕਰਦਾ, ਉਹ ਬਿਨੈ ਲੈ ਕੇ ਸਰਦਾਰ ਬਘੇਲ ਸਿੰਘ ਕੋਲ ਪਹੁੰਚ ਜਾਂਦੇ। ਸਰਦਾਰ ਬਘੇਲ ਸਿੰਘ ਧੀਆਂ-ਭੈਣਾਂ ਦੀ ਆਬਰੂ ਦਾ ਮੁਜੱਸਮਾ ਬਣ ਗਿਆ। ਸਤਲੁਜ ਤੇ ਗੰਗਾ ਦੁਆਬ ਦੇ ਇਲਾਕੇ ਦਾ ਸਮੁੱਚਾ ਪ੍ਰਬੰਧ ਸਰਦਾਰ ਬਘੇਲ ਸਿੰਘ ਹੱਥ ਸੌਂਪ ਦਿੱਤਾ ਗਿਆ। 'ਪੰਥ ਪ੍ਰਕਾਸ਼' ਅਨੁਸਾਰ ਹਸਨ ਖਾਨ ਭੱਜ ਕੇ ਛੁਪ ਗਿਆ ਤੇ ਉਸ ਦੀ ਛਿਪਣ ਵਾਲੀ ਥਾਂ ਨੂੰ ਅੱਗ ਲਾ ਦਿੱਤੀ ਗਈ ਤਾਂ ਉਹ ਵਿੱਚੇ ਹੀ ਸੜ ਗਿਆ। ਇਸ ਇਲਾਕੇ ਦੇ ਪ੍ਰਭਾਵੀ ਵਿਅਕਤੀ ਦਾ ਸਮੁੱਚਾ ਪ੍ਰਭਾਵ ਉਦੋਂ ਤੋਂ ਸਿੱਖਾਂ ਹੱਥ ਆ ਗਿਆ।

ਸਿੱਖਾਂ ਦਾ ਦਿੱਲੀ ਉੱਪਰ ਹਮਲਾ ੧੮ ਜਨਵਰੀ, ੧੭੭੪ ਈ. ਨੂੰ ਸੀ ਜੋ ਸਰਦਾਰ ਬਘੇਲ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਬਾਦਸ਼ਾਹ ਨੇ ਸਰਦਾਰ ਬਘੇਲ ਸਿੰਘ ਨੂੰ ਸਨਮਾਨ ਸਹਿਤ ਬੁਲਾਇਆ ਤੇ ਦਸ ਹਜ਼ਾਰ ਘੋੜ-ਸਵਾਰਾਂ ਨਾਲ ਉਨ੍ਹਾਂ ਦੀ ਰਖਵਾਲੀ ਕਰਨ ਲਈ ਕਿਹਾ ਜਿਸ ਲਈ ਸ਼ਾਹਬਾਜ਼ਪੁਰ ਦਾ ਇਲਾਕਾ ਸਰਦਾਰ ਬਘੇਲ ਸਿੰਘ ਨੂੰ ਸੌਂਪਿਆ ਜਾਣਾ ਸੀ ਪਰ ਸਰਦਾਰ ਬਘੇਲ ਸਿੰਘ ਨੇ ਇਹ ਨਾਮਨਜ਼ੂਰ ਕਰ ਦਿੱਤਾ ਤੇ ਖ਼ਿੱਲਤ ਤੇ ਹੋਰ ਤੋਹਫੇ ਲੈ ਕੇ ਵਾਪਸ ਆ ਗਿਆ। ਬਾਦਸ਼ਾਹ ਨੇ ਬੇਗ਼ਮ ਸਮਰੂ (ਸਰਧਾਨਾ ਦੀ ਬੇਗ਼ਮ) ਜੋ ਸਰਦਾਰ ਬਘੇਲ ਸਿੰਘ ਦੀ ਧਰਮ-ਭੈਣ ਬਣੀ ਹੋਈ ਸੀ, ਨੂੰ ਬਿਨੈ ਕੀਤੀ ਕਿ ਉਹ ਸਰਦਾਰ ਬਘੇਲ ਸਿੰਘ ਨਾਲ ਸਮਝੌਤਾ ਕਰਵਾਏ। ਦਿੱਲੀ ਤੋਂ ਮੁੜਦੇ ਵੇਲੇ ਸਰਦਾਰ ਬਘੇਲ ਸਿੰਘ ਨੇ ਦਿਉਬੰਦ ਤੇ ਸਹਾਰਨਪੁਰ ਨੂੰ ਜਿੱਤ ਕੇ ਗੌਂਸਗੜ੍ਹ ਦੇ ਨਵਾਬ ਤੋਂ ੫੦ ਹਜ਼ਾਰ ਉਗਰਾਹੇ।

ਸੰਨ ੧੭੭੫ ਵਿਚ ਜਮਨਾ ਪਾਰ ਵੱਲ ਸਿੱਖ ਵਧੇ। ੨੨ ਅਪ੍ਰੈਲ, ੧੭੭੫ ਈ. ਨੂੰ ਕੁੰਜਪੁਰਾ ਤੋਂ ਜਮੁਨਾ ਲੰਘ, ਲਖਨੌਤੀ, ਗੌਂਸਗੜ੍ਹ, ਦਿਉਬੰਦ ਤੇ ਹੋਰ ਇਲਾਕੇ ਕਬਜ਼ੇ ਵਿਚ ਕੀਤੇ। ਜ਼ਾਬਿਤਾ ਖਾਨ ਰੋਹਿਲੇ ਨੇ ਗੋਰਗੜ੍ਹ ਬਚਾਉਣ ਲਈ ੫੦ ਹਜ਼ਾਰ ਰੁਪਏ ਸਿੱਖਾਂ ਨੂੰ ਸਾਲਾਨਾ ਤੈਵਾਨ ਦੇਣਾ ਮੰਨਿਆ, ਫਿਰ ਸ਼ਾਮਲੀ, ਕਾਂਧਲਾ ਤੇ ਮੇਰਠ ਹੁੰਦੇ ਹੋਏ ਅਲੀਗੜ੍ਹ ਕੋਲ ਖੁਰਜਾ ਤਕ ਆਪਣਾ ਪ੍ਰਭਾਵ ਜਮਾਇਆ ਤੇ ਆਉਂਦਿਆਂ

ਹੋਇਆਂ ਦਿੱਲੀ ਦੇ ਪਹਾੜ ਗੰਜ ਤੇ ਜੈ ਸਿੰਘਪੁਰ ਨੂੰ ਲਤਾੜਿਆ। ੨੪ ਜੁਲਾਈ, ੧੭੭੫ ਈ. ਨੂੰ ਜਮਨਾ ਪਾਰ ਕਰ ਕੇ ਵਾਪਸ ਮੁੜੇ।

ਅਬਦੁਲ ਕਾਸਿਮ ਨੇ ਜਦ ਜ਼ਾਬਿਤਾ ਖਾਨ 'ਤੇ ਹਮਲਾ ਕਰ ਕੇ ਉਸ ਤੋਂ ਮੇਰਠ ਖੋਹ ਲਿਆ ਤੇ ਉਸ ਨੇ ਸਰਦਾਰ ਬਘੇਲ ਸਿੰਘ ਕੋਲ ਮਦਦ ਲਈ ਬੇਨਤੀ ਕੀਤੀ। ਅਬਦੁਲ ਕਾਸਿਮ 'ਤੇ ਹਮਲਾ ੧੧ ਮਾਰਚ, ੧੭੭੬ ਈ. ਨੂੰ ਕੀਤਾ। ਮੇਰਠ ਛੁਡਵਾਇਆ ਤੇ ਅਬਦੁਲ ਕਾਸਿਮ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਜ਼ਾਬਿਤਾ ਖਾਨ ਨਾਲ ਦੋਸਤੀ ਕਰਨ 'ਤੇ ਸਿੱਖਾਂ ਦਾ ਪ੍ਰਭਾਵ ਅਵਧ ਤਕ ਵੱਧ ਗਿਆ, ਮਰਾਠਿਆਂ ਨੂੰ ਇਹ ਰਾਸ ਨਹੀਂ ਸੀ।

ਸਿੱਖ ਵੱਸ ਨਾ ਆਉਂਦੇ ਵੇਖ ਸ਼ਾਹ ਆਲਮ ਨੇ ਆਪਣੇ ਸਾਹਿਬਜ਼ਾਦੇ ਸ਼ਾਹ ਬਖ਼ਤ ਨੂੰ ਸਿੱਖਾਂ ਉੱਪਰ ਹਮਲੇ ਲਈ ਪਟਿਆਲੇ ਵੱਲ ਭੇਜਿਆ। ਵੱਡੀ ਫੌਜ ਵਧਦੀ ਦੇਖ ਕੇ ਸਰਦਾਰ ਬਘੇਲ ਸਿੰਘ ਨੇ ਅਕਲਮੰਦੀ ਵਰਤੀ। ਉਸ ਨੇ ਅੱਗੇ ਹੋ ਕੇ ਸ਼ਾਹ ਬਖ਼ਤ ਨੂੰ ਨਜ਼ਰਾਨਾ ਭੇਟ ਕੀਤਾ ਤੇ ਸ਼ਾਹ ਨੂੰ ਅੱਗੇ ਵੱਧਣ ਲਈ ਪ੍ਰੇਰਿਆ। ਜਦ ਸ਼ਾਹ ਪਟਿਆਲੇ ਵੱਲ ਵਧਿਆ ਤਾਂ ਸਾਰੇ ਸਿੱਖਾਂ ਨੇ ਸਲਾਹ ਕਰ ਕੇ ਸ਼ਾਹ ਬਖ਼ਤ 'ਤੇ ਹੱਲਾ ਬੋਲ ਦਿੱਤਾ। ਪਿੱਛੋਂ ਸਰਦਾਰ ਬਘੇਲ ਸਿੰਘ ਨੇ ਸ਼ਾਹੀ ਫੌਜਾਂ ਦਾ ਰਾਹ ਰੋਕ ਲਿਆ। ਸ਼ਾਹੀ ਸੈਨਾ ਦਾ ਬੁਰਾ ਹਾਲ ਹੋਇਆ ਤਾਂ ਅਬਦੁਲ ਅਹਿਦ, ਨਜ਼ਫ ਖਾਨ ਆਦਿ ਨੂੰ ਦਿੱਲੀ ਬੁਲਾ ਲਿਆ ਗਿਆ।

ਨਵੰਬਰ ੧੭੭੯ ਈ. ਨੂੰ ਨਜ਼ਫ ਖਾਨ ਨੇ ਆਪਣੇ ਪੋਤਰੇ ਮਿਰਜ਼ਾ ਸ਼ਫੀ ਨੂੰ ਦਸ ਹਜ਼ਾਰ ਸੈਨਾ ਤੇ ਸੈਂਕੜੇ ਤੋਪਾਂ ਨਾਲ ਸਿੱਖਾਂ ਨੂੰ ਕੁਚਲਣ ਲਈ ਭੇਜਿਆ। ਮਿਰਜ਼ਾ ਸ਼ਫੀ ਨੇ ਚਲਾਕੀ ਨਾਲ ਕਈ ਸਿੱਖ ਸਰਦਾਰ ਵੀ ਨਾਲ ਮਿਲਾ ਲਏ। ਇਸ ਹਾਲਤ ਵਿਚ ਸਰਦਾਰ ਬਘੇਲ ਸਿੰਘ ਨੇ ਸ਼ਾਹੀ ਸੈਨਾ 'ਤੇ ਸਿੱਧੇ ਹਮਲੇ ਦੀ ਥਾਂ ਗੁਰੀਲਾ ਹਮਲੇ ਕਰਨੇ ਸ਼ੁਰੂ ਕਰ ਦਿੱਤੇ।

ਦਿੱਲੀ ਦੇ ਜਰਨੈਲ ਦੇ ਪੋਤਰੇ ਮਿਰਜ਼ਾ ਸ਼ਫੀ ਨੇ ਸਿੱਖਾਂ ਵਿਰੁੱਧ ਸਿੱਖਾਂ ਵਾਲਾ ਗੁਰੀਲਾ ਯੁੱਧ ਹੀ ਅਪਣਾਉਣਾ ਠੀਕ ਸਮਝਿਆ। ਮਹਾਰਾਜਾ ਪਟਿਆਲਾ ਤੇ ਮਹਾਰਾਜਾ ਜੀਂਦ ਦੀ ਸਿੱਖਾਂ ਨਾਲ ਅਣਬਣ ਦਾ ਵੀ ਉਸ ਨੇ ਫਾਇਦਾ ਉਠਾਇਆ। ਜ਼ਾਬਿਤਾ ਖਾਨ ਨੇ ਦੀਵਾਨ ਸਿੰਘ ਨਾਲ ਮਿਲ ਕੇ ਸਰਦਾਰ ਬਘੇਲ ਸਿੰਘ ਵਿਰੁੱਧ ਯੁੱਧ ਛੇੜ ਦਿੱਤਾ। ਸਰਦਾਰ ਬਘੇਲ ਸਿੰਘ ਨਾਲ ਉਸ ਵੇਲੇ ਸਰਦਾਰ ਸਦਾ ਸਿੰਘ, ਸਰਦਾਰ ਦੂਲਾ ਸਿੰਘ, ਸਰਦਾਰ ਕਰਮ ਸਿੰਘ ਸ਼ਹੀਦ, ਸਰਦਾਰ ਗੁਰਬਖਸ਼ ਸਿੰਘ, ਸਰਦਾਰ ਲਾਲ ਸਿੰਘ ਤੇ ਸਰਦਾਰ ਕਰਨ ਸਿੰਘ ਆ ਜੁੜੇ। ੬੯੦੦ ਘੋੜ-ਸਵਾਰਾਂ ਨਾਲ ਉਨ੍ਹਾਂ ਨੇ ਜਮਨਾ ਪਾਰ ਹਮਲੇ ਦੀ ਠਾਣੀ ਤਾਂ ਕਿ ਮਿਰਜ਼ਾ ਸ਼ਫੀ ਨੂੰ ਪਿੱਛੋਂ ਘੇਰਿਆ ਜਾ ਸਕੇ। ੨੫ ਫਰਵਰੀ, ੧੭੮੧ ਈ. ਨੂੰ ਰੜੌਰ ਦੇ ਕੈਂਪ ਤੇ ਫਿਰ ੨੮ ਫਰਵਰੀ ਨੂੰ ਸਿਕੰਦਰਾ ਦੇ ਕੈਂਪ 'ਤੇ ਹਮਲਾ ਕੀਤਾ ਜਿਸ ਨਾਲ ਮਿਰਜ਼ਾ ਸ਼ਫੀ ਹਿੱਲ ਗਿਆ। ਸਿੱਖਾਂ ਨੇ ੧੧ ਮਾਰਚ ਨੂੰ

ਹਮਲੇ ਵਿਚ 3000 ਘੋੜੇ ਹਥਿਆ ਲਏ। ਮਿਰਜ਼ਾ ਸ਼ਫੀ ਦੇ ਮਦਦਗਾਰਾਂ ਮਹਾਰਾਜਾ ਪਟਿਆਲਾ ਅਮਰ ਸਿੰਘ, ਸਪੁੱਤਰ ਸਾਹਿਬ ਸਿੰਘ, ਭਾਗ ਸਿੰਘ, ਭੰਗਾ ਸਿੰਘ ਨੂੰ ਵੱਖ ਕਰਨ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ ਤਾਂ ਉਹ ਪਿੱਛੇ ਹਟ ਗਏ। ਮੁਗ਼ਲ ਜਰਨੈਲ ਮਿਰਜ਼ਾ ਸ਼ਫੀ ਗੁਰੀਲਾ ਯੁੱਧ ਵਿਚ ਸਿੱਖਾਂ ਨੂੰ ਮਾਤ ਨਾ ਪਾ ਸਕਿਆ ਤੇ 12 ਜੂਨ, 1781 ਈ. ਨੂੰ ਸਰਦਾਰ ਬਘੇਲ ਸਿੰਘ ਤੇ ਸਰਦਾਰ ਗੁਰਦਿੱਤ ਸਿੰਘ ਨੂੰ ਦੋਸਤੀ ਦਾ ਹੱਥ ਵਧਾਉਣ ਲਈ ਖ਼ਤ ਲਿਖਿਆ। ਬਦਲੇ ਵਿਚ ਰਡੌਰ, ਬਬੀਨ ਤੇ ਸ਼ਾਮਗੜ੍ਹ ਦੇਣੇ ਮੰਨੇ ਪਰ ਸਰਦਾਰ ਬਘੇਲ ਸਿੰਘ ਨੇ ਆਪਣੀਆਂ ਸ਼ਰਤਾਂ ਰੱਖੀਆਂ।

10 ਜੂਨ, 1781 ਈ. ਦੇ ਖ਼ਤ ਅਨੁਸਾਰ 'ਨਜ਼ਫ ਖਾਨ ਨੇ ਅੰਬਰ ਸ਼ਾਹ ਨੂੰ ਦਿੱਲੀ ਤੋਂ ਮਿਰਜ਼ਾ ਸ਼ਫੀ ਕੋਲ 40,000 ਸਿਪਾਹੀ ਤੇ ਤੋਪਾਂ ਦੇ ਕੇ ਭੇਜਿਆ। ਸਿੱਖਾਂ ਨਾਲ ਭਰਵਾਂ ਯੁੱਧ ਹੋਇਆ ਜਿਸ ਵਿਚ 10 ਤੋਂ 15 ਹਜ਼ਾਰ ਸ਼ਾਹੀ ਫੌਜ ਮਾਰੀ ਗਈ ਤੇ ਤੋਪਾਂ ਵੀ ਹੱਥੋਂ ਗਈਆਂ। ਸਿੱਖਾਂ ਕੋਲੋਂ ਬੁਰੀ ਤਰ੍ਹਾਂ ਹਾਰ ਖਾਣ ਪਿੱਛੋਂ ਮੁਗ਼ਲ ਫੌਜਾਂ ਪਾਣੀਪਤ ਮੁੜ ਆਈਆਂ। 6 ਅਪ੍ਰੈਲ, 1782 ਈ. ਨੂੰ ਨਜ਼ਫ ਖਾਨ ਦੀ ਮੌਤ ਹੋ ਗਈ। ਫਰਵਰੀ 1783 ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ ਤੇ ਹੋਰ ਜਰਨੈਲ 70,000 ਸਿਪਾਹੀ ਲੈ ਕੇ ਗਾਜ਼ੀਆਬਾਦ, ਬੁਲੰਦ ਸ਼ਹਿਰ ਤੇ ਖੁਰਜਾ 'ਤੇ ਜਾ ਚੜ੍ਹੇ। ਸਭ ਨੇ ਜੋ ਜਿੱਤਿਆ ਉਸ ਦਾ ਦਸਵੰਧ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਭੇਜਿਆ ਜੋ ਇਕ ਲੱਖ ਸੀ। ਫਿਰ ਇਨ੍ਹਾਂ ਨੇ ਅਲੀਗੜ੍ਹ, ਟੁੰਡਲਾ, ਸ਼ਿਕੋਹਾਬਾਦ ਤੇ ਫਰੁਖਾਬਾਦ ਜਾ ਜਿੱਤੇ। ਸਰਦਾਰ ਬਘੇਲ ਸਿੰਘ ਹੱਥ ਇਕ ਹੀਰਿਆਂ ਜੜ੍ਹੀ ਸੋਟੀ ਲੱਗੀ ਜੋ ਉਸ ਸਮੇਂ 33,000 ਰੁਪਏ ਦੀ ਸੀ। ਉਸ ਨੇ ਵਾਪਸ ਮੁੜਦਿਆਂ ਆਗਰਾ ਜਿੱਤਿਆ। ਸਿੱਖ ਹੁਣ ਦਿੱਲੀ ਉੱਤੇ ਭਾਰੂ ਹੋ ਗਏ ਸਨ।

8 ਮਾਰਚ, 1783 ਈ. ਸਰਦਾਰ ਬਘੇਲ ਸਿੰਘ ਨੇ 40,000 ਫੌਜ ਨਾਲ ਜਮਨਾ ਕੰਢੇ ਬਰਗਾੜੀ ਘਾਟ 'ਤੇ ਕਬਜ਼ਾ ਕਰ ਲਿਆ। ਫਿਰ ਮਲਕ ਗੰਜ ਤੇ ਸਬਜ਼ੀ ਮੰਡੀ ਜਾ ਜਿੱਤੇ ਤੇ ਮੁਗ਼ਲਪੁਰਾ ਤੇ ਮੈਹਤਾਬਪੁਰਾ ਜਾ ਘੇਰੇ। ਸਿੱਖ ਅਜਮੇਰੀ ਗੇਟ ਰਾਹੀਂ ਦਿੱਲੀ ਵਿਚ ਜਾ ਦਾਖ਼ਲ ਹੋਏ ਤੇ ਹੌਜ਼ ਕਾਜ਼ੀ ਜਾ ਜਿੱਤੇ। ਬਾਦਸ਼ਾਹ ਨੇ ਸਮਰੂ ਬੇਗ਼ਮ ਨੂੰ ਬੁਲਾ ਭੇਜਿਆ। ਏਨੇ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹਿਸਾਰ ਵੱਲੋਂ 10,000 ਫੌਜ ਲੈ ਕੇ ਪਹੁੰਚ ਗਏ। ਸਰਦਾਰ ਬਘੇਲ ਸਿੰਘ ਨੇ ਜਿੱਥੇ ਆਪਣੇ ਤੀਹ ਹਜ਼ਾਰ ਸਿਪਾਹੀ ਰੱਖੇ ਸਨ, ਉਹ ਜਗ੍ਹਾ ਹੁਣ ਤੀਸ ਹਜ਼ਾਰੀ ਨਾਮ ਨਾਲ ਪ੍ਰਸਿੱਧ ਹੈ।

17 ਮਾਰਚ, 1783 ਈ. ਦਾ ਉਹ ਇਤਿਹਾਸਿਕ ਦਿਨ ਹੈ ਜਦ ਸਿੱਖਾਂ ਨੇ ਲਾਲ ਕਿਲ੍ਹੇ 'ਤੇ ਖਾਲਸਈ ਨਿਸ਼ਾਨ ਸਾਹਿਬ ਜਾ ਫਹਿਰਾਇਆ। ਸ਼ਾਹ ਆਲਮ ਜਾ ਛੁਪਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਤਖਤ 'ਤੇ ਬਿਠਾਇਆ ਗਿਆ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਇਸ ਨੂੰ ਨਾਪਸੰਦ ਕੀਤਾ ਤਾਂ ਸਰਦਾਰ ਆਹਲੂਵਾਲੀਆ ਨੇ ਤਖਤ ਛੱਡ ਦਿੱਤਾ।

ਦੀਵਾਨ-ਏ-ਖਾਸ ਤੇ ਦੀਵਾਨ-ਏ-ਆਮ 'ਤੇ ਕਬਜ਼ਾ ਕਰ ਕੇ ਹਟੇ ਸਨ ਕਿ ੧੨ ਮਾਰਚ ਨੂੰ ਸਮਰੂ ਬੇਗ਼ਮ ਦਿੱਲੀ ਆ ਗਈ ਤੇ ਉਸ ਨੇ ਸ਼ਾਹ ਆਲਮ ਦੂਜੇ ਨੂੰ ਸਿੱਖਾਂ ਬਾਰੇ ਦੱਸਿਆ ਤੇ ਸਰਦਾਰ ਬਘੇਲ ਸਿੰਘ ਨਾਲ ਗੱਲ ਕਰਨ ਲਈ ਕਿਹਾ। ਸਰਦਾਰ ਬਘੇਲ ਸਿੰਘ ਨੂੰ ਮਿਲ ਕੇ ਬੇਗ਼ਮ ਸਮਰੂ ਨੇ ਬਾਦਸ਼ਾਹ ਤੋਂ ਇਹ ਸ਼ਰਤਾਂ ਮਨਵਾਈਆਂ:-

(ੳ) ਖਾਲਸੇ ਨੂੰ ਤਿੰਨ ਲੱਖ ਇਵਜ਼ਾਨਾ ਦਿੱਤਾ ਜਾਵੇਗਾ।

(ਅ) ਸਰਦਾਰ ਬਘੇਲ ਸਿੰਘ ਦਿੱਲੀ ਵਿਚ ਚਾਰ ਹਜ਼ਾਰ ਸਿਪਾਹੀ ਰੱਖ ਸਕਦਾ ਹੈ। ਉਸ ਦਾ ਦਫ਼ਤਰ ਸਬਜ਼ੀ ਮੰਡੀ ਹੋਵੇਗਾ।

(ੲ) ਸਰਦਾਰ ਬਘੇਲ ਸਿੰਘ ਨੂੰ ਸੱਤ ਸਿੱਖ ਇਤਿਹਾਸਿਕ ਗੁਰਦੁਆਰੇ ਬਣਾਉਣ ਦੀ ਖੁੱਲ੍ਹ ਹੋਵੇਗੀ ਜੋ ਜਲਦੀ ਹੀ ਪੂਰਨ ਕਰਨ 'ਤੇ ਸਰਦਾਰ ਬਘੇਲ ਸਿੰਘ ਵਾਪਸ ਜਾਵੇਗਾ।

(ਸ) ਸਰਦਾਰ ਬਘੇਲ ਸਿੰਘ ਸਾਰੀ ਦਿੱਲੀ ਦੀ ਚੁੰਗੀ ਉਗਰਾਹੇਗਾ ਤੇ ਛਿਆਨੀ (ਰੁਪੈ ਵਿੱਚੋਂ ਛੇ ਆਨੇ) ਆਪਣੇ ਖਰਚ ਲਈ ਲਵੇਗਾ, ਜਿਸ ਵਿੱਚੋਂ ਗੁਰਦੁਆਰੇ ਬਣਾਏ ਜਾਣਗੇ।

(ਹ) ਦਿੱਲੀ ਵਿਚ ਰਹਿੰਦੇ ਹੋਏ ਸਿੱਖ ਕੋਈ ਹਮਲਾ ਨਹੀਂ ਕਰਨਗੇ।

ਸਮਝੌਤੇ ਪਿੱਛੋਂ ੪੦੦੦ ਸਿਪਾਹੀਆਂ ਨਾਲ ਸਰਦਾਰ ਬਘੇਲ ਸਿੰਘ ਨੇ ਸੱਤ ਗੁਰਦੁਆਰੇ— ਮਾਤਾ ਸੁੰਦਰੀ, ਮਜਨੂੰ ਟਿੱਲਾ, ਮੋਤੀ ਬਾਗ, ਬੰਗਲਾ ਸਾਹਿਬ, ਸੀਸ ਗੰਜ, ਰਕਾਬ ਗੰਜ, ਬਾਲਾ ਸਾਹਿਬ ਪਹਿਲ ਦੇ ਆਧਾਰ 'ਤੇ ਉਸਾਰੇ। ਸਰਦਾਰ ਬਘੇਲ ਸਿੰਘ ਦੀ ਸਿੱਖ ਕੌਮ ਲਈ ਇਹ ਬਹੁਤ ਵੱਡੀ ਦੇਣ ਸੀ। ਬਾਦਸ਼ਾਹ ਆਲਮ ਦੂਜਾ ਸਰਦਾਰ ਬਘੇਲ ਸਿੰਘ ਨੂੰ ਮਿਲਣ ਦਾ ਇੱਛੁਕ ਸੀ ਪਰ ਇਸ ਲਈ ਸਰਦਾਰ ਬਘੇਲ ਸਿੰਘ ਨੇ ਸ਼ਰਤਾਂ ਰੱਖੀਆਂ ਕਿ ਉਹ ਸਿਰ ਨਹੀਂ ਝੁਕਾਏਗਾ, ਇਕੱਲਾ ਨਹੀਂ ਆਏਗਾ ਤੇ ਕਿਸੇ ਦਾ ਕੋਈ ਬੁਰਾ ਕਟਾਖ ਨਹੀਂ ਸਹੇਗਾ। ਬਾਦਸ਼ਾਹ ਦੇ ਮੰਨਣ 'ਤੇ ਸਭ ਬੁੱਚੜਾਂ ਦੀਆਂ ਦੁਕਾਨਾਂ ਬੰਦ ਕੀਤੀਆਂ ਗਈਆਂ। ਹਾਥੀ ਦੀ ਸਵਾਰੀ 'ਤੇ ਸਰਦਾਰ ਬਘੇਲ ਸਿੰਘ, ਸ਼ਾਹੀ ਦਰਬਾਰ ਸ਼ਸਤਰਧਾਰੀ ਸਿੱਖਾਂ ਸਮੇਤ ਪਹੁੰਚਿਆ, ਬਾਦਸ਼ਾਹ ਮਿਲਣ 'ਤੇ ਖੁਸ਼ ਹੋਇਆ ਤੇ ਤੋਹਫੇ ਦਿੱਤੇ। ਸੰਨ ੧੭੮੪ ਤੇ ਫਿਰ ੧੭੮੯ ਵਿਚ ਜਮਨਾ ਪਾਰੋਂ ਉਗਰਾਹੀਆਂ ਚੱਲਦੀਆਂ ਰਹੀਆਂ। ਸਰਦਾਰ ਬਘੇਲ ਸਿੰਘ ਦਾ ਅਕਾਲ ਚਲਾਣਾ ੧੮੦੦ ਈ. ਵਿਚ ਹੋਇਆ ਦੱਸਿਆ ਜਾਂਦਾ ਹੈ। ਇਸ ਤਰ੍ਹਾਂ ਸਿੱਖ ਰਾਜ ਦਾ ਇਕ ਉੱਜਲ ਸਿਤਾਰਾ ਸਿੱਖਾਂ ਨੂੰ ਚੜ੍ਹਦੀਆਂ ਕਲਾਂ ਵਿਚ ਲਿਜਾ ਕੇ ਸਦਾ ਲਈ ਗੁਰੂ-ਚਰਨਾਂ ਵਿਚ ਜਾ ਬਿਰਾਜਿਆ। ■

# ਫਿਰੋਜ਼ਦੀਨ ਸ਼ਰਫ਼ ਦੀ ਕਵਿਤਾ ਵਿਚ
# ਨਨਕਾਣਾ ਸਾਹਿਬ ਦਾ ਸਾਕਾ

*-ਡਾ. ਧਰਮ ਸਿੰਘ**

ਪੰਜਾਬੀ ਸਾਹਿਤ ਦਾ ਨਿਕਾਸ ਅਤੇ ਵਿਕਾਸ ਲੋਕ ਲਹਿਰਾਂ ਦੇ ਸਹਾਰੇ ਹੋਇਆ ਹੈ। ਸਮੇਂ-ਸਮੇਂ ਪੰਜਾਬ ਵਿਚ ਕਈ ਲਹਿਰਾਂ ਨੇ ਜਨਮ ਲਿਆ ਜਿਨ੍ਹਾਂ ਦਾ ਗੂੜ੍ਹਾ ਪ੍ਰਭਾਵ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਉੱਪਰ ਪਿਆ। ਬਹੁਤਾ ਪਿੱਛੇ ਨਾ ਜਾਈਏ ਤੇ ਗੱਲ ਵੀਹਵੀਂ ਸਦੀ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਪੰਜਾਬ ਦੇ ਇਤਿਹਾਸ ਵਿਚ ਬਹੁਤ ਹੋਣੀਆਂ ਭਰਪੂਰ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਦਾ ਸਮਕਾਲੀ ਪੰਜਾਬੀ ਸਾਹਿਤ ਉੱਪਰ ਗਹਿਰਾ ਅਸਰ ਪਿਆ ਹੈ। ਇਸ ਸਮੇਂ ਦੀ ਸਭ ਤੋਂ ਪ੍ਰਭਾਵਸ਼ਾਲੀ ਲਹਿਰ 'ਅਕਾਲੀ ਲਹਿਰ' ਸੀ ਜਿਸ ਦਾ ਪੰਜਾਬੀ ਕਵਿਤਾ ਦੇ ਵਿਕਾਸ ਵਿਚ ਵੀ ਅਹਿਮ ਯੋਗਦਾਨ ਹੈ। ਇਸ ਸਮੇਂ ਦੇ ਕਵੀਆਂ ਵਿਚ ਵਧੇਰੇ ਕਵੀ ਉਹ ਹਨ ਜੋ ਕਵੀ ਦਰਬਾਰਾਂ ਦੀ ਪੈਦਾਵਾਰ ਹਨ।

ਬਾਬੂ ਫਿਰੋਜ਼ਦੀਨ ਸ਼ਰਫ ਵੀਹਵੀਂ ਸਦੀ ਦੇ ਪਹਿਲੇ ਅੱਧ ਦਾ ਉਹ ਪੰਜਾਬੀ ਕਵੀ ਹੈ ਜਿਸ ਦੀ ਪੰਜਾਬੀ ਭਾਸ਼ਾ, ਸਾਹਿਤ ਅਤੇ ਪੰਜਾਬੀਅਤ ਨੂੰ ਦੇਣ ਬਹੁਪੱਖੀ ਹੈ। ਇਕ ਮੁਸਲਮਾਨ ਕਵੀ ਵੱਲੋਂ ਪੰਜਾਬੀ ਭਾਸ਼ਾ ਦੀ ਧੜੱਲੇ ਨਾਲ ਵਕਾਲਤ ਕਰਨੀ, ਆਪਣੇ ਪੰਜਾਬੀ ਹੋਣ ਉੱਪਰ ਫ਼ਖਰ ਕਰਨਾ ਅਤੇ ਆਪਣੀ ਕਾਵਿ-ਪ੍ਰਤਿਭਾ ਦਾ ਲੋਹਾ ਮਨਵਾਉਣਾ ਉਸ ਦੀ ਸ਼ਖ਼ਸੀਅਤ ਦੇ ਅਹਿਮ ਪਹਿਲੂ ਹਨ। ਸ਼ਰਫ਼ ਦੀਆਂ ਛੋਟੀਆਂ-ਵੱਡੀਆਂ ਕਾਵਿ ਪੁਸਤਕਾਂ ਸੰਕਲਿਤ ਹਨ। ਸਮਕਾਲੀ ਰਾਜਨੀਤੀ, ਇਤਿਹਾਸਿਕ ਘਟਨਾਵਾਂ ਅਤੇ ਸੱਭਿਆਚਾਰ ਆਦਿ ਸਰੋਕਾਰ ਉਸ ਦੀ ਕਾਵਿ ਰਚਨਾ ਦੇ ਮੁੱਖ ਸਰੋਕਾਰ ਹਨ। ਜਿਵੇਂ ਕਿ ਅਰੰਭ ਵਿਚ ਸੰਕੇਤ ਕੀਤਾ ਗਿਆ ਹੈ, ਵੀਹਵੀਂ ਸਦੀ ਦਾ ਪਹਿਲਾ ਅੱਧ ਉਹ ਦੌਰ ਹੈ ਜਦ ਅਜ਼ਾਦੀ ਸੰਗਰਾਮ ਆਪਣੇ ਪੂਰੇ ਜੋਬਨ ਉੱਪਰ ਸੀ। ਫਿਰੋਜ਼ਦੀਨ ਸ਼ਰਫ਼ ਦਾ ਅਜਿਹੇ ਸੰਗਰਾਮ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਹੋਣਾ ਕੁਦਰਤੀ ਹੀ ਸੀ। ਉਸ ਦੀ ਕਾਵਿ ਰਚਨਾ ਦੇ ਅਰੰਭਲੇ ਸਮੇਂ ਵਿਚ ਵਾਪਰੀ ਸਭ ਤੋਂ ਅਹਿਮ ਘਟਨਾ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਸੀ। ਸ਼ਰਫ਼ ਦੀ ਰਾਜਨੀਤਿਕ ਚੇਤਨਾ ਦਾ ਸਿਖਰ ਉਸ ਦੀ ਪੁਸਤਕ 'ਦੁਖਾਂ ਦੇ ਕੀਰਨੇ' ਹੈ ਜਿਸ ਨੂੰ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਅਤੇ ਬਗ਼ਾਵਤ ਦਾ ਦੋਸ਼ ਲਗਾ ਕੇ ਸ਼ਰਫ਼ ਨੂੰ ਕੈਦ ਸੁਣਾ ਦਿੱਤੀ। ਪੁਸਤਕ ਦੀ ਜ਼ਬਤੀ ਅਤੇ ਕੈਦ ਸ਼ਰਫ਼ ਦੇ ਜੀਵਨ ਵਿਚ ਇੱਕ ਵੱਡਾ ਮੋੜ ਸਾਬਤ ਹੋਈ। ਉਸ ਦੀ ਇਸ ਕੁਰਬਾਨੀ ਨੂੰ ਇਕ ਮੁਸਲਮਾਨ ਕਵੀ ਦੀ ਸਿੱਖ ਰਾਜ ਲਈ ਕੀਤੀ ਗਈ ਕੁਰਬਾਨੀ ਮੰਨਿਆ

**ਸਾਬਕਾ ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੮੮੮੮੯੩੯੮੦੮*

ਗਿਆ। ਇਸ ਦਾ ਸਿਲਾ ਉਸ ਨੂੰ ਇਹ ਮਿਲਿਆ ਕਿ ਸ਼ਰਫ ਸਿੱਖ ਹਲਕਿਆਂ ਵਿਚ ਅਤਿਅੰਤ ਮਕਬੂਲ ਹੋ ਗਿਆ। ਕੋਈ ਧਾਰਮਿਕ ਕਵੀ ਦਰਬਾਰ ਜਾਂ ਦੀਵਾਨ ਅਜਿਹਾ ਨਹੀਂ ਸੀ ਹੁੰਦਾ ਜਿਸ ਵਿਚ ਸ਼ਰਫ਼ ਨੂੰ ਆਦਰ ਸਹਿਤ ਬੁਲਾਇਆ ਨਾ ਜਾਂਦਾ ਹੋਵੇ।

ਏਸੇ ਹੀ ਅਰਸੇ ਵਿਚ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਨੂੰ ਭ੍ਰਿਸ਼ਟ ਅਤੇ ਕੁਕਰਮੀ ਮਹੰਤਾਂ ਦੇ ਕਬਜ਼ਿਆਂ ਤੋਂ ਅਜ਼ਾਦ ਕਰਾਉਣ ਲਈ 'ਅਕਾਲੀ ਲਹਿਰ' ਅਰੰਭ ਹੋਈ। ਇਸ ਲਹਿਰ ਦਾ ਖਾਸਾ ਤਾਂ ਭਾਵੇਂ ਧਾਰਮਿਕ ਸੀ ਪਰ ਕਿਉਂਕਿ ਮਹੰਤਾਂ ਨੂੰ ਅੰਗਰੇਜ਼ ਹਕੂਮਤ ਦੀ ਸਰਪ੍ਰਸਤੀ ਹਾਸਲ ਸੀ, ਇਸ ਲਈ ਅਕਾਲੀ ਲਹਿਰ ਦਾ ਸਿੱਧਾ ਟਾਕਰਾ ਮਹੰਤਾਂ ਰਾਹੀਂ ਉਸ ਨਾਲ ਹੋ ਗਿਆ। ਗੁਰਦੁਆਰਾ ਸੁਧਾਰ ਲਹਿਰ ਦਾ ਅਰੰਭ ਤਾਂ ਭਾਵੇਂ ਸਿਆਲਕੋਟ (ਪਾਕਿਸਤਾਨ) ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣੇ ਗੁਰਦੁਆਰਾ ਬਾਬੇ ਦੀ ਬੇਰ ਨੂੰ ਅਜ਼ਾਦ ਕਰਾਉਣ ਤੋਂ ਹੋਇਆ, ਪਰ ਨਨਕਾਣਾ ਸਾਹਿਬ ਦਾ ਸਾਕਾ ਇਸ ਲਹਿਰ ਦਾ ਇਕ ਮੀਲ-ਪੱਥਰ ਸਾਬਤ ਹੋਇਆ। ਗੁਰਦੁਆਰਾ ਜਨਮ-ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਮਹੰਤ ਨਰੈਣ ਦਾਸ ਦੇ ਕਬਜ਼ੇ ਵਿਚ ਸੀ। ਮਹੰਤ ਨਰੈਣ ਦਾਸ ਆਪਣੀ ਆਪਹੁਦਰੀਆਂ ਅਤੇ ਧਾਰਮਿਕ ਮਰਯਾਦਾਵਾਂ ਦੇ ਖ਼ਿਲਾਫ਼ ਕਾਰਵਾਈਆਂ ਕਰ ਕੇ ਕਾਫ਼ੀ ਬਦਨਾਮ ਹੋ ਚੁੱਕਾ ਸੀ। ਅਗਾਊਂ ਪਤਾ ਲੱਗਣ ਕਿ ਸਿੱਖ ਸੰਗਤ ਇਸ ਗੁਰਦੁਆਰੇ ਦਾ ਪ੍ਰਬੰਧ ਆਪਣੇ ਕਬਜ਼ੇ ਵਿਚ ਲੈਣ ਆ ਰਹੀ ਹੈ, ਮਹੰਤ ਨੇ ਨਨਕਾਣਾ ਸਾਹਿਬ ਵਿਚਲੇ ਇਸ ਗੁਰਦੁਆਰੇ ਨੂੰ ਕਿਲ੍ਹੇ ਦਾ ਰੂਪ ਦੇ ਕੇ ਭਾੜੇ ਦੇ ਪਠਾਣਾਂ ਅਤੇ ਹੋਰ ਗੈਰ-ਸਮਾਜੀ ਅਨਸਰਾਂ ਨੂੰ ਹਥਿਆਰਬੰਦ ਕਰ ਕੇ ਕਤਲ-ਓ-ਗਾਰਤ ਕਰਨ ਦਾ ਸਾਮਾਨ ਪਹਿਲਾਂ ਹੀ ਜਮ੍ਹਾਂ ਕਰ ਰੱਖਿਆ ਸੀ।

੨੦ ਫਰਵਰੀ, ੧੯੨੧ ਈ. ਨੂੰ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਿਚ ਸਿੰਘਾਂ ਦਾ ਜਥਾ ਗੁਰਦੁਆਰਾ ਜਨਮ-ਅਸਥਾਨ ਵਿਖੇ ਦਾਖ਼ਲ ਹੋਇਆ। ਮਹੰਤ ਦੇ ਗੁੰਡਿਆਂ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਬਹੁਤ ਸਾਰੇ ਸਿੰਘ ਗੋਲੀਆਂ ਦਾ ਸ਼ਿਕਾਰ ਹੋ ਗਏ ਅਤੇ ਜੋ ਅਜੇ ਸਹਿਕ ਰਹੇ ਸਨ ਉਨ੍ਹਾਂ ਨੂੰ ਤੇਲ ਪਾ ਕੇ ਸਾੜਿਆ ਗਿਆ। ਜਥੇਦਾਰ ਲਛਮਣ ਸਿੰਘ ਨੂੰ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਜੰਡ ਨਾਲ ਬੰਨ੍ਹ ਕੇ ਸਾੜ ਦਿੱਤਾ ਗਿਆ। ਇਸ ਸਾਕੇ ਨੇ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੀ ਯਾਦ ਤਾਜ਼ਾ ਕਰ ਦਿੱਤੀ। ਇਸ ਸਾਕੇ ਨੇ ਸਾਰੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਹਰ ਪਾਸੇ ਰੋਸ ਅਤੇ ਗੁੱਸੇ ਦਾ ਇਕ ਤੂਫਾਨ ਖੜਾ ਕਰ ਦਿੱਤਾ। ਇਸ ਦਾ ਪ੍ਰਭਾਵ ਕੋਮਲ-ਭਾਵੀ ਕਵੀ ਫਿਰੋਜ਼ਦੀਨ ਸ਼ਰਫ਼ ਦੀ ਕਵਿਤਾ ਉੱਪਰ ਵੀ ਪਿਆ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਬੰਧੀ ਫਿਰੋਜ਼ਦੀਨ ਸ਼ਰਫ਼ ਦੀਆਂ ਕਈ ਕਵਿਤਾਵਾਂ ਮਿਲਦੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਕੁ ਦੇ ਨਾਂ ਹਨ— 'ਸ਼ਹੀਦ', 'ਨਨਕਾਣੇ ਦੇ ਸ਼ਹੀਦ', 'ਸ਼ਹੀਦਾਂ ਦੀ ਦਾਸਤਾਨ' ਅਤੇ 'ਸਿੱਖ ਇਤਫਾਕ' ਆਦਿ। ਇਨ੍ਹਾਂ ਸਾਰੀਆਂ ਵਿੱਚੋਂ 'ਸ਼ਹੀਦਾਂ ਦੀ ਦਾਸਤਾਨ' ਸ਼ਰਫ਼ ਦੀ ਇਕ ਲੰਮੀ ਕਵਿਤਾ ਹੈ।

ਜਿਸ ਦਾ ਇੱਕ-ਇੱਕ ਬੰਦ ਦਰਦ-ਪਰੁੱਚਾ ਹੈ। ਇਹ ਕਵਿਤਾ ਲਿਖਣ ਲੱਗਿਆਂ ਸ਼ਰਫ਼ ਕਿਵੇਂ ਮਹਿਸੂਸ ਕਰ ਰਿਹਾ ਸੀ। ਇਸ ਦਾ ਕੁਝ ਹਾਲ ਵੇਖੋ:

*ਦਾਸਤਾਨ ਸ਼ਹੀਦਾਂ ਰੰਗੀਲਿਆਂ ਦੀ,*
*ਜਦੋਂ ਲਿਖਣ ਲਈ ਮੈਨੂੰ ਖਿਆਲ ਆਇਆ।*
*ਸਾਗਰ ਵਿਚ ਜਿਉਂ ਆਵੇ ਜਵਾਰਭਾਟਾ,*
*ਖਾ ਕੇ ਇਸ ਤਰ੍ਹਾਂ ਜੋਸ਼ ਉਬਾਲ ਤੁਰਿਆ।*

ਮਹੰਤ ਦੀ ਤਿਆਰੀ ਦੇ ਸਨਮੁਖ ਨਿਹੱਥੇ ਸਿੰਘਾਂ ਉੱਪਰ ਕਹਿਰ ਢਾਹੁਣ ਦਾ ਕੁਝ ਵੇਰਵਾ ਇਸ ਤਰ੍ਹਾਂ ਹੈ:

*ਲੈ ਕੇ ਸਿਮਰ ਹਰਾਮੀਆਂ ਸਾਮੀਆਂ ਨੂੰ,*
*ਮਾਰਨ ਜਿਉਂ ਰਸੂਲ ਦੀ ਆਲ ਤੁਰਿਆ।*
*ਉਸੇ ਤਰ੍ਹਾਂ ਗੁਰੂ ਨਾਨਕ ਦੇ ਸੇਵਕਾਂ ਨੂੰ,*
*ਕਤਲ ਕਰਨ ਨਰੈਣਾ ਚੰਡਾਲ ਤੁਰਿਆ।*
*ਮਾਰੇ ਜੰਦਰੇ ਅੰਦਰੇ ਸਿੰਘ ਮਾਰੇ,*
*ਬਾਸ਼ਕ ਧੌਲ ਦੇ ਦਿਲੋਂ ਭੁਚਾਲ ਤੁਰਿਆ।*
*ਧਰਤੀ ਜਲਿਆਂਵਾਲੇ ਦੀ ਕੰਬ ਉੱਠੀ,*
*ਧਰੂਹ ਭਗਤ ਵੀ ਹੋ ਕੇ ਬੇਹਾਲ ਤੁਰਿਆ।*
*ਧਾਹਾਂ ਲਹੂ ਦੀਆਂ ਇਸ ਤਰ੍ਹਾਂ ਚੱਲੀਆਂ ਸਨ,*
*ਆਵੇ ਖਾਲ 'ਚੋਂ ਜਿਵੇਂ ਨਕਾਲ ਤੁਰਿਆ।*

ਸ਼ਰਫ਼ ਦੀ ਕਾਵਿ-ਪ੍ਰਤਿਭਾ ਦਾ ਇਕ ਵਿਸ਼ੇਸ਼ ਗੁਣ ਇਹ ਹੈ ਕਿ ਉਸ ਨੂੰ ਨਾਮਵਰ ਸਿੱਖ ਸ਼ਹੀਦਾਂ ਦੇ ਕਾਰਨਾਮੇ ਅਤੇ ਧਰਮ ਲਈ ਕੀਤੀਆਂ ਕੁਰਬਾਨੀਆਂ ਕੱਲ ਵਾਂਗੂੰ ਯਾਦ ਸਨ ਅਤੇ ਉਹ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਉਨ੍ਹਾਂ ਨਾਲ ਮੇਲ ਕੇ ਇਨ੍ਹਾਂ ਵਿਚ ਮਕਸਦ ਅਤੇ ਸ਼ਹਾਦਤ ਦੀ ਇਕ ਸਾਂਝ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਭਾਈ ਸੁਬੇਗ ਸਿੰਘ, ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਆਦਿ ਸ਼ਹੀਦ ਉਸ ਨੂੰ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੇ ਵਡੇ-ਵਡੇਰੇ ਹੀ ਪ੍ਰਤੀਤ ਹੁੰਦੇ ਹਨ:

*ਛੈਲ ਸਿੰਘ ਕੋਈ ਵਾਂਗ ਸੁਬੇਗ ਸਿੰਘ ਦੇ।*
*ਤੋੜ ਜਗ ਦੇ ਸਾਰੇ ਜੰਜਾਲ ਤੁਰਿਆ।*
*ਤਾਰੂ ਸਿੰਘ ਵਾਂਗੂੰ ਮੰਗਣ ਦਾਨ ਕੋਈ,*
*ਪਿਆਲਾ ਖੋਪੜੀ ਲਾਹ ਕੰਗਾਲ ਤੁਰਿਆ।*
*ਮਨੀ ਸਿੰਘ ਵਾਂਗੂੰ ਹੋ ਕੇ ਕਈ ਟੁਕੜੇ,*
*ਅੰਮ੍ਰਿਤ ਛਕਣ ਦੇ ਕੌਲ ਨੂੰ ਪਾਲ ਤੁਰਿਆ।*
*ਕੋਈ ਦੀਪ ਸਿੰਘ ਧਰਮ ਦੇ ਦੀਪ ਉੱਤੇ,*

*ਆਪਾ ਵਾਂਗ ਪਤੰਗ ਦੇ ਜਾਲ ਤੁਰਿਆ।*
*ਲਛਮਣ ਸਿੰਘ ਕਿਹਾ, ਮੈਂ ਵੀ ਚੱਲਦਾ ਹਾਂ,*
*ਜਿਵੇਂ ਲਛਮਣ ਸੀ ਰਾਮ ਦੇ ਨਾਲ ਤੁਰਿਆ।*

'ਨਨਕਾਣੇ ਦੇ ਸ਼ਹੀਦ' ਫਿਰੋਜ਼ਦੀਨ ਸ਼ਰਫ਼ ਦੀ ਇਸ ਸਾਕੇ ਬਾਰੇ ਲਿਖੀ ਗਈ ਇਕ ਹੋਰ ਕਵਿਤਾ ਹੈ, ਜਿਸ ਵਿਚ ਉਹ ਮਹੰਤ ਨਰੈਣ ਦਾਸ ਅਤੇ ਉਸ ਦੇ ਭਾੜੇ ਦੇ ਗੁੰਡਿਆਂ ਵੱਲੋਂ ਵਰਤਾਏ ਕਹਿਰ ਬਾਰੇ ਉਹ ਇਕ ਵੱਖਰੇ ਅੰਦਾਜ਼ ਵਿਚ ਗੱਲ ਕਰਦਾ ਹੈ:

*ਬਾਹਰੋਂ ਮਾਰ ਪਾਪੀ ਤਾਲੇ।*
*ਅੰਦਰ ਪਾ ਪਾ ਤੇਲ ਜਾਲੇ।*
*ਸੱਤੇ ਅੰਬਰ ਕੰਬੇ ਨਾਲੇ।*
*ਸਭੇ ਧਰਤਾਂ ਡੋਲੀਆਂ।*
*ਮਨ ਦੀਆਂ ਮਨ ਰਹੀਆਂ।*
*ਨਰਮ ਤੇ ਮਲੂਕ ਦੇਹੀਆਂ।*
*ਹਾਏ ਹਾਏ ਫੁੱਲਾਂ ਜੇਹੀਆਂ।*
*ਭੱਠੇ ਪਾ ਕੇ ਰੋਲੀਆਂ।*

ਸ਼ਰਫ਼ ਕਵੀ ਦਰਬਾਰਾਂ ਦੀ ਉਪਜ ਸੀ ਅਤੇ ਉਸ ਨੇ ਆਪਣੀ ਸਾਰੀ ਜ਼ਿੰਦਗੀ ਕਵੀ ਦਰਬਾਰਾਂ ਦੇ ਲੇਖੇ ਲਾ ਦਿੱਤੀ ਸੀ। ਜਿਸ ਕਵੀ ਦਰਬਾਰ ਵਿਚ ਸ਼ਰਫ਼ ਦੇ ਪੁੱਜਣ ਦੀ ਕੰਨਸੋਅ ਮਿਲਦੀ, ਸਾਰੇ ਪੰਜਾਬੀ-ਪ੍ਰੇਮੀ ਹੁੰਮ-ਹੁੰਮਾ ਕੇ ਉਸ ਨੂੰ ਸੁਣਨ ਲਈ ਉੱਥੇ ਪਹੁੰਚ ਜਾਂਦੇ। ਗੁਰਪੁਰਬਾਂ, ਸ਼ਹੀਦਾਂ ਦੀਆਂ ਬਰਸੀਆਂ, ਸਿੱਖ ਕਾਨਫਰੰਸਾਂ ਅਤੇ ਹੋਰ ਸਮਾਗਮਾਂ ਸਮੇਂ ਇਨਾਮੀ ਕਵੀ ਦਰਬਾਰ ਵੀ ਕਰਵਾਏ ਜਾਂਦੇ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੀ ਬਰਸੀ ਅਗਲੇ ਸਾਲ ਉੱਥੇ ਹੀ ਮਨਾਈ ਤਾਂ ਸ਼ਰਫ਼ ਨੇ ਆਪਣੀ ਇਕ ਕਵਿਤਾ ਪੜ੍ਹੀ, ਜਿਸ ਵਿਚ ਉਹ ਸ਼ਹੀਦਾਂ ਨੂੰ ਚਿਤਾਰਦਿਆਂ, ਉਨ੍ਹਾਂ ਦੀਆਂ ਕੁਰਬਾਨੀਆਂ ਦੀ ਪ੍ਰਸੰਸਾ ਕਰਦਾ ਹੈ:

*ਹਜ਼ਰਤ ਮੂਸਾ ਨਨਕਾਣੇ ਵਿਚ ਆਵੇਗੀ*
*ਸੋਲ੍ਹੇ ਨੂਰ ਦੇ ਨਿਕਲਦੇ 'ਨਾਰ ਵਿੱਚੋਂ।*
*ਜਿਗਰ ਕਾਲਜੇ ਫੂਕਦੀ ਘੂਕਦੀ ਏ,*
*ਨਿਕਲੀ ਕੂਕ ਸ਼ਹੀਦ ਦੀ ਤਾਰ ਵਿੱਚੋਂ।*
*ਇਹ ਅੱਜ ਉਨ੍ਹਾਂ ਦੀ ਬਰਸੀ 'ਤੇ ਫੁੱਲ ਬਰਸਣ,*
*ਜਿਹੜੇ ਪੰਥ ਉਤੋਂ ਜਾਨਾਂ ਵਾਰ ਗਏ ਨੇ।*
*ਨੈਂ ਲੰਘ ਗਏ ਆਪ ਸ਼ਹੀਦੀਆਂ ਦੀ।*
*ਸਾਨੂੰ ਕੰਢੇ 'ਤੇ ਸ਼ਰਫ਼ ਖਲਾਰ ਗਏ ਨੇ।*

*ਬਾਕੀ ਸਫ਼ਾ ੩੯ 'ਤੇ*

# ਕਸ਼ਮੀਰ ਵਿਚ ਸਿੱਖੀ ਦੇ ਪ੍ਰਚਾਰਕ : ਸੰਤ ਰੋਚਾ ਸਿੰਘ ਜੀ

*-ਡਾ. ਅਜਮੇਰ ਸਿੰਘ**

ਸਮੁੱਚੀ ਮਾਨਵਤਾ ਦੇ ਰਾਹ-ਦਸੇਰਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਸਮੇਂ-ਸਮੇਂ 'ਤੇ ਅਨੇਕਾਂ ਗੁਰਸਿੱਖਾਂ ਨੇ ਦੂਰ-ਦੁਰਾਡੇ ਪ੍ਰਚਾਰ ਕੇ ਤੰਦਰੁਸਤ ਸਮਾਜ ਦੀ ਸਿਰਜਣਾ ਦਾ ਯਤਨ ਕੀਤਾ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਪ੍ਰਚਾਰ ਕਿਸੇ ਖਾਸ ਧਰਮ ਦੇ ਲੋਕਾਂ ਲਈ ਨਹੀਂ ਬਲਕਿ ਸਮੁੱਚੀ ਮਾਨਵਤਾ ਦੇ ਭਲੇ ਲਈ ਕੀਤਾ।

ਗੁਰੂ ਸਾਹਿਬ ਨੇ ਆਪਣੇ ਜੀਵਨ-ਕਾਲ ਵਿਚ ਘਰ-ਬਾਰ ਤੋਂ ਦੂਰ ਨਿਕਲ ਕੇ ਲੰਮਾ ਸਮਾਂ ਪ੍ਰਚਾਰ ਯਾਤਰਾਵਾਂ (ਉਦਾਸੀਆਂ) ਕਰ ਕੇ ਮਨੁੱਖ ਜਾਤੀ ਨੂੰ ਵਹਿਮਾਂ ਤੇ ਭਰਮਾਂ, ਮਨੁੱਖੀ ਲੁੱਟ ਅਤੇ ਮਜ਼ਲੂਮਾਂ ਉੱਪਰ ਕੀਤੇ ਜਾਂਦੇ ਜ਼ੁਲਮ ਵਿਰੁੱਧ ਅਵਾਜ਼ ਉਠਾਈ। ਲੋਕਾਂ ਨੂੰ ਚੰਗਾ ਇਨਸਾਨ ਬਣ ਕੇ ਜੀਊਣ ਦਾ ਢੰਗ ਦੱਸਿਆ ਅਤੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸਿਧਾਂਤ ਨੂੰ ਜੀਵਨ ਅੰਦਰ ਧਾਰਨ ਕਰਨ ਦੀ ਸਿੱਖਿਆ ਦਿੱਤੀ। ਉਦਾਸੀਆਂ ਤੋਂ ਬਾਅਦ ਗੁਰੂ ਸਾਹਿਬ ਦੇ ਜੀਵਨ ਦੇ ਆਖਰੀ ਸਾਲ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਚ ਹੱਥੀਂ ਖੇਤੀ ਕਰ ਕੇ ਕਿਰਤੀ ਹੋਣ ਦੀ ਗਵਾਹੀ ਭਰਦੇ ਹਨ।

ਸਿੱਖੀ ਦਾ ਪ੍ਰਚਾਰ ਕਰਨ ਲਈ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ 'ਮੰਜੀ ਪ੍ਰਥਾ' ਦਾ ਅਰੰਭ ਕੀਤਾ ਸੀ ਅਤੇ ੨੨ ਮੰਜੀਆਂ ਸਥਾਪਿਤ ਕਰ ਕੇ ਆਪਣੇ ਗੁਰਸਿੱਖਾਂ ਨੂੰ ਦੂਰ-ਦੁਰਾਡੇ ਸਿੱਖੀ ਦਾ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਦਿੱਤੀ।

ਪੁਣਛ, ਰਿਆਸਤ ਕਸ਼ਮੀਰ ਦਾ ਇਕ ਪ੍ਰਧਾਨ ਨਗਰ ਹੈ। ਇਸ ਦੀ ਸਮੁੰਦਰ ਤਲ ਤੋਂ ਉਚਾਈ ੩੩੦੦ ਫੁੱਟ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਕ ਪ੍ਰੇਮੀ ਸਿੱਖ ਭਾਈ ਫੇਰੂ ਸਿੰਘ ਨੂੰ ਕਸ਼ਮੀਰ ਦੇ ਇਲਾਕੇ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਭੇਜਿਆ, ਜਿਸ ਨੇ ਬਹੁਤ ਸਾਰੇ ਸਿੰਘ ਸਜਾਏ ਅਤੇ ਗੁਰਮਤਿ ਦੇ ਨਿਯਮ ਦ੍ਰਿੜ੍ਹਾਏ। ਪਖਲੀ ਜ਼ਿਲ੍ਹਾ ਹਜ਼ਾਰਾ ਵਿਚ ਉਨ੍ਹਾਂ ਦਾ ਡੇਰਾ ਹੈ। ਇਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਚੇਲਿਆਂ— ਭਾਈ ਪੰਜਾਬ ਸਿੰਘ ਅਤੇ ਭਾਈ ਰੋਚਾ ਸਿੰਘ ਨੇ ਵੀ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। (*ਮਹਾਨ ਕੋਸ਼,* ਪੰਨਾ ੬੭੦) ਭਾਈ ਰੋਚਾ ਸਿੰਘ ਦਾ ਜਨਮ ਜ਼ਿਲ੍ਹਾ ਹਜ਼ਾਰਾ ਦੇ ਪਿੰਡ ਕੋਂਸ ਵਿਚ ਭਾਈ ਪੰਜਾਬਾ ਨਾਮ ਦੇ ਇਕ ਬ੍ਰਾਹਮਣ ਦੇ ਘਰ ਸੰਮਤ ੧੭੪੫ (੧੬੮੮ ਈ.) ਨੂੰ ਹੋਇਆ। ਇਨ੍ਹਾਂ ਨੇ ਪੋਠੋਹਾਰ ਅਤੇ ਕਸ਼ਮੀਰ ਦੇ ਇਲਾਕਿਆਂ ਵਿਚ ਗੁਰਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਅਜੇ ਆਪ ੧੪ ਸਾਲ ਦੇ ਹੀ ਸਨ ਕਿ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਹੁਣ ਰੋਚਾ ਸਿੰਘ, ਉਨ੍ਹਾਂ ਦਾ

**ਮਕਾਨ ਨੰ:੧੦੦, ਨਜ਼ਦੀਕ ਐੱਸ. ਡੀ. ਸੀਨੀ. ਸੈਕੰ. ਸਕੂਲ, ਤਰਨ ਤਾਰਨ- ੧੪੩੪੦੧; (ਪੰਜਾਬ), ਮੋ. +੯੧੯੫੦੧੦-੨੮੩੮੦*

ਇਕ ਛੋਟਾ ਭਾਈ ਅਤੇ ਮਾਤਾ ਜੀ ਦਾ ਪਰਵਾਰ ਹੀ ਬਾਕੀ ਰਹਿ ਗਿਆ ਸੀ। ਆਪ ਨੂੰ ਛੋਟੀ ਉਮਰ ਤੋਂ ਹੀ ਅਕਾਲ ਪੁਰਖ ਦੀ ਲਗਨ ਲੱਗ ਚੁੱਕੀ ਸੀ।

ਪੁਣਛ, ਕਸ਼ਮੀਰ, ਛੱਛ ਅਤੇ ਹਜ਼ਾਰੇ ਦੇ ਪਹਾੜੀ ਇਲਾਕੇ ਵੀ ਸਿੱਖੀ ਦੀ ਖੁਸ਼ਬੋ ਦਾ ਆਨੰਦ ਪ੍ਰਾਪਤ ਕਰ ਚੁੱਕੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਮਰ ਨਾਥ ਤਕ ਜਾ ਕੇ ਸੱਚ ਧਰਮ ਦਾ ਪ੍ਰਚਾਰ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਬਾਦਸ਼ਾਹ ਜਹਾਂਗੀਰ ਨਾਲ ਕਸ਼ਮੀਰ ਇਲਾਕੇ ਦਾ ਦੌਰਾ ਕੀਤਾ। ਕਸ਼ਮੀਰ ਵਾਦੀ ਦੇ ਜ਼ਿਲ੍ਹਾ ਬਾਰਾਮੂਲਾ ਮੁਜ਼ਫਰਾਬਾਦ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦਗਾਰ ਵਿਚ ਗੁਰਦਆਰਾ ਸਾਹਿਬ ਸਥਾਪਿਤ ਹੈ।

ਸਿੱਖੀ ਦਾ ਬੂਟਾ ਗੁਰੂ ਨਾਨਕ ਸਾਹਿਬ ਤੋਂ ਹੀ ਇਸ ਇਲਾਕੇ ਵਿਚ ਵਧ-ਫੁਲ ਰਿਹਾ ਸੀ। ਇਸ ਨੇੜਤਾ ਅਤੇ ਵਿਸ਼ਵਾਸ ਕਾਰਨ ਹੀ ਕਸ਼ਮੀਰੀ ਹਿੰਦੂ ਲੋਕ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਵਿਰੁੱਧ ਸਹਾਇਤਾ ਲਈ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਸਨ। ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਖੜ੍ਹੇ ਬਾਲ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਆਪਣੇ ਪਿਤਾ ਕੋਲ ਸਹਾਇਤਾ ਦੀ ਸਿਫਾਰਿਸ਼ ਕੀਤੀ। ਇਸ ਜ਼ੁਲਮ ਦੀ ਕਹਾਣੀ ਨੇ ਬਾਲ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾ ਧਿਆਨ ਇਸ ਇਲਾਕੇ ਵੱਲ ਖਿੱਚਿਆ। ਉਨ੍ਹਾਂ ਨੇ ਭਾਈ ਫੇਰੂ ਸਿੰਘ, ਭਾਈ ਪੰਜਾਬ ਸਿੰਘ ਅਤੇ ਭਾਈ ਰੋਚਾ ਸਿੰਘ ਆਦਿ ਵਰਗੇ ਗੁਰਸਿੱਖਾਂ ਨੂੰ ਪ੍ਰਚਾਰ ਲਈ ਕਸ਼ਮੀਰ ਦੇ ਪਹਾੜੀ ਇਲਾਕੇ ਵਿਚ ਭੇਜਿਆ।

ਜ਼ਿਲ੍ਹਾ ਹਜ਼ਾਰਾ ਦੇ ਇਲਾਕੇ ਵਿਚ ਭਾਈ ਫੇਰੂ ਸਿੰਘ ਜੀ ਸਿੱਖੀ ਦਾ ਪ੍ਰਚਾਰ ਕਰਦੇ ਰਹੇ ਹਨ। ਉਨ੍ਹਾਂ ਦਾ ਡੇਰਾ ਜ਼ਿਲ੍ਹੇ ਦੇ ਪਿੰਡ ਪਖਲੀ ਵਿਚ ਹੈ। ਉਨ੍ਹਾਂ ਤੋਂ ਬਾਅਦ ਭਾਈ ਪੰਜਾਬ ਸਿੰਘ ਜੀ ਨੇ ਵੀ ਇਸ ਇਲਾਕੇ ਵਿਚ ਪ੍ਰਚਾਰ ਕੀਤਾ। ਉਨ੍ਹਾਂ ਨੂੰ ਦਸਮੇਸ਼ ਪਿਤਾ ਜੀ ਦੇ ਹੱਥੋਂ ਅੰਮ੍ਰਿਤ-ਪਾਨ ਕਰਨ ਦਾ ਸੁਭਾਗ ਪ੍ਰਾਪਤ ਹੈ। ਭਾਈ ਫੇਰੂ ਸਿੰਘ ਨੇ ਭਾਈ ਪੰਜਾਬ ਸਿੰਘ ਨੂੰ ਆਪਣੀ ਗੱਦੀ 'ਤੇ ਅਸਥਾਪਨ ਕੀਤਾ।

ਸੰਮਤ ੧੭੬੦ (੧੭੦੩ ਈ.) ਦੇ ਕਰੀਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਲਵੇ ਵਿਚ ਵਿਚਰ ਰਹੇ ਸਨ ਤਾਂ ਭਾਈ ਰੋਚਾ ਸਿੰਘ ਜੀ ਵੀ ਭਾਈ ਪੰਜਾਬ ਸਿੰਘ ਦੇ ਨਾਲ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਗੁਰੂ ਜੀ ਦੇ ਦਰਸ਼ਨ ਕਰ ਕੇ ਨਿਹਾਲ ਹੋ ਗਏ ਅਤੇ ਦਸਮੇਸ਼ ਪਿਤਾ ਦੇ ਪਵਿੱਤਰ ਹੱਥਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਧੰਨ ਧੰਨ ਕਰਨ ਲੱਗੇ। ਇਨ੍ਹਾਂ ਦੀ ਧਰਮ ਵਿਚ ਡੂੰਘੀ ਰੁਚੀ ਵੇਖ ਕੇ ਗੁਰੂ ਜੀ ਨੇ ਇਨ੍ਹਾਂ ਦਾ ਨਾਂ ਰੋਚਾ ਸਿੰਘ ਰੱਖਿਆ। ਕੁਝ ਸਮਾਂ ਸਤਿਗੁਰਾਂ ਦੇ ਚਰਨਾਂ ਵਿਚ ਰਹਿ ਕੇ ਸੰਗਤ ਦੀ ਸੇਵਾ ਕੀਤੀ ਅਤੇ ਫਿਰ ਗੁਰੂ ਜੀ ਦੀ ਆਗਿਆ ਲੈ ਕੇ ਘਰਾਂ ਨੂੰ ਵਾਪਸ ਮੁੜ ਆਏ। ਵਾਪਸ ਆ ਕੇ ਇਕ ਵਾਰ ਵੈਸਾਖੀ ਦੇ ਮੇਲੇ ਉੱਪਰ ਮੁਜ਼ਫ਼ਰਾਬਾਦ, ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ (ਨਲੂਛੀ) ਦੇ ਦਰਸ਼ਨ ਕਰਨ ਲਈ ਗਏ। ਇੱਥੇ ਇੱਕ ਮੰਧਰੇ ਸ਼ਾਹ ਸੇਠ ਦੇ ਕੋਲ ਨੌਕਰ ਲੱਗ ਗਏ। ਕਹਿੰਦੇ ਹਨ ਕਿ ਇੱਥੇ ਇੱਕ ਰਾਤ ਉਨ੍ਹਾਂ ਨੂੰ ਸੁਪਨੇ ਵਿਚ ਦਸਵੇਂ ਪਾਤਸ਼ਾਹ ਨੇ ਤੀਰ ਨਾਲ

ਤਿੰਨ ਚੋਭਾਂ ਲਗਾ ਕੇ ਜਗਾਇਆ ਅਤੇ ਕਿਹਾ ਕਿ ਤੈਨੂੰ ਕਿਸ ਕੰਮ ਲਈ ਭੇਜਿਆ ਸੀ ਤੇ ਕਿਸ ਕੰਮ ਲੱਗ ਗਿਆ ਹੈਂ। ਹੁਣ ਉੱਠ 'ਤੇ ਡੇਰਾ 'ਛਤਰ ਕਲਸ' ਵਿਚ ਭਾਈ ਪੰਜਾਬ ਸਿੰਘ ਨੂੰ ਮਿਲ। ਭਾਈ ਰੋਚਾ ਸਿੰਘ ਜੀ ਸੇਠ ਦੀ ਨੌਕਰੀ ਛੱਡ ਕੇ ਭਾਈ ਪੰਜਾਬ ਸਿੰਘ ਕੋਲ ਪਹੁੰਚੇ। ਉੱਥੇ ਜਾ ਕੇ ਦਿਨ-ਰਾਤ ਲੰਗਰ ਦੀ ਸੇਵਾ ਵਿਚ ਜੁਟ ਗਏ।

ਭਾਈ ਪੰਜਾਬ ਸਿੰਘ ਜੀ ਨੇ ਭਾਈ ਰੋਚਾ ਸਿੰਘ ਜੀ ਨੂੰ ਆਪਣੀ ਗੱਦੀ ਦਾ ਵਾਰਸ ਥਾਪ ਦਿੱਤਾ ਅਤੇ ਆਪ ਬੈਕੁੰਠ ਨੂੰ ਚਾਲੇ ਪਾ ਗਏ। ਛਤਰ ਕਲਸ ਪਿੰਡ ਦੇ ਲੋਕ ਉਨ੍ਹਾਂ ਨਾਲ ਈਰਖਾ ਕਰਨ ਲੱਗ ਪਏ ਤਾਂ ਉਨ੍ਹਾਂ ਨੇ ਭਾਈ ਭੰਤੂ ਸਿੰਘ ਜੀ ਨੂੰ ਡੇਰੇ ਦੀ ਜ਼ਿੰਮੇਵਾਰੀ ਦੇ ਦਿੱਤੀ ਅਤੇ ਆਪ ਰਾਗੀ ਜਥਾ ਬਣਾ ਕੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰਨ ਦੇ ਮਕਸਦ ਨਾਲ ਪਹਾੜੀ ਇਲਾਕੇ ਵਿਚ ਘੁੰਮੇ। ਇਸ ਸਮੇਂ ਦੌਰਾਨ ਉਨ੍ਹਾਂ ਨੇ ਪਿੰਡ ਕੋਟੀਆਂ, ਤਹਿਸੀਲ ਬਾਗ, ਜ਼ਿਲ੍ਹਾ ਪੁਣਛ ਵਿਚ ਸਿੱਖੀ ਦੇ ਪ੍ਰਚਾਰ ਲਈ ਇਕ ਗੁਰਦੁਆਰਾ ਬਣਵਾਇਆ ਪਰੰਤੂ ਉੱਥੋਂ ਦੇ ਹਾਕਮਾਂ ਅਤੇ ਮੁਕਾਮੀ ਲੋਕਾਂ ਨੇ ਮਿਲ ਕੇ ਗੁਰਦੁਆਰਾ ਢਾਹ ਦਿੱਤਾ ਅਤੇ ਸੰਤ ਰੋਚਾ ਸਿੰਘ ਜੀ ਨੂੰ ਵੀ ਬੁਰਾ ਭਲਾ ਕਿਹਾ। ਇਹ ਵੇਖ ਕੇ ਸ਼ਸਤਰਧਾਰੀ ਸਿੱਖ ਟਾਕਰਾ ਕਰਨ ਲਈ ਤਿਆਰ ਹੋ ਗਏ। ਉਨ੍ਹਾਂ ਦੇ ਨਾਲ ੪੦੦ ਸ਼ਸਤਰਧਾਰੀ ਸਿੱਖ ਰਿਹਾ ਕਰਦੇ ਸਨ। ਇਨ੍ਹਾਂ ਦੇ ਪ੍ਰਚਾਰ ਤੋਂ ਇਲਾਕੇ ਦੇ ਮੁਸਲਮਾਨ ਹਾਕਮ ਬਹੁਤ ਘਬਰਾਏ ਹੋਏ ਸਨ। ਉਨ੍ਹਾਂ ਨੇ ਸੁਦਨਾ ਦੀ ਗਲੀ, ਮੁਜ਼ਫਰਾਬਾਦ ਅਤੇ ਬਾਰਾਮੂਲਾ ਕੋਲ ਇਨ੍ਹਾਂ 'ਤੇ ਹਮਲਾ ਕਰ ਦਿੱਤਾ। ਅੱਗੋਂ ਭਾਈ ਜੀ ਦੇ ਸਾਥੀ ਸ਼ਸਤਰਧਾਰੀ ਸਿੱਖਾਂ ਨੇ ਟਾਕਰਾ ਕੀਤਾ ਅਤੇ ਹਮਲਾਵਾਰਾਂ ਨੂੰ ਬੁਰੀ ਤਰ੍ਹਾਂ ਹਰਾ ਕੇ ਭਜਾ ਦਿੱਤਾ। ਸੰਤ ਰੋਚਾ ਸਿੰਘ ਨੇ ਵੀ ਹਮਲਾਵਾਰਾਂ ਨੂੰ ਆਪਣੇ ਚੰਗੇ ਹੱਥ ਵਿਖਾਏ। ਕਹਿੰਦੇ ਹਨ ਕਿ ਪੀਰ ਫਕਰੁਲਾ ਖ਼ਾਨ ਨੇ ਕਸ਼ਮੀਰ ਦੇ ਸੂਬੇ ਸਰ ਬਲੰਦ ਖ਼ਾਨ ਨੂੰ ਸ਼ਿਕਾਇਤ ਕੀਤੀ ਕਿ ਇਹ ਸਿੱਖ ਫੌਜ ਲੈ ਕੇ ਆਪਣੇ ਧਰਮ ਦਾ ਪ੍ਰਚਾਰ ਕਰ ਰਿਹਾ ਹੈ ਅਤੇ ਮੁਸਲਮਾਨਾਂ ਨੂੰ ਵੀ ਆਪਣੇ ਮੁਰੀਦ ਬਣਾ ਰਿਹਾ ਹੈ। ਕਸ਼ਮੀਰ ਦੇ ਸੂਬੇ ਨੇ ਡੇਢ ਕੁ ਹਜ਼ਾਰ ਫੌਜ ਭੇਜ ਦਿੱਤੀ। ਇੱਧਰ ਤਿਆਰ-ਬਰ-ਤਿਆਰ ੪੦੦ ਸਿੰਘਾਂ ਨੇ ਬਾਰਾਮੂਲਾ ਕੋਲ ਟਾਕਰਾ ਕੀਤਾ ਅਤੇ ਸੂਬੇ ਦੀ ਫੌਜ ਨੂੰ ਹਰਾ ਕੇ ਭਜਾ ਦਿੱਤਾ। ਇਸ ਪਿੱਛੋਂ ਆਪ ਬਟਮਾਲੂ (ਕਸ਼ਮੀਰ) ਗਏ ਤਾਂ ਉੱਥੇ ਸੂਬਾ ਕਸ਼ਮੀਰ ਨੇ ਆਪਣੀ ਗ਼ਲਤੀ ਲਈ ਮੁਆਫੀ ਮੰਗੀ ਅਤੇ ਉਨ੍ਹਾਂ ਨੂੰ ਇਕ ਜਗੀਰ ਦੇਣੀ ਚਾਹੀ ਜੋ ਉਨ੍ਹਾਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ।

ਆਪ ਨੇ ਅਟਕ, ਹਜ਼ਾਰਾ, ਮੁਜ਼ਫਰਾਬਾਦ, ਐਬਟਾਬਾਦ, ਨਾਗ ਮਟੌਰ (ਪੋਠੋਹਾਰ), ਮਲਾਛ, ਕਾਲਾ ਬਾਗ਼ ਅਤੇ ਬਾਸੀਆ ਦੇ ਇਲਾਕੇ ਵਿਚ ਕਈ ਵਾਰ ਯਾਤਰਾ ਕਰ ਕੇ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਤਿਆਰ-ਬਰ-ਤਿਆਰ ਸਿੰਘ ਸਜਾਇਆ।

ਪਿਛਲੀ ਉਮਰ ਵਿਚ ਆਪ ਪਰਲ ਦੇ ਇਲਾਕੇ ਰਾਵਲੇ ਕੋਟ ਇਲਾਕਾ ਪੁਣਛ ਵਿਚ ਜਾ ਟਿਕੇ। ਇੱਥੇ ਆਪ ਦੇ ਛੋਟੇ ਭਰਾ ਭਾਈ ਮੋਤਾ ਸਿੰਘ ਜੀ ਆ ਮਿਲੇ। ਆਪ ਦਾ ਵੱਡਾ ਚੇਲਾ ਭਾਈ ਮੇਲਾ ਸਿੰਘ ਜੀ ਸਨ ਅਤੇ ਛੋਟਾ ਭਾਈ ਬੇਲਾ ਸਿੰਘ ਜੀ। ਭਾਈ ਬੇਲਾ ਸਿੰਘ ਜੀ ਨੂੰ ਖਡੂਰ ਸਾਹਿਬ ਭੇਜ ਦਿੱਤਾ ਅਤੇ ਭਾਈ ਮੇਲਾ ਸਿੰਘ ਜੀ ਨੂੰ ਆਪਣੀ ਥਾਂ ਅਸਥਾਪਨ ਕਰ ਦਿੱਤਾ। ਆਪ ਸੰਮਤ ੧੯੬੦ ਬਿਕ੍ਰਮੀ (੧੯੦੩ ਈ.) ਨੂੰ

੧੧੫ ਸਾਲ ਦੀ ਉਮਰ ਭੋਗ ਕੇ ਰਾਵਲੇ ਕੋਟ ਵਿਚ ਬੈਕੁੰਠ ਨੂੰ ਚੜ੍ਹਾਈ ਕਰ ਗਏ। ਉਹ ਬੜੇ ਉਪਕਾਰੀ, ਭਜਨੀਕ ਅਤੇ ਗੁਰਬਾਣੀ ਦੇ ਰਸੀਏ ਸਨ। ਜਿਸ ਸਮੇਂ ਆਪ ਨੇ ਇਸ ਇਲਾਕੇ ਵਿਚ ਸਿੱਖੀ ਪ੍ਰਚਾਰ ਦਾ ਕੰਮ ਅਰੰਭਿਆ ਉਸ ਸਮੇਂ ਉੱਥੇ ਮੁਸਲਮਾਨ ਰਾਜਿਆਂ ਦਾ ਜ਼ੋਰ ਸੀ। ਬਹੁਤ ਸਾਰੇ ਹਿੰਦੂ ਡਰਦੇ ਹੋਏ ਹੀ ਮੁਸਲਮਾਨੀ ਰਸਮਾਂ ਅਦਾ ਕਰਨ ਲੱਗ ਪਏ ਸਨ। ਆਪ ਨੇ ਇਲਾਕੇ ਦੇ ਲੋਕਾਂ ਵਿਚ ਨਵੀਂ ਰੂਹ ਫੂਕ ਦਿੱਤੀ।

ਅਜਿਹੇ ਸੰਤ-ਮਹਾਂਪੁਰਸ਼ ਮਹਾਨ ਹਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਾਦਗੀ ਵਿਚ ਰਹਿ ਕੇ ਸਿੱਖੀ ਦੇ ਬੂਟੇ ਨੂੰ ਵੱਧਣ-ਫੁੱਲਣ ਲਈ ਲਗਾਇਆ। ਅਜਿਹੇ ਕਰਣੀ ਵਾਲੇ ਗੁਰਸਿੱਖਾਂ ਦੇ ਜੀਵਨ ਤੋਂ ਅਗਵਾਈ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ■

## *. . .ਨਨਕਾਣਾ ਸਾਹਿਬ ਦਾ ਸਾਕਾ*

*ਸਫ਼ਾ ੩੫ ਦਾ ਬਾਕੀ . . .*

ਇੰਝ ਅਸੀਂ ਵੇਖਦੇ ਹਾਂ ਕਿ ਨਨਕਾਣਾ ਸਾਹਿਬ ਵਿਖੇ ਵਾਪਰੇ ਕਤਲ-ਏ-ਆਮ ਦਾ ਦੁਖਾਂਤ ਪੰਜਾਬ ਦੇ ਰਾਜਨੀਤਿਕ ਇਤਿਹਾਸ ਹੀ ਨਹੀਂ; ਸਾਹਿਤਕ ਇਤਿਹਾਸ ਵਿਚ ਵੀ ਇਕ ਮਹੱਤਵਪੂਰਨ ਘਟਨਾ ਹੈ। ਇਸ ਸਾਕੇ ਬਾਰੇ ਸ਼ਰਫ਼ ਹੀ ਨਹੀਂ, ਸਗੋਂ ਹੋਰ ਵੀ ਅਨੇਕ ਕਵੀਆਂ ਨੇ ਕਵਿਤਾਵਾਂ ਰਚ ਕੇ ਸ਼ਰਧਾਂਜਲੀਆਂ ਪੇਸ਼ ਕੀਤੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਰੁਦਨ ਜਾਂ ਵਿਰਲਾਪ ਨਹੀਂ, ਸਗੋਂ ਸ਼ਹੀਦਾਂ ਪ੍ਰਤੀ ਅਕੀਦਤ ਜਾਂ ਮੁਹੱਬਤ ਹੈ ਅਤੇ ਕਹਿਰ ਵਰਤਾਉਣ ਵਾਲਿਆਂ ਪ੍ਰਤੀ ਨਫ਼ਰਤ, ਕੁੜੱਤਣ ਅਤੇ ਨਾ-ਪਸੰਦਗੀ ਹੈ। ਜ਼ਾਬਰ ਅਤੇ ਜ਼ਾਲਮ ਪ੍ਰਤੀ ਘ੍ਰਿਣਾ ਪਰ ਸਾਬਰ ਅਤੇ ਮਜ਼ਲੂਮ ਲਈ ਪਿਆਰ ਅਤੇ ਹਮਦਰਦੀ ਹੈ। ਇਹੋ ਖਾਸਾ ਪੰਜਾਬੀ ਕਵਿਤਾ ਦਾ ਉੱਘੜਵਾਂ ਲੱਛਣ ਹੈ।

ਨਨਕਾਣਾ ਸਾਹਿਬ ਦੇ ਸਾਕੇ ਨੇ ਪੰਜਾਬ ਦੇ ਇਤਿਹਾਸ ਅਤੇ ਅਕਾਲੀ ਲਹਿਰ ਉੱਪਰ ਜੋ ਅਸਰ ਪਾਇਆ, ਉਸ ਦਾ ਮੁਲੰਕਣ ਕਰਦਾ ਸੋਹਨ ਸਿੰਘ ਜੋਸ਼ ਲਿਖਦਾ ਹੈ, "ਨਨਕਾਣੇ ਸਾਹਿਬ ਦੀ ਅਦੁੱਤੀ ਸ਼ਹੀਦੀ ਨੇ ਧਾਰਮਿਕ ਖਿਆਲਾਂ ਦੇ ਨਰਮ-ਗਰਮ ਤੇ ਉਦਾਰ ਸਿੱਖਾਂ ਨੂੰ ਇੱਕ ਮੁੱਠ ਤੇ ਮਜ਼ਬੂਤ-ਦਿਲ ਬਣਾ ਦਿੱਤਾ ਸੀ। ਅਕਾਲੀ ਜਥੇਬੰਦੀ ਦਾ ਘੇਰਾ ਵਿਸ਼ਾਲ ਤੇ ਡੂੰਘਾ ਹੋ ਗਿਆ ਸੀ। ਜਨਮ-ਅਸਥਾਨ ਉੱਤੇ ਕਬਜ਼ੇ ਹੋਣ ਪਿੱਛੋਂ ਨਨਕਾਣੇ ਸਾਹਿਬ ਦੇ ਬਾਕੀ ਗੁਰਦੁਆਰੇ ਵੀ ਅਕਾਲੀ ਜਥਿਆਂ ਦੇ ਪ੍ਰਬੰਧ ਹੇਠ ਆ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦੇ ਪ੍ਰਬੰਧ ਦੇ ਮਾਮਲੇ ਵਿਚ, ਸਾਰੇ ਸਿੱਖਾਂ ਦੀ ਪ੍ਰਤਿਨਿਧ ਬਣ ਗਈ ਸੀ। ਜਥਿਆਂ ਦੀ ਵਧ ਰਹੀ ਜਥੇਬੰਦਕ ਤਾਕਤ ਨੇ ਗੌਰਮਿੰਟ ਨੂੰ ਚਿੰਤਾਤੁਰ ਕਰ ਦਿੱਤਾ ਸੀ ਕਿਉਂਕਿ ਏਡੀ ਵੱਡੀ ਤਹਿਰੀਕ ਤੇ ਜਥਿਆਂ ਦੀ ਨਿਧੜਕਤਾ ਨੇ ਦਲੇਰੀ ਨਾਲ ਉਸ ਦਾ ਪਹਿਲੇ ਕਦੇ ਵਾਹ ਨਹੀਂ ਸੀ ਪਿਆ।" ■

# ਨਿਹੰਗ ਸਿੰਘਾਂ ਦੀ ਗਤਕਾ ਕਲਾ

*-ਡਾ. ਆਤਮਾ ਸਿੰਘ**

ਗੁਰੂ ਕੀਆਂ ਲਾਡਲੀਆਂ ਫੌਜਾਂ 'ਨਿਹੰਗ ਸਿੰਘ' ਇਤਿਹਾਸਿਕ, ਸ਼ਕਤੀਸ਼ਾਲੀ ਤੇ ਗੌਰਵ ਵਾਲੀ ਜਥੇਬੰਦੀ ਹੈ। ਨਿਹੰਗ ਸਿੰਘਾਂ ਦਾ ਆਪਣਾ ਇਤਿਹਾਸਿਕ, ਸਮਾਜਿਕ, ਸੱਭਿਆਚਾਰਕ ਤੇ ਗੌਰਵਮਈ ਵਿਰਸਾ ਹੈ। ਅਜਿਹੇ ਵਿਰਸੇ ਦੇ ਧਾਰਨੀ ਨਿਹੰਗ ਸਿੰਘਾਂ ਦੀ ਬੋਲੀ ਵੀ ਨਿਵੇਕਲੀ ਹੈ ਜਿਸ ਨੂੰ 'ਗੜਗੱਜ ਬੋਲੇ' ਜਾਂ 'ਖਾਲਸੇ ਦੇ ਬੋਲੇ' ਵੀ ਕਿਹਾ ਜਾਂਦਾ ਹੈ। ਇਸ ਦੇ ਨਾਲ ਹੀ ਨਿਹੰਗ ਸਿੰਘ ਬੀਰਤਾ ਭਰਪੂਰ ਕਾਰਨਾਮੇ ਕਰਨ ਦੇ ਵੀ ਮਾਹਰ ਹਨ, ਜਿਸ ਵਿਚ ਗੁਰੂ ਕੀ ਖੇਡ 'ਗਤਕੇ' ਨੂੰ ਪ੍ਰਦਰਸ਼ਨ ਕਲਾ ਵਜੋਂ ਪੇਸ਼ ਕੀਤਾ ਜਾਂਦਾ ਹੈ। ਨਿਹੰਗ ਸਿੰਘਾਂ ਦੀ ਜਥੇਬੰਦੀ ਨੇ ਹੀ ਮੁਗ਼ਲ ਕਾਲ ਦੇ ਤੁਫ਼ਾਨੀ ਦੌਰ ਸਮੇਂ ਸਿੱਖ ਪੰਥ ਨੂੰ ਕਾਇਮ ਰੱਖਣ ਲਈ ਇਨਕਲਾਬੀ ਸੰਘਰਸ਼ ਕੀਤਾ ਜਿਹੜਾ ਕਿ ਵਿਸ਼ਵ ਇਤਿਹਾਸ ਹੋ ਨਿੱਬੜਿਆ।

'ਨਿਹੰਗ' ਸ਼ਬਦ ਦੇ ਇਕ ਤੋਂ ਜ਼ਿਆਦਾ ਅਰਥ ਮਿਲਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਨਿਹੰਗ ਦੇ ਅਰਥ ਇਸ ਤਰ੍ਹਾਂ ਕੀਤੇ ਹਨ:-

੧. **ਨਿਹੰਗ** - ਖੜਗ. ਤਲਵਾਰ. "*ਬਾਹਤ ਨਿਹੰਗ। ਉੱਠਤ ਫੁਲਿੰਗ.*" (ਸਲੋਹ) ਤਲਵਾਰ ਦੇ ਪ੍ਰਹਾਰ ਤੋਂ ਵਿਸਫੁਲਿੰਗ (ਚਿੰਗਾੜੇ). . .

੨.ਕਲਮ. ਲੇਖਨੀ।

੩.ਘੜਿਆਲ. ਮਗਰਮੱਛ. ਨਾਕੂ (Alligator)

*ਜਨੁਕ ਲਹਿਰ ਦਰਯਾਵ ਤੇ ਨਿਕਸਯੋ ਬਡੋ ਨਿਹੰਗ.* (ਚਰਿਤ੍ਰ ੨੧੭)[੧]

(ਨਾਕੂ - ਸਾਰਿਕ ਮੱਛੀ ਦੇ ਰੂਪ ਵਿੱਚੋਂ ਹੈ।

ਮਗਰਮੱਛ - ਛਿਪਕਲੀ ਦੇ ਰੂਪ ਵਿੱਚੋਂ ਹੈ।

ਛਿਪਕਲੀ ਦਾ ਸੁਭਾਅ ਹੈ ਕਿ ਉਹ ਅੱਖਾਂ ਬੰਦ ਕਰ ਕੇ ਪਰ ਸੁਚੇਤ ਰਹਿੰਦੀ ਹੈ। ਆਪ ਕਿਸੇ 'ਤੇ ਹਮਲਾ ਨਹੀਂ ਕਰਦੀ। ਅਗਰ ਕੋਈ ਹਮਲਾ ਕਰੇ ਤਾਂ ਕੱਟਦੀ ਹੈ, ਜਿਸ ਦਾ ਇਲਾਜ ਨਹੀਂ। ਇਹ ਸੁਭਾਉ ਨਿਹੰਗ ਦਾ ਹੈ। ਕਿਸੇ ਨੂੰ ਕੁਝ ਨਹੀਂ ਕਹਿੰਦਾ। ਅਗਰ ਨਾ ਹਟੇ ਤਾਂ ਪਕੜ 'ਚੋਂ ਬਾਹਰ ਨਹੀਂ ਹੋ ਸਕਦਾ।)

੪.ਡਿੰਗ - ਘੋੜਾ, ਅਸ਼੍ਵ, ਤੁਰੰਗ.

"*ਬਿਚਰੇ ਨਿਹੰਗ। ਜੈਸੇ ਪਿਲੰਗ.*" (ਵਿਚਿਤ੍ਰ)

ਚਿਤ੍ਰੇ ਵਾਂਙ ਛਾਲਾਂ ਮਾਰਦੇ ਘੋੜੇ ਵਿਚਰੇ।

**ਸਹਾਇਕ ਪ੍ਰੋਫ਼ੈਸਰ, ਬਾਬਾ ਅਜੈ ਸਿੰਘ ਖਾਲਸਾ ਕਾਲਜ, ਗੁਰਦਾਸ ਨੰਗਲ-੧੪੩੫੨੦; ਜ਼ਿਲ੍ਹਾ ਗੁਰਦਾਸਪੁਰ। ਮੋ. +੯੧੯੮੭੮੮੮੩੬੮੦*

੫.ਨਿਹਸ਼ੰਕ. ਵਿ— ਜਿਸ ਨੂੰ ਮੌਤ ਦੀ ਚਿੰਤਾ ਨਹੀਂ. ਬਹਾਦਰ. ਦਿਲੇਰ।

*-ਨਿਰਭਉ ਹੋਇਓ ਭਇਆ ਨਿਹੰਗਾ॥*

*ਚੀਤਿ ਨ ਆਇਓ ਕਰਤਾ ਸੰਗਾ॥* *(ਆਸਾ ਮ: ੫)*

*-ਪਹਿਲਾਂ ਦਲਾਂ ਮਿਲੰਦਿਆਂ ਭੇੜ ਪਿਆ ਨਿਹੰਗਾ॥* *(ਚੰਡੀ ੩)*

੬.ਨਿਹਸੰਗ. ਨਿਰਲੇਪ. ਆਤਮ ਗਯਾਨੀ. ਦੁੰਦ (ਦ੍ਵੰਦ੍ਵ) ਦਾ ਤਿਆਗੀ

"*ਨਿਹੰਗ ਕਹਾਵੈ ਸੋ ਪੁਰਖ ਦੁਖ ਸੁਖ ਮੰਨੇ ਨ ਅੰਗ* (ਸ੍ਰੀ ਗੁਰੂ ਪੰਥ ਪ੍ਰਕਾਸ਼)

*੭*.ਸਿੰਘਾਂ ਦਾ ਇਕ ਫਿਰਕਾ, ਜੋ ਸੀਸ ਪੁਰ ਫਰਹਰੇ ਵਾਲਾ ਉੱਚਾ ਦਮਾਲਾ, ਚੱਕ੍ਰ, ਤੋੜਾ, ਖੰਡਾ, ਕ੍ਰਿਪਾਨ, ਗਜਗਾਹ ਆਦਿਕ ਸ਼ਸਤ੍ਰ ਅਰ ਨੀਲਾ ਬਾਣਾ ਪਹਿਨਦਾ ਹੈ। ਨਿਹੰਗ ਸਿੰਘ ਮਰਣ ਦੀ ਸ਼ੰਕਾ ਤਿਆਗਕੇ ਹਰ ਵੇਲੇ ਸ਼ਹੀਦੀ ਪਾਉਣ ਨੂੰ ਤਿਆਰ ਅਤੇ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਜਿਸ ਲਈ ਇਹ ਨਾਮ ਹੈ।"[੨]

ਨਿਹੰਗ ਸ਼ਬਦ ਦੇ ਜਿੰਨੇ ਵੀ ਅਰਥ ਹਨ ਉਨ੍ਹਾਂ ਦਾ ਸੰਬੰਧ ਬੀਰਤਾ ਅਤੇ ਨਿਰਲੇਪਤਾ ਨਾਲ ਹੈ। ਨਿਰਲੇਪ ਰਹਿਣ ਵਾਲਾ ਬਹਾਦਰ ਵਿਅਕਤੀ ਹੀ ਨਿਹੰਗ ਹੈ। ਵਾਸਤਵ ਵਿਚ ਨਿਹੰਗ ਸਿੰਘ ਕੋਈ ਵੱਖਰਾ ਪੰਥ ਨਹੀਂ, ਬਲਕਿ ਖਾਲਸਾ ਪੰਥ ਦਾ ਉਹ ਅਨਿੱਖੜ ਦਲ ਹੈ ਜਿਸ ਨੇ ਖਾਲਸੇ ਦੇ ਪੁਰਾਤਨ ਪਹਿਰਾਵੇ (ਬਾਣੇ), ਪਰੰਪਰਾ ਅਤੇ ਜੀਵਨ-ਸ਼ੈਲੀ ਨੂੰ ਅੱਜ ਤਕ ਸੰਭਾਲ ਕੇ ਰੱਖਣ ਦਾ ਯਤਨ ਕੀਤਾ ਹੈ। ਅਠਾਰ੍ਹਵੀਂ ਸਦੀ ਵਿਚ ਸਮੁੱਚਾ ਅੰਮ੍ਰਿਤਧਾਰੀ ਖਾਲਸਾ ਨਿਹੰਗ ਹੀ ਸੀ। ਬੁੱਢਾ ਦਲ ਅਤੇ ਤਰੁਣਾ ਦਲ ਦੇ ਰੂਪ ਵਿਚ ਦਲ ਖਾਲਸਾ ਦੇ ਵੱਖ-ਵੱਖ ਜਥੇ ਨਿਹੰਗ ਜਥੇ ਹੀ ਸਨ। ਮਿਸਲਾਂ ਤਕ ਖਾਲਸਈ ਫੌਜਾਂ ਦਾ ਬਾਣਾ ਅਤੇ ਜੀਵਨ-ਸ਼ੈਲੀ ਨਿਹੰਗਾਂ ਵਾਲੀ ਹੀ ਸੀ।

ਨਿਹੰਗ ਸਿੰਘਾਂ ਨੇ ਜਿੱਥੇ ਖਾਲਸਈ ਬੋਲੇ ਅਤੇ ਪਹਿਰਾਵਾ (ਬਾਣਾ) ਸਾਂਭ ਕੇ ਰੱਖਿਆ ਹੈ, ਉੱਥੇ ਗੁਰੂ ਕੀ ਖੇਡ ਗਤਕੇ ਨੂੰ ਵੀ ਸਾਂਭਿਆ ਹੋਇਆ ਹੈ ਜਿਸ ਦਾ ਪ੍ਰਦਰਸ਼ਨ ਵਿਭਿੰਨ ਢੰਗਾਂ ਨਾਲ ਕੀਤਾ ਜਾਂਦਾ ਹੈ। ਸੱਭਿਆਚਾਰਕ ਸੰਦਰਭ ਵਿਚ ਜਿੱਥੇ ਨਿਹੰਗ ਸਿੰਘਾਂ ਦੇ ਪਹਿਰਾਵੇ ਦੀ ਮਹੱਤਤਾ ਹੈ, ਉੱਥੇ ਨਾਲ ਹੀ ਸ਼ਸਤਰ ਕਲਾ ਵਜੋਂ ਗਤਕਾ ਵੀ ਆਪਣਾ ਮਹੱਤਵਪੂਰਨ ਸਥਾਨ ਰੱਖਦਾ ਹੈ। ਨਿਹੰਗ ਸਿੰਘਾਂ ਦੀ ਬੋਲੀ ਵਿੱਚੋਂ ਬੀਰਤਾ ਦੇ ਭਾਵ ਝਲਕਦੇ ਹਨ। ਨਿਹੰਗ ਸਿੰਘਾਂ ਦੇ ਬੋਲੇ ਜਿਨ੍ਹਾਂ ਨੂੰ 'ਗੜਗੱਜ ਬੋਲੇ' ਵੀ ਕਿਹਾ ਜਾਂਦਾ ਹੈ। ਵੱਖੋ-ਵੱਖਰੇ ਸੰਦਰਭਾਂ ਵਿਚ ਸਧਾਰਨ ਸ਼ਬਦ ਵੀ ਬੀਰ ਰਸ ਭਰਪੂਰ ਹੁੰਦੇ ਹਨ। ਆਮ ਸ਼ਬਦਾਵਲੀ ਨੂੰ ਨਿਹੰਗ ਸਿੰਘਾਂ ਨੇ ਵਿਸ਼ੇਸ਼ ਸ਼ਬਦਾਵਲੀ ਜਾਂ ਗੁਪਤ ਸ਼ਬਦਾਵਲੀ ਵਿਚ ਢਾਲ ਲਿਆ ਹੈ। ਇਸਤਰੀ ਵਾਚਕ ਸ਼ਬਦਾਂ ਨੂੰ ਪੁਰਖ ਵਾਚਕ, ਮੁੱਲਵਾਨ ਵਸਤੂਆਂ ਲਈ ਤੁਛ ਸ਼ਬਦ, ਸਧਾਰਨ ਵਸਤੂਆਂ ਲਈ ਵੱਡੇ ਸ਼ਬਦ, ਸ਼ਬਦ ਵਿਸਥਾਰ, ਸ਼ਬਦ ਸੰਕੋਚ, ਬਹੁਅਰਥਾਂ ਵਾਲੇ ਸ਼ਬਦ, ਪਰਿਆਇਵਾਚੀ ਸ਼ਬਦ, ਵਿਅੰਗ ਅਰਥਾਂ ਵਾਲੇ ਸ਼ਬਦ ਅਤੇ ਵਿਸ਼ੇਸ਼ ਸ਼ਬਦ ਸਿਰਜ ਕੇ ਜਿੱਥੇ ਨਿਹੰਗ ਸਿੰਘਾਂ ਦੀ ਭਾਸ਼ਾ ਨਿਰਲੇਪਤਾ ਦੀ ਧਾਰਨੀ ਹੁੰਦੀ ਹੈ, ਉੱਥੇ ਬੀਰ ਰਸੀ ਵੀ ਹੋ ਨਿੱਬੜਦੀ ਹੈ। ਇਹ ਭਾਸ਼ਾ ਹੀ ਨਿਹੰਗ ਸਿੰਘਾਂ ਦੀ ਸ਼ਸਤਰ ਵਿੱਦਿਆ ਦਾ

ਆਧਾਰ ਬਣਦੀ ਹੈ। ਸ਼ਸਤਰ ਵਿੱਦਿਆ ਦੀਆਂ ਭਾਵੇਂ ਕਈ ਕਿਸਮਾਂ ਹਨ ਪਰ ਇਨ੍ਹਾਂ ਦੀ ਸਮੁੱਚੀ ਰਿਹਰਸਲ (ਅਭਿਆਸ) ਨੂੰ ਗਤਕੇਬਾਜ਼ੀ ਦਾ ਨਾਮ ਦਿੱਤਾ ਜਾਂਦਾ ਹੈ।

ਗਤਕਾ ਨਿਹੰਗ ਸਿੰਘਾਂ ਦੀ ਪ੍ਰਦਰਸ਼ਨ ਕਲਾ ਦਾ ਅਜਿਹਾ ਪ੍ਰਦਰਸ਼ਨ ਹੈ ਜਿਸ ਦੀ ਮੈਦਾਨ-ਏ-ਜੰਗ ਵਿਚ ਵੀ ਵਰਤੋਂ ਕੀਤੀ ਜਾਂਦੀ ਹੈ ਅਤੇ ਆਮ ਪ੍ਰਦਰਸ਼ਨ ਵੀ ਕੀਤਾ ਜਾਂਦਾ ਹੈ। ਗਤਕਾ ਅਰਬੀ ਦੇ ਸ਼ਬਦ 'ਖ਼ੁਤਕਾ' ਤੋਂ ਬਣਿਆ ਹੈ। ਫ਼ਾਰਸੀ ਵਿਚ ਇਸ ਨੂੰ 'ਕੁਤਕਾ' ਕਿਹਾ ਜਾਂਦਾ ਹੈ ਜਿਸ ਦਾ ਅਰਥ ਹੈ ਛੋਟਾ ਅਤੇ ਮੋਟਾ ਸੋਟਾ। ਭੰਗਾਣੀ ਦੇ ਯੁੱਧ ਵਿਚ ਹਯਾਤ ਖਾਂ ਸਰਦਾਰ ਨੂੰ ਮਹੰਤ ਕਿਰਪਾਲ ਦਾਸ ਨੇ ਕੁਤਕੇ ਨਾਲ ਮਾਰਿਆ ਸੀ।[੩] ਜਿਸ ਦਾ ਵਰਣਨ 'ਬਚਿੱਤ੍ਰ ਨਾਟਕ' ਵਿਚ ਮਿਲਦਾ ਹੈ:

*ਕ੍ਰਿਪਾਲ ਕੋਪਿਯੰ ਕੁਤਕੋ ਸੰਭਾਰੀ॥*
*ਹਠੀ ਖਾਨ ਹੱਯਾਤ ਕੇ ਸੀਸ ਝਾਰੀ॥*
*ਉੱਠੀ ਛਿੱਛ ਇੱਛੰ ਕਢਾ ਮੇਝ ਜੋਰੰ॥*
*ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ॥੭॥*
*ਤਹਾ ਨੰਦਚੰਦ ਕੀਯੋ ਕੋਪੁ ਭਾਰੋ॥*
*ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ॥*
*ਤੁਟੀ ਤੇਗ ਤ੍ਰਿੱਖੀ ਕਢੇ ਜਮਦੱਢੰ॥*
*ਹਠੀ ਰਾਖਯੰ ਲੱਜ ਬੰਸੰ ਸਨੱਢੰ॥੮॥*

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗਤਕੇ ਤੋਂ ਭਾਵ— ਗਦਾਯੁੱਧ ਦੀ ਸਿੱਖਿਯਾ ਦਾ ਪਹਿਲਾ ਅੰਗ ਸਿਖਾਉਣ ਲਈ ਇਕ ਡੰਡਾ, ਜੋ ਤਿੰਨ ਹੱਥ ਲੰਮਾ ਹੁੰਦਾ ਹੈ. ਇਸ ਪੁਰ ਚੰਮ ਦਾ ਖੋਲ ਚੜ੍ਹਿਆ ਹੁੰਦਾ ਹੈ. ਸੱਜੇ ਹੱਥ ਵਿਚ ਗਤਕਾ ਅਤੇ ਖੱਬੇ ਹੱਥ ਵਿਚ ਫਰੀ (ਛੋਟੀ ਢਾਲ) ਲੈ ਕੇ ਦੋ ਆਦਮੀ ਆਪੋ ਵਿਚੀ ਖੇਡਦੇ ਹਨ।[੪] ਗਤਕਾ ਦੋ ਸ਼ਬਦਾਂ ਦਾ ਸੁਮੇਲ ਹੈ ਗਤੀ+ਕਾ ਭਾਵ ਗਤੀ ਵਿਚ ਰਹਿਣ ਵਾਲੀ ਵਸਤੂ ਨੂੰ ਗਤਕਾ ਕਿਹਾ ਜਾਂਦਾ ਹੈ। ਗਤਕਾ ਗਦਾਯੁੱਧ ਦੀ ਸਿੱਖਿਆ ਦਾ ਪਹਿਲਾ ਅੰਗ ਹੈ ਜਿਸ ਨੇ ਗਦਾ ਚਲਾਉਣ ਦਾ ਮਾਹਿਰ ਬਣਨਾ ਹੈ ਉਹ ਪਹਿਲਾਂ ਗਤਕਾ ਸਿੱਖੇ। ਸੰਭਵ ਹੈ ਗਦਾਯੁੱਧ ਸ਼ਬਦ ਬਦਲ ਕੇ ਗਤਕਾ ਬਣ ਗਿਆ ਹੋਵੇ।

ਵਿਦਵਾਨਾਂ ਨੇ ਸ਼ਸਤ੍ਰ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ:

ੳ) ਮੁਕ੍ਤ - ਜੋ ਹੱਥੋਂ ਛੱਡੇ ਜਾਣ. ਜੇਹਾ ਕਿ ਚੱਕ੍ਰ.

ਅ) ਅਮੁਕ੍ਤ - ਜੋ ਹੱਥੋਂ ਨਾ ਛੱਡੇ ਜਾਣ, ਤਲਵਾਰ, ਕਟਾਰ ਆਦਿ

ੲ) ਮੁਕ੍ਤਾਮੁਕ੍ਤ - ਜੋ ਹੱਥੋਂ ਛੱਡੇ ਭੀ ਜਾਣ ਅਤੇ ਹੱਥ ਵਿਚ ਰੱਖ ਕੇ ਭੀ ਵਰਤੇ ਜਾਣ. ਬਰਛਾ ਗਦਾ ਆਦਿਕ.

ਸ) ਯੰਤ੍ਰ ਮੁਕਤ - ਜੋ ਬਲ ਨਾਲ ਛੱਡੇ ਜਾਣ. ਜੈਸੇ ਤੀਰ, ਗੋਲੀ ਆਦਿ.[੫]

ਗਤਕੇ ਦਾ ਸੰਬੰਧ ਅਮੁਕਤ ਸ਼ਸਤਰਾਂ ਨਾਲ ਹੈ। ਇਸ ਨੂੰ ਹੱਥ ਵਿਚ ਫੜ ਕੇ ਦੁਸ਼ਮਣ ਉੱਤੇ ਵਾਰ ਕੀਤਾ ਜਾਂਦਾ ਹੈ ਭਾਵੇਂ ਕਿ ਗਤਕਾ ਸਧਾਰਨ ਸ਼ਸਤਰ ਹੈ। ਇਸ

ਦਾ ਵਾਰ ਜ਼ਿਆਦਾ ਮਾਰੂ ਨਹੀਂ ਪਰ ਯੁੱਧ ਵਿੱਦਿਆ ਤੇ ਸ਼ਸਤਰ ਕਲਾ ਦੀ ਸਿੱਖਿਆ ਲਈ ਇਸ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ।

ਸਿੱਖ ਪੰਥ ਵਿਚ ਜ਼ਾਹਰਾ ਰੂਪ ਵਿਚ ਗਤਕੇ ਦਾ ਪ੍ਰਦਰਸ਼ਨ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਹੋਣਾ ਸ਼ੁਰੂ ਹੋਇਆ ਪਰ ਇਸ ਦਾ ਬੀਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਬੀਜਿਆ ਗਿਆ ਸੀ। ਸਿੱਖ ਪੰਥ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਭਗਤੀ ਦੇ ਨਾਲ ਸ਼ਕਤੀ ਭਗਤ-ਬਾਣੀ ਵਿੱਚੋਂ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਭਗਤ ਸਾਹਿਬਾਨ ਦਾ ਸੁਭਾਅ ਭਾਵੇਂ ਵੈਰਾਗਮਈ ਸੀ ਅਤੇ ਸ਼ਾਂਤ ਰਹਿ ਕੇ ਪ੍ਰਭੂ ਦੀ ਪ੍ਰਾਪਤੀ ਕਰਨਾ ਉਨ੍ਹਾਂ ਦਾ ਮੰਤਵ ਸੀ ਪਰ ਮਨ ਦੇ ਵਿਕਾਰਾਂ, ਸਮਾਜਿਕ ਬੁਰਾਈਆਂ ਅਤੇ ਹੋਰ ਵਰਤਾਰਿਆਂ ਲਈ ਉਨ੍ਹਾਂ ਨੇ ਵੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ। ਭਗਤ ਕਬੀਰ ਜੀ ਨੇ ਸਿੱਧੇ ਰੂਪ ਵਿਚ ਕਹਿ ਦਿੱਤਾ:

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥*
*ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੫)*

ਗਤਕੇ ਦਾ ਸੰਬੰਧ ਸ਼ਕਤੀ ਨਾਲ ਹੈ। ਇਸ ਸ਼ਕਤੀ ਦਾ ਅਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਅਤੇ *ਰਾਜੇ ਸੀਹ ਮੁਕਦਮ ਕੁਤੇ* ਕਹਿ ਕੇ ਕੀਤਾ ਸੀ। ਇਹ ਇਕ ਤਰ੍ਹਾਂ ਸ਼ਕਤੀ ਦੇ ਰੂਪ ਵਿਚ ਗਤਕੇ ਦਾ ਅਰੰਭ ਸੀ। ਸਿੱਖ ਗੁਰੂ ਸਾਹਿਬਾਨ ਨੇ ਧਰਮ ਯੁੱਧ ਲਈ ਯਹਾਦਿ ਕਲਮ, ਯਹਾਦਿ ਕਲਾਮ ਤੇ ਯਹਾਦਿ ਸੈਫ਼ (ਕਿਰਪਾਨ) ਤਿੰਨ ਤਰੀਕੇ ਅਪਣਾਏ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਕਤੀ ਉਨ੍ਹਾਂ ਦੀ ਬਾਣੀ ਵਿੱਚੋਂ ਪ੍ਰਗਟ ਹੁੰਦੀ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੀਰ ਰਸ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅੱਗੇ ਤੋਰਿਆ। ਖਡੂਰ ਸਾਹਿਬ ਵਿਚ 'ਮੱਲ ਅਖਾੜਾ' ਖੋਲਿਆ, ਜਿੱਥੇ ਮੁਗਦਰ ਫੇਰੇ ਜਾਂਦੇ, ਜਿਸ ਨਾਲ ਗਤਕੇ ਦੇ ਕੁਝ ਅੰਗਾਂ ਦੀ ਪੂਰਤੀ ਕੀਤੀ ਜਾਂਦੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਫੌਜੀ ਸਿਖਲਾਈ (ਟ੍ਰੇਨਿੰਗ) ਦੇਣੀ ਸ਼ੁਰੂ ਕੀਤੀ ਜਿਹੜੀ ਕਿ ਜ਼ਾਹਰਾ ਰੂਪ ਵਿਚ ਗਤਕੇ ਦਾ ਪਹਿਲਾ ਪ੍ਰਦਰਸ਼ਨ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਾਬਾ ਬੁੱਢਾ ਜੀ ਨੇ ਸ਼ਸਤਰ ਵਿੱਦਿਆ ਸਿਖਾਈ। ਇਸ ਸਿਖਲਾਈ ਲਈ ਹੋਰ ਮੁਸਲਮਾਨ ਉਸਤਾਦ ਵੀ ਲਾਏ ਗਏ। ਜਦੋਂ ਗੁਰੂ ਸਾਹਿਬ ਨੇ ਸਿੱਖਾਂ ਦੇ ਹੱਥਾਂ ਵਿਚ ਸ਼ਸਤਰ ਦਿੱਤੇ ਤਾਂ ਇਹ ਉਨ੍ਹਾਂ ਨੂੰ ਓਪਰੇ ਨਹੀਂ ਸਨ ਲੱਗੇ ਕਿਉਂਕਿ ਇਨ੍ਹਾਂ ਵਸਤੂਆਂ ਤੋਂ ਤਾਂ ਸਿੱਖ ਪਹਿਲਾਂ

ਹੀ ਜਾਣੂ ਸਨ ਅਤੇ ਥੋੜੇ ਬਦਲਵੇਂ ਰੂਪ ਵਿਚ ਉਹ ਇਨ੍ਹਾਂ ਦੀ ਵਰਤੋਂ ਕਰਨੀ ਸਿੱਖ ਗਏ। ਸ੍ਰੀ ਅੰਮ੍ਰਿਤਸਰ ਸਰੋਵਰ ਦੀ ਪੁਟਵਾਈ ਵੇਲੇ ਵਰਤੇ ਜਾਂਦੇ ਬਾਲਟਿਆਂ ਵਰਗੀਆਂ ਹੀ ਢਾਲਾਂ ਉਨ੍ਹਾਂ ਦੇ ਹੱਥ ਵਿਚ ਸਨ। ਇਸੇ ਸ਼ਕਤੀ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਾਰ ਲੜਾਈਆਂ ਲੜੀਆਂ। ਸ੍ਰੀ ਗੁਰੂ ਹਰਿਰਾਇ ਜੀ ਦੇ ਸਮੇਂ ੨੨੦੦ ਘੋੜ-ਸਵਾਰ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਹੱਥ ਵਿਚ ਸੋਟੀ ਫੜੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਬਹਾਦਰੀ ਦਾ ਲਕਬ 'ਤੇਗ ਬਹਾਦਰ' ਦਿੱਤਾ ਗਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰਾਂ ਦੀ ਮਹੱਤਤਾ ਨੂੰ ਸਮਝਦਿਆਂ ਸਿੱਖਾਂ ਨੂੰ ਇਕ ਸ਼ਸਤਰ ਪੱਕੇ ਤੌਰ 'ਤੇ ਰੱਖਣ ਦਾ ਹੁਕਮ ਦੇ ਦਿੱਤਾ। ਸ਼ਸਤਰ ਵਿੱਦਿਆ ਦੇ ਅਭਿਆਸ ਲਈ ਇਕ ਦਿਨ ਮੁਕੱਰਰ ਕੀਤਾ ਗਿਆ। 'ਹੋਲੇ ਮਹੱਲੇ' ਵਾਲੇ ਦਿਨ ਸ਼ਸਤਰ ਕਲਾ ਦੇ ਜੌਹਰ ਦਿਖਾਏ ਜਾਂਦੇ ਤੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ। ਇਸ ਅਭਿਆਸ ਸਦਕਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਅਨੇਕਾਂ ਲੜਾਈਆਂ ਲੜੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਜਾਪੁ ਸਾਹਿਬ' ਸ਼ਸਤਰ ਵਿੱਦਿਆ ਨੂੰ ਮੁਖਾਤਿਬ ਹੈ। ਇਸ ਵਿਚਲੇ ਸਾਰੇ ਛੰਦ ਸ਼ਸਤਰ ਵਿੱਦਿਆ ਦੀਆਂ ਚਾਲਾਂ ਤੇ ਪੈਂਤੜਿਆਂ ਉੱਤੇ ਹਨ। 'ਸ਼ਸਤ੍ਰ ਨਾਮ ਮਾਲਾ' ਵੀ ਇਕ ਤਰ੍ਹਾਂ ਸ਼ਸਤਰਾਂ ਦਾ ਕੋਸ਼ ਹੈ:

*-ਤੁਹੀ ਕਟਾਰੀ ਦਾੜ੍ਹ ਜਮ ਤੂੰ ਬਿਛੂਓ ਅਰੁ ਬਾਨ।*<br>
*ਤੋਪਤ ਪਦ ਜੇ ਲੀਜੀਐ ਰੱਛ ਦਾਸ ਮੁਹਿ ਜਾਨੁ।੧੧।*<br>
*ਬਾਂਕ ਬਜ੍ਰ ਬਿਛੂਓ ਤੁਹੀ ਤਬਰ ਤਰਵਾਰਿ।*<br>
*ਤੁਹੀ ਕਟਾਰੀ ਸੈਹਥੀ ਕਰੀਐ ਰੱਛ ਹਮਾਰਿ।੧੨।*<br>
*ਤੁਮੀ ਗੁਰਜ ਤੁਮਹੀ ਗਦਾ ਤੁਮਹੀ ਤੀਰ ਤੁਫੰਗ।*<br>
*ਦਾਸ ਜਾਨਿ ਮੋਰੀ ਸਦਾ ਰੱਛ ਕਰੋ ਸਰਬੰਗ।੧੩।*<br>
*ਛੁਰੀ ਕਲਮ ਰਿਪ ਕਰਦ ਭਨਿ ਖੰਜਰ ਬੁਗਦਾ ਨਾਇ।*<br>
*ਅਰਧ ਰਿਜਕ ਸਭ ਜਗਤ ਕੋ ਮੁਹਿ ਤੁਮ ਲੇਹੁ ਬਚਾਇ।੧੪।*<br>
*-ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ।*<br>
*ਸੈਫ਼ ਸਰੋਹੀ ਸੈਹਥੀ ਯਹੈ ਹਮਾਰੈ ਪੀਰ।੧੩।*<br>
*ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰਿ।*<br>
*ਨਾਮ ਤਿਹਾਰੋ ਜੋ ਜਪੈ ਭਏ ਸਿੰਧੁ ਭਵ ਪਾਰ।੧੪।* *(ਸ੍ਰੀ ਦਸਮ ਗ੍ਰੰਥ ਸਾਹਿਬ)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਤੇ ਸਿੱਖ ਮਿਸਲਾਂ ਦੇ ਨਾਲ ਗਤਕਾ ਕਲਾ ਨਿਹੰਗ ਸਿੰਘਾਂ ਦੀ ਪ੍ਰਦਰਸ਼ਨ ਕਲਾ ਦਾ ਰੂਪ ਧਾਰਨ ਕਰ ਗਈ। 'ਬੁੱਢਾ ਦਲ' ਅਤੇ 'ਤਰੁਣਾ ਦਲ' ਦੀ ਹੋਂਦ ਸਮੇਂ ਗਤਕਾ ਯੁੱਧ ਵਿੱਦਿਆ ਦਾ ਪ੍ਰਮੁੱਖ ਅੰਗ ਰਿਹਾ। ਹੁਣ ਇਹ ਕਲਾ ਕੇਵਲ ਨਿਹੰਗ ਸਿੰਘਾਂ ਦੀਆਂ ਜਥੇਬੰਦੀਆਂ ਤਕ ਹੀ ਸੀਮਤ ਹੋ ਕੇ ਰਹਿ ਗਈ ਹੈ। ਕੁਝ ਇਕ ਕਾਲਜਾਂ ਅਤੇ ਯੂਨੀਵਰਸਿਟੀਆਂ

ਵਿਚ ਵੀ ਇਸ ਦਾ ਪ੍ਰਦਰਸ਼ਨ ਹੁੰਦਾ ਹੈ।

ਗਤਕਾ ਨਿਹੰਗ ਸਿੰਘਾਂ ਦੀ ਜੰਗੀ ਖੇਡ ਹੈ। ਗਤਕੇ ਵਿਚ ਮੁੱਢਲੇ ਤੌਰ 'ਤੇ ਤਿੰਨ ਹੱਥ ਲੰਮਾ ਚਮੜੇ ਦਾ ਲਪੇਟਿਆ ਡੰਡਾ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਕਈ ਵਾਰ ਹੱਥ ਵਿਚ ਛੋਟੀ ਢਾਲ ਵੀ ਫੜੀ ਜਾਂਦੀ ਹੈ। ਗਤਕੇ ਦਾ ਪ੍ਰਦਰਸ਼ਨ ਸੋਟੇ ਤੋਂ ਲੈ ਕੇ ਕਿਰਪਾਨਾਂ ਤਕ ਚੱਲਦਾ ਹੈ। ਗਤਕੇ ਦੇ ਪ੍ਰਦਰਸ਼ਨ ਤੋਂ ਪਹਿਲਾਂ ਸਰੀਰ ਗਰਮਾਏ ਜਾਂਦੇ ਹਨ। ਇਸ ਲਈ ਡੰਡ-ਬੈਠਕਾਂ ਤੇ ਅਖਾੜੇ ਦੁਆਲੇ ਦੌੜਾਂ ਲਾਉਣ ਦਾ ਅਭਿਆਸ ਹੁੰਦਾ ਹੈ। ਸ਼ਸਤਰਾਂ ਨੂੰ ਨਮਸਕਾਰ ਕਰਨ ਦੇ ਸੰਦਰਭ ਵਿਚ ਵਿਸ਼ੇਸ਼ ਕਿਸਮ ਨਾਲ ਪੈਂਤੜਾ (Foot Work) ਕੱਢਿਆ ਜਾਂਦਾ ਹੈ। ਪੂਰੇ ਜੋਸ਼ ਨਾਲ ਗਤਕੇ ਨੂੰ ਫੜ ਕੇ ਬੀਰ ਰਸੀ ਸ਼ਬਦ ਬੋਲੇ ਜਾਂਦੇ ਹਨ। ਆਮ ਤੌਰ 'ਤੇ ਇਹ ਸ਼ਬਦ ਸਵੱਯੇ ਜਾਂ ਦੋਹਰੇ ਹੁੰਦੇ ਹਨ। ਇਹ ਸ਼ਬਦ ਆਮ ਵੀ ਹੁੰਦੇ ਹਨ ਤੇ ਵਿਸ਼ੇਸ਼ ਬੀਰ ਰਸੀ ਸਾਹਿਤਕ ਰਚਨਾਵਾਂ ਵਿੱਚੋਂ ਵੀ ਬੋਲੇ ਜਾਂਦੇ ਹਨ:

੧ *ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ।*
*ਤੁਹੀ ਨਿਸਾਨੀ ਜੀਤ ਕੀ ਆਜੁ ਤੁਹੀ ਜਗਬੀਰ।੫।* *(ਸ੍ਰੀ ਦਸਮ ਗ੍ਰੰਥ)*

੨ *ਸਿੰਘ ਚੜਨਗੇ ਸ਼ਿਕਾਰ*
*ਚੌਵੀ ਚੌਵੀ ਕੋਹ ਦੀ ਉਜਾੜ*
*ਬਾਰੀਂ ਕੋਹੀਂ ਪੜਾਅ*
*ਆਉਣਗੇ ਛਿਆਨਵੇਂ ਕਰੋੜੀ ਚੜ੍ਹ ਕੇ*
*ਲੈ ਜਾਣਗੇ ਤੈਨੂੰ ਫੜ ਕੇ*
*ਗੁਰੂ ਘਰ ਦਿਆ ਦੋਸ਼ੀਆ*
*ਦਿਨ ਕੱਟੇ ਜਾਂਦੇ ਕੱਟ ਲਾ*
*ਸ੍ਰੀ ਸਾਹਿਬ ਤੇਰੇ ਨੱਕ ਨੂੰ*
*ਠੂਠਾ ਤੇਰੇ ਹੱਥ ਨੂੰ*
*ਮੰਗਦਾ ਫਿਰੇਂ ਜਗਤ ਨੂੰ*
*ਆਉਣਗੇ ਛਿਆਨਵੇਂ ਕਰੋੜੀ ਚੜ੍ਹ ਕੇ*
*ਲੈ ਜਾਣਗੇ ਤੈਨੂੰ ਫੜ ਕੇ*
*ਬੋਲੇ ਸੋ ਨਿਹਾਲ*
*ਸਤ ਸ੍ਰੀ ਅਕਾਲ*

੩ *ਕਲਗੀਆਂ ਵਾਲਿਆ ਤੇਰੀਆਂ ਕਰਨੀਆਂ ਨੇ*
*ਸਾਡਾ ਸੰਗਲ ਗੁਲਾਮੀ ਵਾਲਾ ਤੋੜ ਦਿੱਤਾ।*

ਮੇਲ ਜੋਲ ਕੇ ਚਹੁੰਆਂ ਸ਼੍ਰੇਣੀਆਂ ਨੂੰ
ਨਵੇਂ ਮੋੜ ਵੱਲ ਕੌਮ ਨੂੰ ਮੋੜ ਦਿੱਤਾ।
ਐਸੀ ਮੁਰਦਿਆਂ ਦਿਲਾਂ ਵਿਚ ਜਾਨ ਪਾਈ
ਫੜ ਕੇ ਚਿੜੀ ਨੇ ਬਾਜ਼ ਮਰੋੜ ਦਿੱਤਾ।
ਇਕ ਹੱਥ ਮਾਲਾ ਦੂਜੇ ਤੇਗ ਦੇ ਕੇ
ਸ਼ਕਤੀ ਭਗਤੀ ਨੂੰ ਕੱਠਿਆਂ ਜੋੜ ਦਿੱਤਾ।

੪ ਏਥੇ ਲੱਖਾਂ ਹੀ ਜੰਮਣ ਤੇ ਮਰਨ ਵਿਰਲੇ
ਪੈਦਾ ਹੁੰਦਾ ਏ ਕਦੇ ਇਨਸਾਨ ਕੋਈ।
ਦੇਸ਼ ਕੌਮ ਅਤੇ ਵਤਨ ਦੀ ਅਣਖ ਬਦਲੇ
ਵਾਰ ਜਾਂਦਾ ਏ ਸੂਰਮਾ ਜਾਨ ਕੋਈ।
ਆਪਣੀ ਅਣਖ ਬਦਲੇ ਮਰਦੇ ਨੇ ਏਥੇ
ਹੁੰਦਾ ਦੂਜਿਆਂ ਲਈ ਕੁਰਬਾਨ ਕੋਈ।
ਲੋਕੀਂ ਜੱਗ 'ਤੇ ਉਹਨਾਂ ਨੂੰ ਪੂਜਦੇ ਨੇ
ਜਿਹੜੇ ਕਰਦੇ ਨੇ ਕੰਮ ਮਹਾਨ ਕੋਈ।

੫ ਪੁੱਤਾਂ ਵਾਲਿਉ ਗੁਰੂ ਦਸ਼ਮੇਸ਼ ਜੀ ਨੇ
ਕਿੱਦਾਂ ਜੰਞ ਚੜ੍ਹਾਈ ਹੈ ਪੁੱਤਰਾਂ ਦੀ।
ਦੋ ਨਾਲ ਦਾਦੀ ਅਤੇ ਦੋ ਨਾਲ ਪਿਤਾ
ਵੰਡ ਇਸ ਤਰ੍ਹਾਂ ਪਾਈ ਦੋ ਪੁੱਤਰਾਂ ਦੀ।
ਦੋ ਚਮਕੌਰ ਤੇ ਦੋ ਸਰਹੰਦ ਅੰਦਰ
ਜੰਞ ਏਦਾਂ ਢੁਕਾਈ ਹੈ ਪੁੱਤਰਾਂ ਦੀ।
ਨਿਰਮਲ ਮੌਤ ਦੇ ਨਾਲ ਵਿਆਹੇ ਗਏ ਨੇ
ਡੋਲੀ ਘਰ ਨੂੰ ਆਈ ਏ ਪੁੱਤਰਾਂ ਦੀ।

੬ ਮੈਂ ਕਲਗੀਧਰ ਦਾ ਲਾਡਲਾ
ਮੇਰੇ ਹੱਥ ਵਿਚ ਨੰਗੀ ਤਲਵਾਰ।
ਮੈਂ ਚੁਣ ਚੁਣ ਵੈਰੀ ਮਾਰਦਾ
ਮੈਂ ਕਦੇ ਨਾ ਖਾਵਾਂ ਹਾਰ।
ਮੈਂ ਨਾਮ ਧਿਆਵਾਂ ਗੁਰੂ ਦਾ
ਬੋਲੇ ਸੋ ਨਿਹਾਲ।[੬]

੭ ਦਸਮ ਪਿਤਾ ਨੇ ਸਾਨੂੰ ਜਨਮ ਦਿੱਤਾ
ਗੁੜ੍ਹਤੀ ਮਿਲੀ ਏ ਖੰਡੇ ਦੀ ਧਾਰ ਵਿੱਚੋਂ।
ਸਿੱਖੀ ਸਿਦਕ ਸਿਰ ਸੋਹਣੀ ਦਸਤਾਰ
ਸਾਡਾ ਵੱਖਰਾ ਏ ਰੂਪ ਸੰਸਾਰ ਵਿੱਚੋਂ।

੮ ਗਾਂਧੀ ਵਾਂਗੂੰ ਨਹੀਂ ਚਰਖੇ ਚਲਾਏ ਅਸੀਂ
ਖ਼ੁਦ ਚਰਖੜੀਆਂ 'ਤੇ ਚੜ੍ਹੇ ਹੋਏ ਆਂ।
ਸਿਰ ਦੇ ਕੇ ਜਿੱਥੇ ਹੈ ਫੀਸ ਲਗਦੀ
ਅਸੀਂ ਉਹਨਾਂ ਸਕੂਲਾਂ ਵਿਚ ਪੜ੍ਹੇ ਹੋਏ ਆਂ।
ਤੂੰ ਕੀ ਸਾਨੂੰ ਮਾਰਨਾ ਵੈਰੀਆ ਓਏ
ਅਸੀਂ ਤੇਰੀ ਉਡੀਕ ਵਿਚ ਖੜੇ ਹੋਏ ਆਂ।

੯ ਕੂੰਜਾਂ ਵਾਂਗ ਕੁਰਲਾ ਕੇ ਅੱਜ ਲੋਕੀਂ
ਐਵੇਂ ਨਹੀਂ ਦਸਮੇਸ਼ ਨੂੰ ਯਾਦ ਕਰਦੇ।
ਉਹ ਤਾਂ ਸੁੱਖਣਾ ਇਹੋ ਹੀ ਸੁੱਖਦੇ ਨੇ
ਮੇਰੇ ਮਾਲਕਾ ਪੂਰੀ ਫਰਿਆਦ ਕਰਦੇ।
ਮੇਰਾ ਪਿਤਾ ਲਿਆ ਮੇਰੇ ਪੁੱਤ ਲੈ ਲਾ
ਮੇਰਾ ਵੱਸਦਾ ਘਰ ਬਰਬਾਦ ਕਰਦੇ।
ਚੁਣ ਲੈ ਨਹੁੰਆਂ ਦੇ ਨਾਲ ਪਰਵਾਰ ਮੇਰਾ
ਮੇਰਾ ਖ਼ਾਲਸਾ ਪੰਥ ਆਬਾਦ ਕਰਦੇ।

੧੦ ਆਏ ਰਾਹਾਂ ਵਿਚ ਦੁੱਖ ਪਹਾੜ ਜਿੱਡੇ
ਢਿੱਲੀ ਪਈ ਪਰ ਤੇਰੀ ਰਫਤਾਰ ਵੀ ਨਾ।
ਵਿਛੜ ਗਿਆ ਜੋ ਸਰਸਾ ਦੇ ਆਣ ਕੰਢੇ
ਚੇਤੇ ਆਇਆ ਉਹ ਤੈਨੂੰ ਪਰਵਾਰ ਵੀ ਨਾ।
ਹੋਣੀ ਵਿਚ ਆਕਾਸ਼ ਦੇ ਰੋਣ ਲੱਗੀ
ਮਿਲ ਸਕੇ ਅਜੀਤ ਜੁਝਾਰ ਵੀ ਨਾ।
ਹੌਲਾ ਭਾਰ ਸੰਸਾਰ ਦਾ ਕਰਨ ਬਦਲੇ
ਹੱਥੀਂ ਪੁੱਤਾਂ ਦਾ ਕੀਤਾ ਸਸਕਾਰ ਵੀ ਨਾ।

੧੧ ਹੁੰਦੇ ਕਦੇ ਮੁਥਾਜ ਨਹੀਂ ਦੀਵਿਆਂ ਦੇ

*ਹਰ ਇਕ ਮੱਸਿਆ ਉਹਨਾਂ ਦੀ ਚਾਨਣੀ ਏ।*
*ਜਿਹੜੀ ਕੌਮ ਦੇ ਅਣਖੀ ਪਤੰਗਿਆਂ ਨੇ*
*ਸੇਜ ਸ਼ਮ੍ਹਾਂ ਦੀ ਲਾਟ 'ਤੇ ਮਾਨਣੀ ਏ।*
*ਬੇਗੁਨਾਹ ਮਾਸੂਮਾਂ ਦੀ ਰੱਤ ਪੀ ਕੇ*
*ਵਰਕੇ ਜਿਨ੍ਹਾਂ ਇਤਿਹਾਸ ਦੇ ਰੰਗ ਲਏ ਨੇ।*
*ਆਖਰ ਉਹਨਾਂ ਹੀ ਅੱਥਰੇ ਸਮੇਂ ਕੋਲੋਂ*
*ਹੱਕ ਛਾਤੀਆਂ ਤਾਣ ਕੇ ਮੰਗ ਲਏ ਨੇ।*

ਗਤਕੇ ਦਾ ਅਰੰਭ ਕਰਨ ਲਈ ਦੋਵੇਂ ਖਿਡਾਰੀ ਆਪਸ ਵਿਚ ਸੋਟੀਆਂ ਮਿਲਾਉਂਦੇ ਹਨ, ਜਿਸ ਨੂੰ 'ਸਲਾਮੀ' ਕਿਹਾ ਜਾਂਦਾ ਹੈ ਅਤੇ ਖੇਡ ਸ਼ੁਰੂ ਕਰਦੇ ਹਨ। ਗਤਕੇ ਦੇ ਪ੍ਰਦਰਸ਼ਨ ਵਿਚ ਵਾਰ ਕੀਤੇ ਜਾਂਦੇ ਹਨ ਅਤੇ ਰੋਕੇ ਜਾਂਦੇ ਹਨ। ਵੱਖੋ-ਵੱਖਰੇ ਦਾਅ-ਪੇਚ ਵਰਤੇ ਜਾਂਦੇ ਹਨ ਤੇ ਵਿਰੋਧੀ ਖਿਡਾਰੀ ਨੂੰ ਹਰਾਉਣ ਦਾ ਯਤਨ ਕੀਤਾ ਜਾਂਦਾ ਹੈ। ਨਿਹੰਗ ਸਿੰਘ ਨੀਲੇ ਤੇ ਕੇਸਰੀ ਬਾਣੇ ਪਹਿਨ ਕੇ ਲੋਹ-ਚੱਕਰਾਂ ਨਾਲ ਦੁਮਾਲੇ ਸਜਾ ਕੇ ਜਦੋਂ ਗਤਕਾ ਖੇਡਦੇ ਹਨ ਤਾਂ ਦਰਸ਼ਕ ਅਸ਼-ਅਸ਼ ਕਰ ਉੱਠਦੇ ਹਨ। ਜਦੋਂ ਖੇਡ ਖਤਮ ਕੀਤੀ ਜਾਂਦੀ ਹੈ ਤਾਂ ਖੇਡਣ ਵਾਲੇ ਖਿਡਾਰੀ ਆਪਸ ਵਿਚ ਦੁਬਾਰਾ ਸੋਟੀਆਂ ਮਿਲਾਉਂਦੇ ਹਨ ਜਿਸ ਨੂੰ 'ਫਤਿਹ ਨਾਮਾ' ਕਿਹਾ ਜਾਂਦਾ ਹੈ। ਨਿਹੰਗ ਸਿੰਘਾਂ ਦੀਆਂ ਛਾਉਣੀਆਂ ਜਾਂ ਪੜਾਅ ਗਤਕੇ ਦੀਆਂ ਟਕਸਾਲਾਂ ਹਨ। ਇੱਥੇ ਗਤਕਾ ਖੇਡਿਆ ਹੀ ਨਹੀਂ ਜਾਂਦਾ, ਸਿਖਾਇਆ ਵੀ ਜਾਂਦਾ ਹੈ। ਗਤਕਾ ਸਿੱਖਣ ਦਾ ਇਕ ਬੱਝਵਾਂ ਅਨੁਸ਼ਾਸਨ ਹੁੰਦਾ ਹੈ। ਇਕ ਮਰਯਾਦਾ ਵਿਚ ਰਹਿ ਕੇ ਗਤਕੇ ਨੂੰ ਸਿੱਖਿਆ ਜਾਂਦਾ ਹੈ। ਉਸਤਾਦ ਨਿਹੰਗ ਸਿੰਘ ਭੁਝੰਗੀਆਂ ਨੂੰ ਸ਼ਾਗਿਰਦ ਧਾਰਨ ਕਰਦੇ ਹਨ। ਪਹਿਲਾਂ ਉਨ੍ਹਾਂ ਦੇ ਆਚਰਨ ਨੂੰ ਮਰਯਾਦਾ ਵਿਚ ਢਾਲਿਆ ਜਾਂਦਾ ਹੈ। ਚਾਲ-ਚੱਲਣ ਉੱਚਾ-ਸੁੱਚਾ ਤੇ ਨੇਕ ਰੱਖਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਬੱਚੇ, ਬਜ਼ੁਰਗ ਤੇ ਇਸਤਰੀ 'ਤੇ ਵਾਰ ਨਹੀਂ ਕਰਨਾ ਸਗੋਂ ਉਨ੍ਹਾਂ ਦੀ ਢਾਲ ਬਣਨਾ ਹੈ। ਸਾਦੀ ਤੇ ਸ਼ੁੱਧ ਖੁਰਾਕ ਖਾਣ-ਪੀਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਪੈਂਤੜਾ ਕੱਢਣਾ, ਗਤਕਾ, ਮਰੁੱਟੀਆਂ, ਬਿਛੂਆ, ਚੱਕਰ ਤੇ ਹੋਰ ਸ਼ਸਤਰਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਗਤਕੇ ਦਾ ਪ੍ਰਦਰਸ਼ਨ ਕੇਵਲ ਡੰਡਿਆਂ ਦੀ ਖੇਡ ਤਕ ਹੀ ਸੀਮਿਤ ਨਹੀਂ। ਲੋਕਾਂ ਦੇ ਆਕਰਸ਼ਨ ਵਾਸਤੇ ਬਹੁਤ ਸਾਰੇ ਹੋਰ ਕਰਤਬ ਵੀ ਦਿਖਾਏ ਜਾਂਦੇ ਹਨ ਜਿਨ੍ਹਾਂ ਨੂੰ ਗਤਕੇ ਦੇ ਅੰਤਰਗਤ ਹੀ ਰੱਖਿਆ ਜਾਂਦਾ ਹੈ। ਦੋ ਡੰਡਿਆਂ ਨੂੰ ਵਿਚਕਾਰੋਂ ਫੜ ਕੇ ਤੇਜ਼ੀ ਨਾਲ ਘੁਮਾਇਆ ਜਾਂਦਾ ਹੈ। ਇਨ੍ਹਾਂ ਨੂੰ ਮੁਰੁੱਟੀਆਂ ਕਿਹਾ ਜਾਂਦਾ ਹੈ। ਮੁਰੁੱਟੀਆਂ ਘੁਮਾਉਣ ਦਾ ਮਕਸਦ ਵਾਰ ਰੋਕਣਾ ਤੇ ਸਰੀਰਿਕ ਅੰਗਾਂ ਦੀ ਕਸਰਤ ਕਰਨਾ ਹੁੰਦਾ ਹੈ। ਕਿਰਪਾਨ ਘੁਮਾਉਣਾ ਵੀ ਪ੍ਰਦਰਸ਼ਨ ਕਲਾ ਦਾ ਉੱਤਮ ਨਮੂਨਾ ਹੈ। ਇਕ ਕਿਰਪਾਨ ਮੂੰਹ ਵਿਚ ਫੜ ਕੇ ਦੋ ਤਲਵਾਰਾਂ ਹੱਥਾਂ ਵਿਚ ਲੈ ਕੇ ਘੁਮਾਈਆਂ ਜਾਂਦੀਆਂ ਹਨ। ਇਸ ਦਾ ਮਕਸਦ ਹੈ ਕਿ ਜੇਕਰ ਮੈਦਾਨ-ਏ-ਜੰਗ ਵਿਚ ਕਿਰਪਾਨ ਹੱਥੋਂ ਡਿੱਗ ਪਵੇ ਜਾਂ ਹੱਥ ਕੱਟਿਆ ਜਾਵੇ ਤਾਂ ਮੂੰਹ

ਵਾਲੀ ਕਿਰਪਾਨ ਨਾਲ ਵਾਰ ਕੀਤੇ ਤੇ ਰੋਕੇ ਜਾ ਸਕਦੇ ਹਨ। ਕੁਝ ਇਕ ਉਸਤਾਦ ਨਿਹੰਗ ਸਿੰਘ ਇੱਕੋ ਵੇਲੇ ਅੱਠ ਕਿਰਪਾਨਾਂ ਘੁਮਾਉਣ ਦੇ ਵੀ ਮਾਹਿਰ ਹੁੰਦੇ ਹਨ। ਚਾਰ ਕਿਰਪਾਨਾਂ ਲੱਕ ਨਾਲ ਬੰਨ ਕੇ, ਦੋ ਮੂੰਹ ਵਿਚ ਫੜ ਕੇ ਤੇ ਦੋ ਹੱਥਾਂ ਵਿਚ ਫੜ ਕੇ ਘੁਮਾਈਆਂ ਜਾਂਦੀਆਂ ਹਨ। ਤਲਵਾਰਾਂ ਤੇ ਢਾਲਾਂ ਨਾਲ ਲੜਾਈ ਦਾ ਪ੍ਰਦਰਸ਼ਨ ਵੀ ਗਤਕੇ ਦਾ ਹੀ ਇਕ ਅੰਗ ਹੈ। ਢਾਲ ਤੋਂ ਬਿਨਾਂ ਛੋਟੀ ਕਿਰਪਾਨ ਨੂੰ ਬਿਛੂਆ ਕਿਹਾ ਜਾਂਦਾ ਹੈ। ਇਸ ਨਾਲ ਕੀਤੀ ਲੜਾਈ ਵੀ ਗਤਕੇ ਦਾ ਭਾਗ ਹੈ। ਬਿਛੂਏ ਦਾ ਵਾਰ ਰੋਕਣ ਲਈ ਵਿਰੋਧੀ ਨੂੰ ਗੁੱਟ ਤੋਂ ਜਾਂ ਬਾਂਹ ਤੋਂ ਫੜਿਆ ਜਾਂਦਾ ਹੈ। ਗਤਕੇ ਦੇ ਪ੍ਰਦਰਸ਼ਨ ਸਮੇਂ ਚੱਕਰ ਘੁਮਾਇਆ ਜਾਂਦਾ ਹੈ। ਚੱਕਰ ਨੂੰ ਤੇਜ਼ ਘੁਮਾ ਕੇ ਉਂਗਲ 'ਤੇ ਟਿਕਾਇਆ ਜਾਂਦਾ ਹੈ ਅਤੇ ਨਾਲ-ਨਾਲ ਕਈ ਤਰ੍ਹਾਂ ਦੇ ਕਰਤਬ ਦਿਖਾਏ ਜਾਂਦੇ ਹਨ। ਘੁੰਮਦੇ ਹੋਏ ਚੱਕਰ ਨੂੰ ਟੇਢਾ ਕਰ ਕੇ ਪਿਛਲੇ ਪਾਸਿਉਂ ਕੱਢਿਆ ਜਾਂਦਾ ਹੈ। ਇਕ ਨਿਹੰਗ ਸਿੰਘ ਦੂਸਰੇ ਨਿਹੰਗ ਸਿੰਘ ਉੱਤੇ ਘੁੰਮਦੇ ਹੋਏ ਚੱਕਰ ਨੂੰ ਸੁੱਟਦਾ ਹੈ, ਦੂਸਰਾ ਨਿਹੰਗ ਸਿੰਘ ਇਸ ਨੂੰ ਫੜ ਕੇ ਇਸ ਦਾ ਸੰਤੁਲਨ ਕਾਇਮ ਰੱਖਦਾ ਹੈ। ਘੁੰਮਦੇ ਹੋਏ ਚੱਕਰ ਨੂੰ ਫੜ ਕੇ ਲੇਟਣਾ ਤੇ ਫਿਰ ਉੱਠਣਾ ਇਸ ਪ੍ਰਦਰਸ਼ਨ ਦਾ ਸਿਖਰ ਹੁੰਦਾ ਹੈ। ਵਾਸਤਵ ਵਿਚ ਚੱਕਰ ਘੁਮਾਉਣ ਦਾ ਮਕਸਦ ਆਉਂਦੇ ਹੋਏ ਤੀਰਾਂ ਨੂੰ ਰੋਕਣਾ ਹੁੰਦਾ ਹੈ। ਲੜਾਈ ਦੇ ਮੈਦਾਨ ਵਿਚ ਜਿੱਥੇ ਗੁਰੂ ਸਾਹਿਬ ਬੈਠਦੇ ਸਨ ਉਨ੍ਹਾਂ ਦੇ ਸਾਹਮਣੇ ਇਕ ਸਿੰਘ ਚੱਕਰ ਘੁਮਾਉਂਦਾ ਰਹਿੰਦਾ ਸੀ ਜਿਸ ਨਾਲ ਆਉਣ ਵਾਲੇ ਤੀਰ ਰੁਕ ਜਾਂਦੇ ਸਨ। ਮੁਕੰਦ ਕੋਟਲਾ (ਕਮੰਦ ਕੋਟਲਾ) ਘੁਮਾਉਣਾ ਵੀ ਗਤਕੇ ਦਾ ਮਹੱਤਵਪੂਰਨ ਅੰਗ ਹੈ। ਗਤਕੇ ਵਿਚ ਲੰਮੇ ਨੇਜ਼ਿਆਂ ਨਾਲ ਵੀ ਲੜਾਈ ਕੀਤੀ ਜਾਂਦੀ ਹੈ। ਵਾਰ ਰੋਕਣ ਲਈ ਨੇਜੇ ਦੇ ਪਿਛਲੇ ਹਿੱਸੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨੂੰ ਬਾਬਿਆਂ ਦੀ ਖੇਡ ਵੀ ਕਿਹਾ ਜਾਂਦਾ ਹੈ। ਕਈ ਵਾਰ ਇਕ ਨਿਹੰਗ ਸਿੰਘ ਇਕ ਤੋਂ ਜ਼ਿਆਦਾ ਨਿਹੰਗ ਸਿੰਘਾਂ ਨਾਲ ਗਤਕਾ ਖੇਡਦਾ ਹੈ ਜਿਸ ਨੂੰ 'ਦੰਗਲ' ਜਾਂ *'ਸਵਾ ਲਾਖ ਸੇ ਏਕ ਲੜਾਊਂ'* ਕਿਹਾ ਜਾਂਦਾ ਹੈ।

ਭਾਵੇਂ ਗਤਕਾ ਤਿੰਨ ਹੱਥ ਲੰਮੇ ਡੰਡੇ ਦਾ ਨਾਮ ਹੈ, ਪਰ ਅਰਥ ਵਿਸਥਾਰ ਕਰ ਕੇ ਇਹ ਸ਼ਬਦ ਇਕ ਤਰ੍ਹਾਂ ਅਜਿਹੀ ਪ੍ਰਦਰਸ਼ਨ ਕਲਾ ਦਾ ਸਮੁੱਚ ਬਣ ਗਿਆ ਹੈ ਜਿਸ ਵਿਚ ਅਨੇਕਾਂ ਸ਼ਸਤਰਾਂ ਤੇ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਗਤਕਾ ਪਰੰਪਰਕ ਯੁੱਧ ਕਲਾ ਦਾ ਰੂਪ ਹੈ ਜਿਸ ਨੂੰ ਨਿਹੰਗ ਸਿੰਘਾਂ ਨੇ ਵਿਰਾਸਤ ਦੇ ਤੌਰ 'ਤੇ ਸਾਂਭ ਕੇ ਰੱਖਿਆ ਹੈ।

**ਹਵਾਲੇ :**


੧. *ਮਹਾਨ ਕੋਸ਼*, ਪੰਨਾ ੭੦੪

੨. *ਮਹਾਨ ਕੋਸ਼*, ਪੰਨਾ ਉਹੀ

੩. *ਤਵਾਰੀਖ ਗੁਰੂ ਖਾਲਸਾ* (ਪਾ: ੧੦), ਕ੍ਰਿਤ ਗਿਆਨੀ ਸਿੰਘ, ਪੰਨਾ ੬੮

੪. *ਮਹਾਨ ਕੋਸ਼*, ਪੰਨਾ ੩੯੫

੫. *ਮਹਾਨ ਕੋਸ਼*, ਪੰਨਾ ੧੩੪

੬. *ਖੇਤਰੀ ਖੋਜ 'ਤੇ ਆਧਾਰਿਤ*

# ਇਤਿਹਾਸਿਕ ਗਾਥਾ
# ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ

*-ਸ. ਹਰਵਿੰਦਰ ਸਿੰਘ ਖਾਲਸਾ**

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਪੰਥ ਦਾ ਹਰਿਆਵਲ ਦਸਤਾ ਹੈ। ਫੈਡਰੇਸ਼ਨ ਦੀ ਸਥਾਪਨਾ ਲਾਹੌਰ ਦੀ ਧਰਤੀ 'ਤੇ ਹੋਈ ਜਿਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿਚ ਦਰਜ ਹੈ ਕਿ *ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ* ਉਹ ਧਰਤੀ ਜਿਸ ਨੇ ਸੁਖਾਂ ਦੀ ਮਣੀ ਦੀ ਰਚਨਾ ਕਰਨ ਵਾਲੇ, ਪੰਚਮ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬੈਠੇ ਉੱਪਰੋਂ ਤੱਤਾ ਰੇਤਾ ਪੈਂਦਿਆਂ ਦੇਖਿਆ, ਉਹ ਧਰਤੀ ਜਿੱਥੇ ਜ਼ਾਲਮ ਹਾਕਮਾਂ ਨੇ ਬੱਚਿਆਂ ਦੇ ਟੋਟੇ-ਟੋਟੇ ਕਰ ਕੇ ਮਾਵਾਂ ਦੇ ਗਲਾਂ ਵਿਚ ਹਾਰ ਪਾਏ, ਸਵਾ ਸਵਾ ਮਣ ਪੀਸਣੇ ਪੀਸੇ, ਪਰ ਕਿਸੇ ਵੀ ਗੁਰੂ ਦੀ ਦੁਲਾਰੀ ਨੇ ਸੀਅ ਨਾ ਕੀਤੀ। ਉਹ ਧਰਤੀ ਜਿਸ ਉੱਪਰ ਪੰਜਾਹ ਸਾਲ ਕੇਸਰੀ ਪਰਚਮ ਝੂਲਦਾ ਰਿਹਾ, ਉਹ ਧਰਤੀ ਜਿੱਥੋਂ ਖਾਲਸਾ ਫੌਜਾਂ ਦੇ ਕੂਚ ਕਰਦਿਆਂ ਹੀ ਕਾਬਲ, ਕੰਧਾਰ ਦੇ ਹਾਕਮਾਂ ਦੀ ਨੀਂਦ ਹਰਾਮ ਹੋ ਜਾਂਦੀ ਸੀ। ਇਸੇ ਲਾਹੌਰ ਦੀ ਧਰਤੀ 'ਤੇ ਪੰਥਕ ਸੋਚ ਰੱਖਣ ਵਾਲੇ ਕੁਝ ਨੌਜਵਾਨ ਵਿਦਿਆਰਥੀਆਂ ਨੇ ਇਕ ਇਕੱਤਰਤਾ ਕਰ ਕੇ ਇਕ ਸੰਗਠਨ ਦੀ ਸਥਾਪਨਾ ਕੀਤੀ, ਜਿਸ ਦਾ ਨਾਂ 'ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ' ਰੱਖਿਆ ਗਿਆ।

ਉਸ ਸਮੇਂ ਜਦੋਂ ਦੇਸ਼ ਅੰਦਰ ਅਜ਼ਾਦੀ ਦੀ ਲਹਿਰ ਚੱਲ ਰਹੀ ਸੀ ਅਤੇ ਵੱਖ-ਵੱਖ ਪਾਰਟੀਆਂ ਦੀਆਂ ਨੌਜਵਾਨ ਜਥੇਬੰਦੀਆਂ ਆਪਣੀ-ਆਪਣੀ ਪਾਰਟੀ ਲਈ ਕੰਮ ਕਰ ਰਹੀਆਂ ਸਨ, ਪਰ ਸਿੱਖਾਂ ਦੀ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਜੋ ਸਿੱਖ ਹੱਕਾਂ ਲਈ ਸੰਘਰਸ਼ ਤਾਂ ਕਰ ਰਹੀ ਸੀ ਪਰ ਸ਼੍ਰੋਮਣੀ ਅਕਾਲੀ ਦਲ ਦੀ ਕੋਈ ਵਿਦਿਆਰਥੀ ਜਥੇਬੰਦੀ ਨਹੀਂ ਸੀ। ਪੰਜਾਬ ਵਿਚ ਸਿੱਖ ਰਿਆਸਤਾਂ ਹੋਣ ਕਰਕੇ ਸਿੱਖਾਂ ਵੱਲੋਂ ਰਿਆਸਤੀ ਹਾਕਮਾਂ ਦਾ ਪ੍ਰਭਾਵ ਕਬੂਲਣਾ ਕੁਦਰਤੀ ਗੱਲ ਸੀ। ਮਹਾਰਾਜਾ ਕਪੂਰਥਲਾ ਪਤਿਤ ਸਿੱਖ ਰਾਜਾ ਸੀ ਜਿਸ ਨੂੰ ਦੇਖ ਕੇ ਆਮ ਸਿੱਖ ਪਤਿਤਪੁਣੇ ਵੱਲ ਵਧ ਰਹੇ ਸਨ।

ਮਾਰਚ ੧੯੪੩ ਈ. ਦੀ ਗੱਲ ਹੈ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਸਾਲਾਨਾ ਸਮਾਰੋਹ ਸੀ। ਉਸ ਸਮੇਂ ਸਮਾਗਮ ਦੀ ਪ੍ਰਧਾਨਗੀ ਲਈ ਮਹਾਰਾਜਾ ਕਪੂਰਥਲਾ ਨੂੰ ਬੁਲਾਉਣ ਦਾ ਫੈਸਲਾ ਕਾਲਜ ਦੀ ਪ੍ਰਬੰਧਕ ਕਮੇਟੀ ਵੱਲੋਂ ਹੋਇਆ। ਉਸ ਸਮੇਂ ਕਾਲਜ ਦੀ ਪ੍ਰਬੰਧਕ ਕੌਂਸਲ ਦੇ ਪ੍ਰਧਾਨ ਸ. ਕਿਰਪਾਲ ਸਿੰਘ ਮਜੀਠੀਆ ਸਨ। ਮਹਾਰਾਜਾ ਕਪੂਰਥਲਾ ਦੇ ਪਤਿਤ ਹੋਣ ਕਰਕੇ ਅਕਾਲੀ ਸਿੰਘਾਂ ਨੇ ਇਸ ਪ੍ਰੋਗਰਾਮ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ। ਵਿਰੋਧ ਸਮੇਂ ਰੀਗੋ ਬ੍ਰਿਜ ਤੋਂ ਲੈ ਕੇ ਖ਼ਾਲਸਾ ਕਾਲਜ ਤਕ

**ਕੋਠੀ ਨੰ: ਏ-੨੪, ਕਰਤਾਰ ਕਲੋਨੀ, ਗੋਨਿਆਣਾ ਰੋਡ, ਬਠਿੰਡਾ-੧੫੧੦੦੧; ਮੋ: +੯੧੯੮੧੫੫੩੭੨੫*

ਮਹਾਰਾਜਾ ਕਪੂਰਥਲਾ ਨੂੰ ਕਾਲੀਆਂ ਝੰਡੀਆਂ ਦਿਖਾ ਕੇ ਮਹਾਰਾਜਾ ਕਪੂਰਥਲਾ 'ਗੋ ਬੈਕ' ਦੇ ਨਾਅਰੇ ਲਾਏ ਜਾਣੇ ਸਨ, ਪਰ ਪ੍ਰਬੰਧਕ ਇਸ ਗੱਲ ਤੋਂ ਡਰਦੇ ਸਨ ਕਿ ਵਿਦਿਆਰਥੀ ਕਿਧਰੇ ਕਾਲਜ ਦੇ ਅੰਦਰ ਵਿਖਾਵਾ ਨਾ ਕਰਨ।

ਸਮਾਗਮ ਵਾਲੇ ਦਿਨ ਜਿਉਂ ਹੀ ਮਹਾਰਾਜਾ ਕਪੂਰਥਲਾ ਕਾਲਜ ਦੇ ਰੀਵਾਜ਼ ਹਾਲ ਵਿਚ ਦਾਖਲ ਹੋਏ ਤਾਂ ਬਿਲਕੁੱਲ ਚੁੱਪ-ਚਾਪ ਦੇ ਮਾਹੌਲ ਵਿੱਚੋਂ ਇਕ ਜ਼ੋਰਦਾਰ ਅਵਾਜ਼ ਆਈ 'ਮਹਾਰਾਜਾ ਕਪੂਰਥਲਾ ਗੋ ਬੈਕ'। ਸਭ ਦਰਸ਼ਕ ਹੱਕੇ-ਬੱਕੇ ਰਹਿ ਗਏ ਤੇ ਕਾਲਜ ਵੱਲੋਂ ਮੌਕੇ ਨੂੰ ਸੰਭਾਲਣ ਲਈ ਜੋ ਉੱਚੇ ਲੰਮੇ ਮੁੰਡੇ ਤਿਆਰ ਕੀਤੇ ਹੋਏ ਸਨ ਉਹ ਉਸ ਵਿਅਕਤੀ 'ਤੇ ਟੁੱਟ ਕੇ ਪੈ ਗਏ, ਜਿਸ ਨੇ ਨਾਅਰਾ ਲਾਇਆ ਸੀ। ਉਹ ਸਨ ਨੌਜਵਾਨ- ਸ. ਅਮਰ ਸਿੰਘ ਅੰਬਾਲਵੀ। ਸ. ਅੰਬਾਲਵੀ ਦੇ ਬਹੁਤ ਸੱਟਾਂ ਲੱਗੀਆਂ ਤੇ ਦੋ ਹੱਡੀਆਂ ਵੀ ਟੁੱਟ ਗਈਆਂ। ਸ. ਅੰਬਾਲਵੀ ਤਿੰਨ ਚਾਰ ਮਹੀਨੇ ਹਸਪਤਾਲ ਹੀ ਇਲਾਜ ਕਰਵਾਉਂਦੇ ਰਹੇ। ਉਹ ਹਸਪਤਾਲ ਵਿਚ ਵੀ ਫੈਡਰੇਸ਼ਨ ਅਤੇ ਫੈਡਰੇਸ਼ਨ ਦੇ ਪ੍ਰਧਾਨ ਬਾਰੇ ਸੋਚਦੇ ਰਹਿੰਦੇ। ਜਿਹੜਾ ਵੀ ਵਿਅਕਤੀ ਉਨ੍ਹਾਂ ਨੂੰ ਮਿਲਣ ਲਈ ਹਸਪਤਾਲ ਜਾਂਦਾ ਤਾਂ ਉਸ ਨਾਲ ਫੈਡਰੇਸ਼ਨ ਕਾਇਮ ਕਰਨ ਬਾਰੇ ਗੱਲਬਾਤ ਕਰਦੇ। ਸ. ਅੰਬਾਲਵੀ ਦੇ ਠੀਕ ਹੋ ਜਾਣ ਤੋਂ ਬਾਅਦ ਲਾਅ ਕਾਲਜ, ਲਾਹੌਰ ਵਿਖੇ ਸਰਗਰਮ ਸਿੱਖ ਵਿਦਿਆਰਥੀਆਂ ਦੀ ਇਕ ਇਕੱਤਰਤਾ ਹੋਈ। ਇਸ ਇਕੱਤਰਤਾ ਵਿਚ ੧੩ ਸਿੱਖ ਵਿਦਿਆਰਥੀਆਂ- ਸ. ਸਰੂਪ ਸਿੰਘ, ਸ. ਅਮਰ ਸਿੰਘ ਅੰਬਾਲਵੀ, ਸ. ਜਵਾਹਰ ਸਿੰਘ (ਗਰੇਵਾਲ), ਸ. ਸਰਦੂਲ ਸਿੰਘ ਲਟਕ, ਸ. ਰਘਬੀਰ ਸਿੰਘ, ਸ. ਰਣਬੀਰ ਸਿੰਘ (ਸੋਢੀ), ਸ. ਨਰਿੰਦਰ ਸਿੰਘ, ਸ. ਕੇਸਰ ਸਿੰਘ, ਸ. ਧਰਮਵੀਰ ਸਿੰਘ, ਸ. ਜੰਗੀਰ ਸਿੰਘ, ਸ. ਇੰਦਰਪਾਲ ਸਿੰਘ ਕਾਨਪੁਰ (ਭਰਾਤਾ ਪ੍ਰਿੰ. ਸਤਿਬੀਰ ਸਿੰਘ) ਸ. ਆਗਿਆ ਸਿੰਘ ਦਿੱਲੀ ਅਤੇ ਸ. ਬਲਵੀਰ ਸਿੰਘ ਨੇ ਭਾਗ ਲਿਆ। ਇਸ ਇਕੱਤਰਤਾ ਵਿਚ ਸਿੱਖ ਵਿਦਿਆਰਥੀਆਂ ਨੂੰ ਜਥੇਬੰਦ ਕਰ ਕੇ 'ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ' ਬਣਾਉਣ ਦਾ ਫੈਸਲਾ ਕੀਤਾ ਗਿਆ।

ਸਿੱਖ ਵਿਦਿਆਰਥੀ ਨੁਮਾਇੰਦਿਆਂ ਦੀ ਇੱਕ ਹੋਰ ਇਕੱਤਰਤਾ ੧੯੪੩ ਈ. ਦੇ ਅਖੀਰਲੇ ਦਿਨਾਂ ਵਿਚ ਮੈਕਲੇਗਨ ਰੋਡ, ਲਾਹੌਰ ਵਿਖੇ ਹੋਈ। ਇਹ ਇਮਾਰਤ ਸ਼੍ਰੋਮਣੀ ਅਕਾਲੀ ਦਲ ਦਾ ਦਫ਼ਤਰ ਸੀ ਅਤੇ 'ਅਜੀਤ' ਤੇ 'ਅਕਾਲੀ ਪੱਤ੍ਰਿਕਾ' ਦੇ ਅਖ਼ਬਾਰ ਵੀ ਇੱਥੋਂ ਛਪਿਆ ਕਰਦੇ ਸਨ। ਇਸ ਇਕੱਤਰਤਾ ਵਿਚ ਸਰਬਸੰਮਤੀ ਨਾਲ ਜਥੇਬੰਦੀ ਦਾ ਨਾਂਅ 'ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ' ਰੱਖਿਆ ਗਿਆ ਅਤੇ ਜਥੇਬੰਦੀ ਦੇ ਮਨੋਰਥ ਤੇ ਟੀਚੇ ਨਿਯਤ ਕੀਤੇ ਗਏ। ਅਖੀਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਪਹਿਲੀ ਬਾਕਾਇਦਾ ਮੀਟਿੰਗ ੧੩ ਸਤੰਬਰ, ੧੯੪੪ ਈ. ਨੂੰ ਲਾਹੌਰ ਵਿਖੇ ਹੋਈ। ਇਸ ਇਕੱਤਰਤਾ ਵਿਚ ਸ. ਸਰੂਪ ਸਿੰਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ ਅਤੇ ਇਸ ਦੇ ਨਾਲ ਹੀ ਸ. ਜਵਾਹਰ ਸਿੰਘ ਮੀਤ ਪ੍ਰਧਾਨ ਅਤੇ ਸ. ਸਰਦੂਲ ਸਿੰਘ ਜਨਰਲ ਸਕੱਤਰ ਬਣੇ। ਫੈਡਰੇਸ਼ਨ ਦਾ ਮੁੱਖ ਦਫ਼ਤਰ ਸ਼੍ਰੋਮਣੀ ਅਕਾਲੀ

ਦਲ ਦੇ ਦਫ਼ਤਰ ਵਾਲੀ ਇਮਾਰਤ ਦੇ ਇਕ ਕਮਰੇ ਵਿਚ ਬਣਾਇਆ ਗਿਆ। 'ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ' ਦੀ ਕਾਰਜਕਾਰਨੀ ਕਮੇਟੀ ਦੀਆਂ ਮੀਟਿੰਗਾਂ ਆਮ ਤੌਰ 'ਤੇ ਅਜੀਤ ਅਖ਼ਬਾਰ ਦੇ ਦਫ਼ਤਰ ਵਿਚ ਹੋਇਆ ਕਰਦੀਆਂ ਸਨ। ਉੱਥੇ ਸ. ਸਾਧੂ ਸਿੰਘ ਹਮਦਰਦ ਤੇ ਗਿਆਨੀ ਸ਼ਾਦੀ ਸਿੰਘ ਸਿੱਖ ਵਿਦਿਆਰਥੀਆਂ ਨੂੰ ਹੱਲਾਸ਼ੇਰੀ ਦਿੰਦੇ ਰਹਿੰਦੇ ਸਨ ਕਿਉਂਕਿ ਦੋਵੇਂ ਹੀ ਪੰਥ-ਦਰਦੀ ਅਤੇ ਫੈਡਰੇਸ਼ਨ ਦੇ ਹਿਤੈਸ਼ੀ ਸਨ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਐਫ. ਸੀ. ਕਾਲਜ ਲਾਹੌਰ ਦੇ ਖੁਲ੍ਹੇ ਮੈਦਾਨ ਵਿਚ ਜੂਨ, ੧੯੪੫ ਈ. ਨੂੰ ਪਹਿਲੀ ਵਾਰ ਅੰਮ੍ਰਿਤ-ਸੰਚਾਰ ਕੀਤਾ। ਇਸ ਅੰਮ੍ਰਿਤ-ਸੰਚਾਰ ਸਮੇਂ ਮਾਸਟਰ ਤਾਰਾ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੰਜ ਪਿਆਰਿਆਂ ਦੀ ਸੇਵਾ ਨਿਭਾਈ। ਇਸ ਸਮੇਂ ੫੧ ਸਿੱਖ ਵਿਦਿਆਰਥੀਆਂ ਨੇ ਅੰਮ੍ਰਿਤ ਛਕਿਆ ਅਤੇ ਗੁਰੂ ਵਾਲੇ ਬਣੇ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਇੱਕ ਵੱਡੀ ਇਕੱਤਰਤਾ ਅਕਤੂਬਰ, ੧੯੪੫ ਈ. ਨੂੰ ਗੁਜਰਾਂਵਾਲਾ ਵਿਖੇ ਹੋਈ। ਇਸ ਇਕੱਤਰਤਾ ਵਿਚ ਫੈਡਰੇਸ਼ਨ ਨੇਤਾਵਾਂ ਵੱਲੋਂ ਸਿੱਖ ਲੀਡਰਸ਼ਿਪ 'ਤੇ ਜ਼ੋਰ ਪਾਇਆ ਗਿਆ ਕਿ ਉਹ ਸਿੱਖਾਂ ਦੇ ਅੱਡਰੇ ਸਿਆਸੀ ਵਜੂਦ ਨੂੰ ਬਰਕਰਾਰ ਰੱਖਣ ਦਾ ਉਪਰਾਲਾ ਕਰਨ ਅਤੇ ਸਿੱਖ ਹੱਕਾਂ ਦੀ ਰਾਖੀ ਲਈ ਅਗਵਾਈ ਕਰਨ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰਸ਼ਨ ਦਾ ਪਹਿਲਾ ਸਾਲਾਨਾ ਸਮਾਗਮ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਹੇਠ ੯-੧੦ ਮਾਰਚ (ਸ਼ਨਿਚਰਵਾਰ-ਐਤਵਾਰ) ੧੯੪੬ ਈ. ਨੂੰ ਗੋਲ ਬਾਗ ਲਾਹੌਰ ਵਿਚ ਉਸਾਰੇ ਗਏ ਮਹਾਰਾਜਾ ਦਲੀਪ ਸਿੰਘ ਨਗਰ ਵਿਖੇ ਹੋਇਆ। ਇਸ ਸਮਾਗਮ ਵਿਚ ਝੰਡਾ ਝੁਲਾਉਣ ਦੀ ਰਸਮ ਸ. ਉੱਜਲ ਸਿੰਘ ਨੇ ਅਦਾ ਕੀਤੀ। ਇਸ ਸਮਾਗਮ ਵਿਚ ਸਿੱਖ ਕੌਮ ਦਾ ਰਾਜਸੀ ਨਿਸ਼ਾਨਾ ਸਿੱਧੇ ਤੌਰ 'ਤੇ ਸਪੱਸ਼ਟ ਰੂਪ ਵਿਚ ਐਲਾਨਿਆ ਗਿਆ- ਸਿੱਖ ਵਿਦਿਆਰਥੀਆਂ ਅਤੇ ਨੌਜਵਾਨਾਂ ਵਿਚ ਆਪਣੀ ਵੱਖਰੀ ਹਸਤੀ ਅਤੇ ਅੱਡਰੀ ਕੌਮੀਅਤ ਦਾ ਅਹਿਸਾਸ ਜਗਾਉਣਾ ਅਤੇ ਉਨ੍ਹਾਂ ਨੂੰ ਅਜਿਹਾ ਦੇਸ਼-ਕਾਲ ਘੜਨ ਲਈ ਤਿਆਰ ਕਰਨਾ, ਜਿਸ ਵਿਚ ਸਾਡਾ ਕੌਮੀ ਜਜ਼ਬਾ ਪ੍ਰਫੁੱਲਿਤ ਹੋ ਸਕੇ। ਇਸ ਮਤੇ ਨੂੰ ਸ. ਅਮਰ ਸਿੰਘ ਅੰਬਾਲਵੀ ਨੇ ਪੇਸ਼ ਕੀਤਾ। ਇਸ ਦੀ ਤਾਈਦ ਸ. ਸਵਰਨ ਸਿੰਘ (ਵਿਦੇਸ਼ ਮੰਤਰੀ, ਭਾਰਤ ਸਰਕਾਰ) ਅਤੇ ਮਜੀਦ ਸ. ਈਸ਼ਰ ਸਿੰਘ ਮਝੈਲ (ਮੰਤਰੀ, ਪੰਜਾਬ ਸਰਕਾਰ) ਨੇ ਕੀਤੀ। ਬਾਅਦ ਵਿਚ ਇਸ ਮਤੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਸਰਬਸੰਮਤੀ ਨਾਲ ਪਾਸ ਕੀਤਾ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੇਤਾਵਾਂ— ਸ. ਸਰੂਪ ਸਿੰਘ, ਸ. ਅਮਰ ਸਿੰਘ, ਸ. ਭਾਨ ਸਿੰਘ ਨੇ ੨੨ ਮਾਰਚ, ੧੯੪੬ ਈ. ਨੂੰ ਦਿੱਲੀ ਵਿਚ

ਮਲਕ ਤੇਜਾ ਸਿੰਘ ਦੇ ਗ੍ਰਿਹ ਵਿਖੇ ਮਿਸਟਰ ਜਿਨਾਹ ਨਾਲ ਮੀਟਿੰਗ ਕੀਤੀ ਤਾਂ ਜੋ ਸਿੱਖਾਂ ਦੀ ਅੱਡਰੀ ਹਸਤੀ ਕਾਇਮ ਰਹਿ ਸਕੇ ਪਰੰਤੂ ਉਸ ਸਮੇ ਦੇ ਅਕਾਲੀ ਨੇਤਾਵਾਂ ਨੇ ਕੋਈ ਬਹੁਤੀ ਦਿਲਚਸਪੀ ਨਾ ਲਈ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਫਾਊਂਡਰ ਪ੍ਰਧਾਨ ਸ. ਸਰੂਪ ਸਿੰਘ ਨੇ ੧੩ ਸਤੰਬਰ, ੧੯੪੪ ਈ. ਤੋਂ ੨੦ ਨਵੰਬਰ, ੧੯੪੯ ਈ. ਤਕ ਫੈਡਰੇਸ਼ਨ ਦੇ ਪ੍ਰਧਾਨ ਦੇ ਤੌਰ 'ਤੇ ਸੇਵਾ ਨਿਭਾਈ। ਦੇਸ਼ ਦੀ ਵੰਡ ਤੋਂ ਬਾਅਦ ਫੈਡਰੇਸ਼ਨ ਨੂੰ ਮੁੜ ਤੋਂ ਸਰਗਰਮ ਕੀਤਾ ਗਿਆ ਅਤੇ ਫੈਡਰੇਸ਼ਨ ਦਾ ਸਾਲਾਨਾ ਇਜਲਾਸ ੨੦ ਨਵੰਬਰ, ੧੯੪੯ ਈ. ਨੂੰ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਇਸ ਇਜਲਾਸ ਵਿਚ ਡਾ. ਜਸਵੰਤ ਸਿੰਘ ਨੇਕੀ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਚੁਣ ਲਿਆ ਗਿਆ। ਡਾ. ਜਸਵੰਤ ਸਿੰਘ ਨੇਕੀ ਅਨੁਸਾਰ ਉਨ੍ਹਾਂ ਦੀ ਨਜ਼ਰ ਵਿਚ ਫੈਡਰੇਸ਼ਨ ਦਾ ਪਹਿਲਾ ਮਨੋਰਥ ਸਿੱਖ ਵਿਦਿਆਰਥੀਆਂ ਵਿਚ ਧਾਰਮਿਕ ਰੁਚੀ ਤੇ ਧਾਰਮਿਕ ਪ੍ਰੇਰਨਾ ਜਗਾਉਣਾ ਸੀ, ਇਹ ਥਾਂ-ਥਾਂ ਵਿਦਿਆਰਥੀਆਂ ਦੇ ਸਟੱਡੀ ਸਰਕਲ ਲਗਾ ਕੇ ਕੀਤਾ ਜਾ ਸਕਦਾ ਸੀ। ਸੋ ਇਸ ਲਈ ਸੰਚਾਲਕ ਚਾਹੀਦੇ ਸਨ ਅਤੇ ਸੰਚਾਲਕ ਪੈਦਾ ਕਰਨ ਦੇ ਲਈ ਟ੍ਰੇਨਿੰਗ ਕੈਂਪ ਲਗਾਉਣ ਦਾ ਪ੍ਰੋਗਰਾਮ ਬਣਾਇਆ ਗਿਆ। ਇਸ ਟ੍ਰੇਨਿੰਗ ਕੈਂਪ ਵਿਚ ੭੦-੮੦ ਵਰਕਰਾਂ ਨੂੰ ਸਿਖਲਾਈ ਦੇਣ ਦੀ ਯੋਜਨਾ ਤਿਆਰ ਕੀਤੀ ਗਈ।

ਇਸ ਰੋਸ਼ਨੀ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪਹਿਲਾ ਗੁਰਮਤਿ ਟ੍ਰੇਨਿੰਗ ਕੈਂਪ ਅਕਤੂਬਰ, ੧੯੪੯ ਈ. ਨੂੰ ਪਾਉਂਟਾ ਸਾਹਿਬ ਲੱਗਿਆ। ਇਸ ਕੈਂਪ ਵਿਚ ੪੦ ਵਿਦਿਆਰਥੀ ਸ਼ਾਮਲ ਹੋਏ। ਮਹੰਤ ਗੁਰਦਿਆਲ ਸਿੰਘ ਤੇ ਉਨ੍ਹਾਂ ਦੇ ਪਰਵਾਰ ਨੇ ਬੜੀ ਖੁਲਦਿੱਲੀ ਨਾਲ ਮਿਲਵਰਤਣ ਦਿੱਤਾ। ਇਸ ਕੈਂਪ ਵਿਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਨੇ ਆਪਣੇ-ਆਪਣੇ ਖੇਤਰ ਵਿਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਨਾਮਣਾ ਖੱਟਿਆ। ਇਸ ਕੈਂਪ ਵਿਚ ਸ਼ਾਮਲ ਹੋਣ ਵਾਲਿਆਂ ਵਿੱਚੋਂ ਕੁਝ ਨਾਂਅ ਹਨ— ਸ. ਸਰੂਪ ਸਿੰਘ, ਸ. ਅਮਰ ਸਿੰਘ ਅੰਬਾਲਵੀ, ਡਾ. ਸੰਤੋਖ ਸਿੰਘ ਭੁਪਾਲ, ਸ. ਉਮਰਾਓ ਸਿੰਘ, ਸ. ਭਾਨ ਸਿੰਘ, ਭਾਈ ਹਰਬੰਸ ਲਾਲ, ਸ. ਗੁਰਮੀਤ ਸਿੰਘ ਮੁਕਤਸਰ, ਸ. ਪ੍ਰੇਮ ਸਿੰਘ ਲਾਲਪੁਰਾ, ਸ. ਜਗਦੇਵ ਸਿੰਘ ਐਡਵੋਕੇਟ, ਸ. ਜਸਦੇਵ ਸਿੰਘ (ਸੰਧੂ), ਪ੍ਰਿੰ. ਸਤਿਬੀਰ ਸਿੰਘ, ਪ੍ਰਿੰ. ਪ੍ਰਕਾਸ਼ ਸਿੰਘ, ਪ੍ਰਿੰ. ਗੁਰਬਖਸ਼ ਸਿੰਘ (ਸ਼ੇਰਗਿੱਲ) ਆਦਿ। ਇਸ ਤੋਂ ਬਿਨਾਂ ਸਿੰਘ ਸਾਹਿਬ ਭਾਈ ਹਰਭਜਨ ਸਿੰਘ ਖਾਲਸਾ ਯੋਗੀ ਨੇ ਵੀ ਕੈਂਪ ਵਿਚ ਟ੍ਰੇਨਿੰਗ ਪ੍ਰਾਪਤ ਕੀਤੀ। ਇਸ ਤੋਂ ਬਾਅਦ ਟ੍ਰੇਨਿੰਗ ਕੈਂਪ ਲਗਾਉਣ ਦੀ ਇਕ ਰਵਾਇਤ ਹੀ ਤੁਰ ਪਈ। ਪੰਜਾਬ ਅਤੇ ਪੰਜਾਬ ਤੋਂ ਬਾਹਰ ਹਰ ਸਾਲ ਤਿੰਨ-ਚਾਰ ਕੈਂਪ ਲੱਗਣੇ ਸ਼ੁਰੂ ਹੋ ਗਏ। ਇਹ ਕੈਂਪਾਂ ਦੀ ਲੜੀ ਪ੍ਰੋ. ਜਗੀਰ ਸਿੰਘ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਵੇਲੇ ਵੀ ਚੱਲਦੀ ਰਹੀ। ਇਨ੍ਹਾਂ ਕੈਂਪਾਂ ਦਾ ਪ੍ਰਯੋਗ ਇੰਨਾ ਸਫ਼ਲ ਰਿਹਾ ਕਿ ਅੱਜ ਪੂਰੇ

ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਜਿਸ ਨੇ ਵੀ ਇਨ੍ਹਾਂ ਕੈਂਪਾਂ ਵਿਚ ਇਕ ਵਾਰ ਪ੍ਰਵੇਸ਼ ਕੀਤਾ ਉਹ ਜੇਕਰ ਮਿਸ਼ਨਰੀ ਨਹੀਂ ਬਣਿਆ ਤਾਂ ਵੀ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ ਨੂੰ ਉਸ ਨੇ ਜੀਵਨ ਭਰ ਪਿੱਠ ਨਹੀਂ ਦਿਖਾਈ। ਡਾ. ਸੰਤੋਖ ਸਿੰਘ ਭੁਪਾਲ ਕਿਹਾ ਕਰਦੇ ਸਨ ਕਿ ਜੋ ਸਿੱਖ ਵਿਦਿਆਰਥੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦੋ ਗੁਰਮਤਿ ਟ੍ਰੇਨਿੰਗ ਕੈਂਪਾਂ ਵਿਚ ਭਾਗ ਲੈ ਲਵੇ, ਦੁਨੀਆ ਦੀ ਕੋਈ ਤਾਕਤ ਉਸ ਨੂੰ ਸਿੱਖੀ ਤੋਂ ਪਰ੍ਹੇ ਨਹੀਂ ਕਰ ਸਕਦੀ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੌਜਵਾਨਾਂ ਨੇ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਸਿੱਖ ਹੱਕਾਂ ਦੀ ਖਾਤਰ ਲੰਮਾ ਸੰਘਰਸ਼ ਲੜਿਆ। ਫੈਡਰੇਸ਼ਨ ਵਿਚ ਸ. ਸਰੂਪ ਸਿੰਘ ਤੋਂ ਲੈ ਕੇ ਭਾਈ ਅਮਰੀਕ ਸਿੰਘ ਤਕ ਕਈ ਉਤਰਾਅ-ਚੜ੍ਹਾਅ ਆਏ। ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ੬ ਜੂਨ, ੧੯੮੪ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਸ਼ਹੀਦੀ ਪਾ ਗਏ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਟਕਸਾਲ ਵਿੱਚੋਂ ਬੀਤੇ ਸਮੇਂ ਦੌਰਾਨ ਅਣਗਿਣਤ ਨਾਮਵਰ ਹਸਤੀਆਂ ਪੈਦਾ ਹੋਈਆਂ ਜਿਨ੍ਹਾਂ ਨੇ ਰਾਜਨੀਤਿਕ, ਵਿੱਦਿਅਕ, ਧਾਰਮਿਕ, ਸਮਾਜਿਕ ਖੇਤਰ ਵਿਚ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਨਾਮਣਾ ਖੱਟਿਆ। ਉਹ ਸ਼ਖ਼ਸੀਅਤ ਕਿਸੇ ਵੀ ਰਾਜਨੀਤਿਕ ਪਾਰਟੀ ਵਿਚ ਹੋਣ ਪਰ ਉਨ੍ਹਾਂ ਦੀ ਸ਼ੁਰੂਆਤ ਫੈਡਰੇਸ਼ਨ ਤੋਂ ਹੀ ਹੋਈ ਸੀ। ਰਾਜਨੀਤਿਕ ਖੇਤਰ ਵਿਚ ਡਾ. ਮਨਮੋਹਨ ਸਿੰਘ, ਸਾਬਕਾ ਪ੍ਰਧਾਨ ਮੰਤਰੀ, ਸ. ਉਮਰਾਓ ਸਿੰਘ, ਸ. ਸੁਰਜੀਤ ਸਿੰਘ ਬਰਨਾਲਾ, ਸ. ਗੁਰਮੀਤ ਸਿੰਘ ਮੁਕਤਸਰ, ਸ. ਸਰੂਪ ਸਿੰਘ, ਸ. ਜਸਵਿੰਦਰ ਸਿੰਘ (ਬਰਾੜ), ਸ. ਜਗਦੇਵ ਸਿੰਘ (ਸੰਧੂ), ਸ. ਕਰਨੈਲ ਸਿੰਘ ਡੋਡ, ਸ. ਪਰਦੁਮਣ ਸਿੰਘ ਆਜ਼ਾਦ, ਸ. ਤਰਲੋਚਨ ਸਿੰਘ ਦਿੱਲੀ, ਸ. ਸੁਰਜੀਤ ਸਿੰਘ (ਮਿਨਹਾਸ), ਸ. ਸੁਖਜਿੰਦਰ ਸਿੰਘ, ਸ. ਚਰਨਜੀਤ ਸਿੰਘ ਅਟਵਾਲ, ਸ. ਬੀਰ ਦਵਿੰਦਰ ਸਿੰਘ, ਸ. ਜਸਵੰਤ ਸਿੰਘ (ਮਾਨ), ਸ. ਜਗਮੀਤ ਸਿੰਘ (ਬਰਾੜ), ਪ੍ਰੋ. ਜਗੀਰ ਸਿੰਘ (ਭੁੱਲਰ), ਸ. ਅਤਿੰਦਰਪਾਲ ਸਿੰਘ, ਸ. ਹਰਮਿੰਦਰ ਸਿੰਘ (ਗਿੱਲ), ਸ. ਵਿਰਸਾ ਸਿੰਘ ਵਲਟੋਹਾ ਤੇ ਵਿੱਦਿਅਕ ਤੌਰ 'ਤੇ ਡਾ. ਜਸਵੰਤ ਸਿੰਘ ਨੇਕੀ, ਪ੍ਰਿੰ. ਭਰਪੂਰ ਸਿੰਘ, ਪ੍ਰਿੰ. ਸਤਿਬੀਰ ਸਿੰਘ, ਪ੍ਰਿੰ. ਜਸਵੰਤ ਸਿੰਘ ਫੁੱਲ, ਡਾ. ਭਾਈ ਹਰਬੰਸ ਲਾਲ, ਪ੍ਰਿੰ. ਗੁਰਬਖਸ਼ ਸਿੰਘ (ਸ਼ੇਰਗਿੱਲ), ਪ੍ਰਿੰ. ਦਰਸ਼ਨ ਸਿੰਘ, ਪ੍ਰਿੰ. ਜਗਦੀਸ਼ ਸਿੰਘ, ਡਾ. ਜਸਵੀਰ ਸਿੰਘ (ਆਹਲੂਵਾਲੀਆ), ਡਾ. ਦਲੀਪ ਸਿੰਘ ਦੀਪ, ਪ੍ਰੋ. ਦਲੀਪ ਸਿੰਘ ਮੁੰਬਈ, ਸ. ਬਿਸ਼ਨ ਸਿੰਘ ਸਮੁੰਦਰੀ, ਪ੍ਰਿੰ. ਗੁਰਸੇਵਕ ਸਿੰਘ, ਪ੍ਰਿੰ. ਪ੍ਰਕਾਸ਼ ਸਿੰਘ, ਸ. ਪ੍ਰਿਥੀਪਾਲ ਸਿੰਘ (ਕਪੂਰ), ਡਾ. ਜਸਪਾਲ ਸਿੰਘ ਦਿੱਲੀ, ਪ੍ਰੋ. ਜੋਗਿੰਦਰ ਸਿੰਘ ਦਿੱਲੀ, ਪ੍ਰੋ. ਹਰਮੀਤ ਸਿੰਘ ਦਿੱਲੀ, ਪ੍ਰੋ. ਭਗਵੰਤ ਸਿੰਘ ਬੀਰ, ਪ੍ਰੋ. ਸੂਬਾ ਸਿੰਘ, ਪ੍ਰੋ. ਹਰਪਾਲ ਸਿੰਘ (ਪੰਨੂੰ),

ਸ. ਗੁਰ ਰਤਨਪਾਲ ਸਿੰਘ, ਡਾ. ਸੰਤੋਖ ਸਿੰਘ ਭੁਪਾਲ, ਸ. ਬਚਨ ਸਿੰਘ ਸਰਲ ਕਲਕੱਤਾ, ਸ. ਬਰਜਿੰਦਰ ਸਿੰਘ ਹਮਦਰਦ, ਸ. ਜਗਜੀਤ ਸਿੰਘ ਦਰਦੀ, ਪ੍ਰੋ. ਹਰੀ ਸਿੰਘ , ਪ੍ਰੋ. ਕੁਲਵੰਤ ਸਿੰਘ (ਗਰੇਵਾਲ), ਸ. ਹਰਸਿਮਰਨ ਸਿੰਘ, ਸ. ਹਰਜਿੰਦਰ ਸਿੰਘ ਦਿਲਗੀਰ, ਸ. ਜਸਵੰਤ ਸਿੰਘ (ਗਰੇਵਾਲ), ਸ. ਹਰਕੰਵਲਜੀਤ ਸਿੰਘ ਅਜੀਤ ਚੰਡੀਗੜ੍ਹ, ਪ੍ਰੋ. ਅਮਰੀਕ ਸਿੰਘ, ਪ੍ਰੋ. ਸੁਰਜੀਤ ਸਿੰਘ, ਡਾ. ਸਰਦੂਲ ਸਿੰਘ ਕਲਕੱਤਾ, ਡਾ. ਜਸਵੀਰ ਸਿੰਘ (ਸਰਨਾ), ਡਾ. ਪੂਰਨ ਸਿੰਘ ਲੁਧਿਆਣਾ। ਧਾਰਮਿਕ ਸਮਾਜਿਕ ਖੇਤਰ ਵਿਚ— ਸ. ਅਮਰ ਸਿੰਘ ਅੰਬਾਲਵੀ, ਸ. ਭਾਨ ਸਿੰਘ, ਸ. ਮਨਮੋਹਨ ਸਿੰਘ ਮਾਊਂਟ ਐਵਰੈਸਟ, ਡਾ. ਸ਼ਮਸ਼ੇਰ ਸਿੰਘ, ਡਾਇਰੈਕਟਰ, ਵਰਲਡ ਬੈਂਕ, ਸ. ਹਰਭਜਨ ਸਿੰਘ ਯੋਗੀ ਅਮਰੀਕਾ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ, ਸ. ਖਜਾਨ ਸਿੰਘ ਕਲਕੱਤਾ, ਸ. ਪ੍ਰਭਜੋਤ ਸਿੰਘ ਕਲਕੱਤਾ, ਸ. ਮਨਜੀਤ ਸਿੰਘ ਕਲਕੱਤਾ, ਸ. ਮੱਖਣ ਸਿੰਘ ਦਿੱਲੀ, ਸ. ਹਰਦੇਵ ਸਿੰਘ ਰਾਜਪੁਰਾ, ਸ. ਦਿਲਬੀਰ ਸਿੰਘ, ਸ. ਭਾਗ ਸਿੰਘ ਅਣਖੀ, ਸ. ਭੁਪਿੰਦਰ ਸਿੰਘ ਜੌਹਰ, ਸ. ਭਗਵਾਨ ਸਿੰਘ ਦਾਨੇਵਾਲੀਆ, ਸ. ਪ੍ਰੀਤਮ ਸਿੰਘ (ਉਬਰਾਏ), ਸ. ਮੋਹਣ ਸਿੰਘ (ਸਹਿਗਲ) ਜਲੰਧਰ, ਸ. ਮਨਮੋਹਣ ਸਿੰਘ ਕਲਕੱਤਾ, ਸ. ਪ੍ਰੀਤਮ ਸਿੰਘ ਭੁਪਾਲ ਸ. ਕੇਵਲ ਸਿੰਘ ਮੁੰਬਈ, ਸ. ਅਜਾਇਬ ਸਿੰਘ ਮਚਾਕੀ, ਸ. ਸੁਬੇਗ ਸਿੰਘ ਐਡਵੋਕੇਟ, ਸ. ਨਿਰਭੈ ਸਿੰਘ (ਢਿੱਲੋਂ), ਡਾ. ਸਤਿਨਾਮ ਸਿੰਘ ਸਾਗਰ, ਸ. ਗੰਗਾ ਸਿੰਘ (ਢਿੱਲੋਂ) ਅਮਰੀਕਾ, ਸ. ਹਰਚਰਨ ਸਿੰਘ ਸਾਬਕਾ ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ। ਇਸ ਤੋਂ ਇਲਾਵਾ ਕਈ ਮਿਲਟਰੀ ਅਫ਼ਸਰ ਆਈ. ਏ. ਐਸ., ਆਈ. ਪੀ. ਐਸ., ਪੀ. ਸੀ. ਐਸ. ਅਨੇਕਾਂ ਹੋਰ ਅਫ਼ਸਰ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ, ਅਹੁਦੇਦਾਰ ਆਦਿ ਫੈਡਰੇਸ਼ਨ ਦੀ ਖਾਣ ਵਿੱਚੋਂ ਨਿਕਲੇ ਹਨ। ਭਾਈ ਅਮਰੀਕ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਫੈਡਰੇਸ਼ਨ ਕਈ ਗਰੁੱਪਾਂ ਵਿਚ ਵੰਡੀ ਗਈ। ਸਿੱਖ ਨੌਜਵਾਨਾਂ ਵਿਦਿਆਰਥੀਆਂ ਨੇ ਮਾਰਾਂ ਖਾਧੀਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ, ਲੰਮੀਆਂ ਜੇਲ੍ਹਾਂ ਵੀ ਕੱਟੀਆਂ ਪਰ ਫੈਡਰੇਸ਼ਨ ਇੱਕ ਨਾ ਹੋ ਸਕੀ। ਅੱਜ ਵੀ ਫੈਡਰੇਸ਼ਨ ਵਿਚ ਗੁਰਚਰਨ ਸਿੰਘ (ਗਰੇਵਾਲ), ਦਲਜੀਤ ਸਿੰਘ ਬਿੱਟੂ, ਪਰਮਜੀਤ ਸਿੰਘ ਖਾਲਸਾ, ਕਰਨੈਲ ਸਿੰਘ ਪੀਰ ਮੁਹੰਮਦ, ਮਨਜੀਤ ਸਿੰਘ ਭੋਮਾ ਦਾ ਆਪਣਾ-ਆਪਣਾ ਗਰੁੱਪ ਹੈ। ਇਹ ਗੱਲ ਸਪੱਸ਼ਟ ਹੈ ਕਿ ਆਰੀਆ ਸਮਾਜੀ, ਆਰ. ਐਸ. ਐਸ. ਗੁਰੂ ਡੰਮ ਅਤੇ ਪੰਥ-ਵਿਰੋਧੀ ਸ਼ਕਤੀਆਂ ਦਾ ਮੁਕਾਬਲਾ ਕਰ ਸਕਦੇ ਹਨ ਤਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੌਜਵਾਨ ਹੀ ਕਰ ਸਕਦੇ ਹਨ। ਅੱਜ ਲੋੜ ਹੈ ਵੱਖ-ਵੱਖ ਫੈਡਰੇਸ਼ਨਾਂ ਦੇ ਗਰੁੱਪ ਆਪਸੀ ਮੱਤਭੇਦ ਭੁਲਾ ਕੇ ਇਕ ਥਾਂ ਇਕੱਠੇ ਹੋਣ ਅਤੇ ਇਕ ਮਜ਼ਬੂਤ ਫੈਡਰੇਸ਼ਨ ਦੀ ਸਥਾਪਨਾ ਕਰ ਕੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਸੰਭਾਲੇ ਤਾਂ ਜੋ ਨੌਜਵਾਨ ਵਿਦਿਆਰਥੀ ਗੁਰੂ ਡੰਮ, ਪਤਿਤਪੁਣੇ ਅਤੇ ਨਸ਼ੇ ਦੇ ਚੱਕਰ ਤੋਂ ਬਚ ਸਕਣ। ■

# ਸਿੱਖ ਪਛਾਣ ਵਿਚ ਨਿਸ਼ਾਨ ਸਾਹਿਬ ਦਾ ਮਹੱਤਵ

*-ਡਾ. ਪਰਮਵੀਰ ਸਿੰਘ**

ਨਿਸ਼ਾਨ ਸਾਹਿਬ ਸਿੱਖ ਪਛਾਣ ਦਾ ਮਹੱਤਵਪੂਰਨ ਅੰਗ ਹੈ ਜਿਹੜਾ ਕਿ ਹਰ ਇਕ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਹੁੰਦਾ ਹੈ। ਸਿੱਖ ਪਰੰਪਰਾ ਵਿਚ 'ਨਿਸ਼ਾਨ' ਸ਼ਬਦ ਕਈ ਰੂਪਾਂ ਵਿਚ ਵਰਤਿਆ ਜਾਂਦਾ ਹੈ ਪਰ ਇਸ ਨੂੰ ਝੰਡਾ ਜਾਂ ਧੁਜਾ ਦੇ ਰੂਪ ਵਿਚ ਪ੍ਰਮੁੱਖ ਤੌਰ 'ਤੇ ਦੇਖਿਆ ਜਾਂਦਾ ਹੈ। ਕੁਝ ਗੁਰਧਾਮ ਵੀ ਝੰਡਾ ਸਾਹਿਬ ਦੇ ਨਾਂ 'ਤੇ ਮੌਜੂਦ ਹਨ ਜਿਵੇਂ— ਗੁਰਦੁਆਰਾ ਝੰਡਾ ਸਾਹਿਬ ਪਾਤਸ਼ਾਹੀ ਦਸਵੀਂ, ਝੰਡਾ ਕਲਾਂ; ਗੁਰਦੁਆਰਾ ਝੰਡਾ ਸਾਹਿਬ ਪਾਤਸ਼ਾਹੀ ਛੇਵੀਂ, ਚੱਕ ਪ੍ਰੇਮਾ, ਫਗਵਾੜਾ; ਗੁਰਦੁਆਰਾ ਝੰਡਾ ਸਾਹਿਬ, ਪਡਿਆਲਾ ਆਦਿ। ਰੋਜ਼ਾਨਾ ਦੀ ਅਰਦਾਸ ਵਿਚ "ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ" ਦੀ ਭਾਵਨਾ ਇਸ ਦੇ ਮਹੱਤਵ ਪ੍ਰਤੀ ਦ੍ਰਿੜ੍ਹਤਾ ਪ੍ਰਦਾਨ ਕਰਦੀ ਹੈ। ਨਗਰ ਕੀਰਤਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲਦੇ ਹਨ।

ਸਿੱਖ ਪਰੰਪਰਾ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਨਿਸ਼ਾਨ ਸਾਹਿਬ ਦੀ ਪਰੰਪਰਾ ਦੇਖਣ ਨੂੰ ਮਿਲਦੀ ਹੈ ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਉਪਰੰਤ ਇਸ ਦੇ ਉੱਪਰ ਨਿਸ਼ਾਨ ਸਾਹਿਬ ਸਥਾਪਿਤ ਕੀਤਾ ਸੀ। ਪਵਿੱਤਰਤਾ ਤੇ ਸ੍ਵੈਮਾਣ ਦਾ ਇਹ ਚਿੰਨ੍ਹ ਇਕ ਲੰਮੇ ਪੋਲ 'ਤੇ ਲਾਇਆ ਜਾਂਦਾ ਹੈ ਜਿਸ ਦੇ ਸਿਖ਼ਰ 'ਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਲੱਗਿਆ ਹੁੰਦਾ ਹੈ। ਕਈ ਵਾਰੀ ਇਹ ਗੁਰਦੁਆਰਾ ਸਾਹਿਬ ਦੇ ਗੁੰਬਦ ਉੱਪਰ ਵੀ ਸੁਸ਼ੋਭਿਤ ਹੁੰਦਾ ਹੈ। ਤਿਕੋਣ ਅਕਾਰ ਦੇ ਇਸ ਦੇ ਫਰਹਰੇ ਵਿਚ ਅਕਸਰ ਖੰਡਾ ਅਤੇ ਚੱਕਰ ਦਾ ਨਿਸ਼ਾਨ ਬਣਿਆ ਹੁੰਦਾ ਹੈ। ਜੰਗਾਂ-ਯੁੱਧਾਂ ਮੌਕੇ ਵਰਤੇ ਜਾਣ ਵਾਲੇ ਨਿਸ਼ਾਨ ਸਾਹਿਬ ਉੱਪਰ ਸ਼ਸਤਰਾਂ ਦੇ ਚਿੰਨ੍ਹ ਵੀ ਮੌਜੂਦ ਹੁੰਦੇ ਸਨ। ਮਰਯਾਦਾ-ਪੂਰਵਕ ਹਰ ਇਕ ਗੁਰਧਾਮ ਵਿਚ ਸਥਾਪਿਤ ਕੀਤਾ ਜਾਣ ਵਾਲਾ ਇਹ ਨਿਸ਼ਾਨ ਸਾਹਿਬ ਅਕਸਰ ਬਸੰਤੀ ਰੰਗ ਦਾ ਹੁੰਦਾ ਹੈ, ਨਿਹੰਗ ਸਿੰਘਾਂ ਦੁਆਰਾ ਨਿਸ਼ਾਨ ਸਾਹਿਬ ਲਈ ਨੀਲਾ ਰੰਗ ਵਰਤਿਆ ਜਾਂਦਾ ਹੈ।

ਵੈਸਾਖੀ ਮੌਕੇ ਨਵਾਂ ਨਿਸ਼ਾਨ ਸਾਹਿਬ ਚੜ੍ਹਾਇਆ ਜਾਂਦਾ ਹੈ ਪਰ ਕਈ ਵਾਰੀ ਕਿਸੇ ਵਿਸ਼ੇਸ਼ ਦਿਵਸ ਮੌਕੇ ਇਹ ਸੇਵਾ ਕੀਤੀ ਜਾਂਦੀ ਹੈ। ਧਾਰਮਿਕ ਸਮਾਗਮ, ਕੈਂਪ ਜਾਂ ਜੋੜ-ਮੇਲ ਦੇ ਅਸਥਾਨ 'ਤੇ ਵੀ ਵਿਧੀ-ਪੂਰਵਕ ਨਿਸ਼ਾਨ ਸਾਹਿਬ ਝੁਲਾਉਣ ਦੇ ਨਾਲ-ਨਾਲ ਇਸ ਨੂੰ ਸਲਾਮੀ ਦਿੱਤੀ ਜਾਂਦੀ ਰਹੀ ਹੈ। ਸਮਾਗਮ ਸੰਪੂਰਨ ਹੋਣ 'ਤੇ ਵਿਧੀਵਤ ਢੰਗ ਨਾਲ ਇਸ ਨੂੰ ਆਪਣੇ ਸਥਾਨ 'ਤੇ ਪਹੁੰਚਾ ਦਿੱਤਾ ਜਾਂਦਾ ਹੈ।

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੯੮੭੦-੭੪੩੨੨*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਲੱਗਭਗ ੧੪ ਵੱਡੀਆਂ ਜੰਗਾਂ ਕੀਤੀਆਂ ਅਤੇ ਸਭਨਾਂ ਵਿਚ ਸਫ਼ਲਤਾ ਪ੍ਰਾਪਤ ਕੀਤੀ। ਜੰਗਾਂ-ਯੁੱਧਾਂ ਸਮੇਂ ਨਿਸ਼ਾਨ ਸਾਹਿਬ ਗੁਰੂ ਜੀ ਦੇ ਨਾਲ ਲਿਜਾਇਆ ਜਾਂਦਾ ਸੀ। ਸ੍ਰੀ ਅਨੰਦਪੁਰ ਸਾਹਿਬ ਦੇ ਇਕ ਯੁੱਧ ਦੀ ਘਟਨਾ ਵਿਚ ਨਿਸ਼ਾਨ ਸਾਹਿਬ ਦੇ ਮਹੱਤਵ ਦਾ ਵੇਰਵਾ ਦਿੰਦੇ ਹੋਏ 'ਗੁਰੂ ਕੀਆਂ ਸਾਖੀਆਂ' ਵਿਚ ਦੱਸਿਆ ਗਿਆ ਹੈ ਕਿ— "ਸਤਿਗੁਰਾਂ ਕਾ ਹੁਕਮਿ ਪਾਇ ਮਾਨ ਸਿੰਘ ਨਿਸ਼ਾਨਚੀ ਨੇ ਆਗੇ ਹੋਇ ਭੂਮੀ ਮੇਂ ਝੰਡਾ ਗਾਡ ਕੇ ਜੰਮ ਕੇ ਲੜਾਈ ਲੜੀ। ਮਾਨ ਸਿੰਘ ਨਿਸ਼ਾਨਚੀ ਜਖ਼ਮੀ ਹੋਇ ਗਿਆ ਤੇ ਨਿਸ਼ਾਨ ਦੁਸ਼ਮਨ ਕੇ ਵਾਰ ਸੇ ਟੂਟ ਕੇ ਭੋਇ ਗਿਰ ਪਿਆ। ਇਸ ਘਟਨਾ ਕੀ ਖਬਰ ਕਿਸੇ ਸਿੱਖ ਨੇ ਤਖਤ ਸ੍ਰੀ ਕੇਸਗੜ੍ਹ ਮੇਂ ਆਇ ਦਈ। ਗੁਰੂ ਜੀ ਨੇ ਉਸੀ ਵਕਤ ਬੜੀ ਦਸਤਾਰ ਕੋ ਉਤਾਰ ਨੀਚੇ ਕੇਸਗੀ ਮੇਂ ਸੇ ਨੀਲੇ ਰੰਗ ਕਾ ਫਰਰਾ ਨਿਕਾਲ ਕੇ ਬਚਨ ਕੀਆ, ਇਹ ਖਾਲਸਾਈ ਨਿਸ਼ਾਨ ਕਭੀ ਆਗੇ ਸੇ ਟੂਟੇਗਾ ਨਹੀਂ।" ਇੱਥੋਂ ਹੀ ਨਿਹੰਗ ਸਿੰਘਾਂ ਵਿਚ ਦੁਮਾਲੇ ਨਾਲ ਫਰਹਰਾ ਸਜਾਉਣ ਦੀ ਪਰੰਪਰਾ ਵੀ ਅਰੰਭ ਹੋਈ ਦੱਸੀ ਜਾਂਦੀ ਹੈ। ਜੰਗਾਂ-ਯੁੱਧਾਂ ਸਮੇਂ ਨਿਸ਼ਾਨ ਦੇ ਰੂਪ ਵਿਚ ਸਾਹਮਣੇ ਆਇਆ ਇਹ ਫਰਹਰਾ ਇਨ੍ਹਾਂ ਵਿਚ ਸਥਾਈ ਰੂਪ ਧਾਰਨ ਕਰ ਗਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜਿੱਤੇ ਗਏ ਕਿਲ੍ਹਿਆਂ 'ਤੇ ਨਿਸ਼ਾਨ ਸਾਹਿਬ ਸਥਾਪਿਤ ਕੀਤਾ। ਹਰ ਇਕ ਯੁੱਧ ਮੌਕੇ ਇਹ ਨਿਸ਼ਾਨ ਸਾਹਿਬ ਬਾਬਾ ਜੀ ਦੇ ਨਾਲ ਲਿਜਾਇਆ ਜਾਂਦਾ ਸੀ ਅਤੇ ਸਰਹਿੰਦ ਨੂੰ ਜਿੱਤ ਕੇ ਵਜ਼ੀਰ ਖ਼ਾਨ ਦੇ ਕਿਲ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਗਿਆ ਸੀ, ਇਸ ਦੀ ਯਾਦ ਵਿਚ ਹਰ ਸਾਲ ਸਰਹਿੰਦ ਫਤਿਹ ਦਿਵਸ ਮਨਾਇਆ ਜਾਂਦਾ ਹੈ। ਅਠਾਰ੍ਹਵੀਂ ਸਦੀ ਦੇ ਸੰਘਰਸ਼ ਸਮੇਂ ਸਿੱਖ ੧੨ ਮਿਸਲਾਂ ਵਿਚ ਵੰਡੇ ਗਏ ਸਨ ਅਤੇ ਇਨ੍ਹਾਂ ਵਿੱਚੋਂ ਇਕ ਵਿਸ਼ੇਸ਼ 'ਨਿਸ਼ਾਨਾਂਵਾਲੀ ਮਿਸਲ' ਵੀ ਸਾਹਮਣੇ ਆਈ ਜਿਸ ਦਾ ਆਗੂ ਸਰਦਾਰ ਦਸੌਂਧਾ ਸਿੰਘ ਸੀ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਸ ਮਿਸਲ ਦੀ ਛਾਉਣੀ ਸੀ ਜਿਹੜੀ ਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੀ ਸੀ। ਇਸ ਮਿਸਲ ਨਾਲ ਸੰਬੰਧਿਤ ਇਕ ਨਿਸ਼ਾਨ ਸਾਹਿਬ ਹਾਲੇ ਵੀ ਸ਼ਾਹਬਾਦ ਵਿਖੇ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਦੇ ਕਿਸੇ ਵਿਸ਼ੇਸ਼ ਦਿਨ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਦੋ ਨਿਸ਼ਾਨ ਸਾਹਿਬ ਪ੍ਰਮੁੱਖ ਤੌਰ 'ਤੇ ਸੁਸ਼ੋਭਿਤ ਹਨ ਅਤੇ ਇਨ੍ਹਾਂ ਨੂੰ ਮੀਰੀ ਅਤੇ ਪੀਰੀ ਦੇ ਸਿਧਾਂਤ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਅਠਾਰ੍ਹਵੀਂ ਸਦੀ ਵਿਚ ਇਹ ਅਸਥਾਨ ਬਾਹਰੀ ਹਮਲਾਵਰਾਂ ਦੇ ਨਿਸ਼ਾਨੇ 'ਤੇ ਰਿਹਾ। ਜਦੋਂ-ਜਦੋਂ ਉਹ ਇੱਥੇ ਹਮਲਾ ਕਰ ਕੇ ਇਸ ਨੂੰ ਮਿਟਾਉਣ ਦਾ ਯਤਨ ਕਰਦੇ, ਤਿਉਂ-ਤਿਉਂ ਇਹ ਅਸਥਾਨ ਸਿੱਖਾਂ ਦੇ ਮਨ ਵਿਚ

ਪਵਿੱਤਰ ਭਾਵਨਾ ਅਤੇ ਦ੍ਰਿੜ੍ਹਤਾ ਦਾ ਵਾਧਾ ਕਰਦਾ ਰਿਹਾ। ਅਠਾਰ੍ਹਵੀਂ ਸਦੀ ਵਿਚ ਅਤਿ ਸੰਕਟ ਦੇ ਸਮੇਂ ਆਪਣਾ ਜੀਵਨ ਕੁਰਬਾਨ ਕਰ ਕੇ ਵੀ ਸਿੱਖ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਲਈ ਆਉਂਦੇ ਰਹੇ। ੧੭੬੭ ਈ. ਵਿਚ ਅਹਿਮਦ ਸ਼ਾਹ ਦੁਰਾਨੀ ਨੂੰ ਭਜਾ ਕੇ ਭੰਗੀ ਸਰਦਾਰਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ ਤਾਂ ਉਨ੍ਹਾਂ ਦਾ ਧਿਆਨ ਇਲਾਕਿਆਂ ਦੇ ਪ੍ਰਬੰਧ ਕਰਨ ਦੇ ਨਾਲ-ਨਾਲ ਗੁਰਧਾਮਾਂ ਦੀ ਸਾਂਭ-ਸੰਭਾਲ ਵੱਲ ਗਿਆ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਸ਼ਾਨ ਬਹਾਲ ਕਰਦੇ ਹੋਏ ਸਰਦਾਰ ਝੰਡਾ ਸਿੰਘ ਭੰਗੀ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ 'ਤੇ ਨਿਸ਼ਾਨ ਸਾਹਿਬ ਲਾਇਆ ਜਿਸ ਨੂੰ 'ਅਕਾਲ ਧੁਜਾ' ਜਾਂ 'ਸਤਿਗੁਰੂ ਦਾ ਨਿਸ਼ਾਨ' ਕਿਹਾ ਜਾਂਦਾ ਸੀ। ਇਸ ਤੋਂ ਲੱਗਭਗ ੪੦ ਸਾਲ ਬਾਅਦ ਉਦਾਸੀ ਮਹੰਤਾਂ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਸੁਸ਼ੋਭਿਤ ਕਰਨ ਦਾ ਕਾਰਜ ਕੀਤਾ। ਮਹੰਤ ਸੰਤੋਖ ਦਾਸ ਅਤੇ ਮਹੰਤ ਪ੍ਰੀਤਮ ਦਾਸ ਦੇਹਰਾਦੂਨ ਤੋਂ ਸਾਲ ਦੇ ਰੁੱਖ ਦੀ ਇਕ ਲੰਮੀ ਲੱਕੜ ਸ੍ਰੀ ਅੰਮ੍ਰਿਤਸਰ ਲੈ ਕੇ ਆਏ ਅਤੇ ਉਨ੍ਹਾਂ ਨੇ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਥਾਪਿਤ ਕਰ ਕੇ ਇਸ 'ਤੇ ਨਿਸ਼ਾਨ ਸਾਹਿਬ ਝੁਲਾਇਆ ਸੀ। ਇਸ ਤੋਂ ਬਾਅਦ ਲੋਹੇ ਦੇ ਨਿਸ਼ਾਨ ਸਾਹਿਬ ਲਗਾਏ ਜਾਣ ਲੱਗੇ ਅਤੇ ਹੁਣ ਆਧੁਨਿਕ ਤਕਨੀਕ ਵਾਲੇ ਨਿਸ਼ਾਨ ਸਾਹਿਬ ਗੁਰਧਾਮਾਂ ਦੀ ਸ਼ੋਭਾ ਵਧਾ ਰਹੇ ਹਨ।

ਨਿਸ਼ਾਨ ਸਾਹਿਬ ਲਗਾਉਣ ਦੀ ਇਕ ਵਿਧੀਵਤ ਪਰੰਪਰਾ ਅਤੇ ਮਰਯਾਦਾ ਹੈ ਪਰ ਇਸ ਦੇ ਨਾਲ ਹੀ ਸਿੱਖਾਂ ਵਿਚ ਖਾਲਸਈ ਨਿਸ਼ਾਨਾਂ ਦੀ ਪਰੰਪਰਾ ਵੀ ਦੇਖਣ ਨੂੰ ਮਿਲਦੀ ਹੈ। ਖਾਲਸਈ ਨਿਸ਼ਾਨ ਕਈ ਰੂਪਾਂ ਵਿਚ ਦੇਖੇ ਜਾ ਸਕਦੇ ਹਨ। ਕਈ ਵਾਰੀ ਨਿਸ਼ਾਨ ਸਾਹਿਬ ਵਰਗੇ ਹੀ ਦਿਖਾਈ ਦੇਣ ਵਾਲੇ ਇਹ ਖਾਲਸਈ ਨਿਸ਼ਾਨ ਕਾਰਾਂ, ਟਰੱਕਾਂ, ਜੀਪਾਂ, ਘਰਾਂ, ਸਿੱਖ ਸਭਾਵਾਂ ਆਦਿ ਵਿਖੇ ਲਗਾਏ ਜਾਂਦੇ ਹਨ। ਵਿਸ਼ੇਸ਼ ਮੌਕਿਆਂ 'ਤੇ ਕੱਢੇ ਜਾਣ ਵਾਲੇ ਨਗਰ ਕੀਰਤਨ ਮੌਕੇ ਬੱਚਿਆਂ ਅਤੇ ਆਮ ਲੋਕਾਂ ਦੇ ਹੱਥਾਂ ਵਿਚ ਵੀ ਇਹ ਆਮ ਦੇਖੇ ਜਾ ਸਕਦੇ ਹਨ। ਆਮ ਤੌਰ 'ਤੇ ਬਸੰਤੀ ਰੰਗ ਵਿਚ ਤਿਆਰ ਕੀਤੇ ਜਾਣ ਵਾਲੇ ਇਨ੍ਹਾਂ ਨਿਸ਼ਾਨਾਂ 'ਤੇ ਖੰਡਾ ਵੀ ਬਣਿਆ ਹੁੰਦਾ ਹੈ ਜਾਂ ਕਈ ਵਾਰੀ ੴ ਰੂਪੀ ਚਿੰਨ੍ਹ ਵੀ ਲੱਗਿਆ ਹੁੰਦਾ ਹੈ। ਨਿਸ਼ਾਨ ਸਾਹਿਬ ਅਤੇ ਖਾਲਸਈ ਨਿਸ਼ਾਨ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ, ਦ੍ਰਿੜ੍ਹਤਾ, ਸ੍ਵੈਮਾਣ, ਸੁਰੱਖਿਆ ਅਤੇ ਸਰਬੱਤ ਦੇ ਭਲੇ ਵਾਲੀ ਭਾਵਨਾ ਪ੍ਰਗਟ ਕਰਦੇ ਹਨ। ■

ਸੋਧ:- ਗੁਰਮਤਿ ਪ੍ਰਕਾਸ਼ ਦੇ ਅੰਕ ਫਰਵਰੀ, ੨੦੨੧ ਦੇ ਪੰਨਾ ੩੨ ਅਤੇ ੫੭ 'ਤੇ ਛਪੀ ਤਾਰੀਖ ੨੧ ਫਰਵਰੀ, ੧੯੨੧ ਈ. ਦੀ ਥਾਂ 'ਤੇ ੨੦ ਫਰਵਰੀ, ੧੯੨੧ ਈ. ਪੜ੍ਹਿਆ ਜਾਵੇ।

# ਗੁਰੂ ਸਾਹਿਬਾਨ ਦਾ ਇਸਤਰੀ ਪ੍ਰਤੀ ਦ੍ਰਿਸ਼ਟੀਕੋਣ

*-ਬੀਬੀ ਵੀਰਪਾਲ ਕੌਰ**

ਕਿਸੇ ਵੀ ਸੱਭਿਅਕ ਸਮਾਜ ਦੀ ਤਰੱਕੀ ਦਾ ਅੰਦਾਜ਼ਾ ਉਸ ਸਮਾਜ ਵਿਚ ਇਸਤਰੀ ਦੀ ਸਮਾਜਿਕ ਦਸ਼ਾ ਤੋਂ ਲਗਾਇਆ ਜਾ ਸਕਦਾ ਹੈ। ਹਰ ਧਰਮ ਅਤੇ ਸਮਾਜ ਦੀ ਵਿਵਸਥਾ ਇਸਤਰੀ ਨੂੰ ਸਿਧਾਂਤਕ ਤੌਰ 'ਤੇ ਉੱਚਾ ਰੁਤਬਾ ਪ੍ਰਦਾਨ ਕਰਦੀ ਹੈ, ਪਰ ਅਸਲੀਅਤ ਵਿਚ ਪੁਰਸ਼-ਪ੍ਰਧਾਨ ਸਮਾਜ ਵਿਚ ਇਸਤਰੀ ਨੂੰ ਉਸ ਦੇ ਅਧਿਕਾਰਾਂ ਤੋਂ ਵੰਚਿਤ ਕਰ ਕੇ ਇਕ ਉਪਭੋਗੀ ਵਸਤੂ ਦੇ ਰੂਪ ਵਿਚ ਹੀ ਵੇਖਿਆ ਜਾਂਦਾ ਰਿਹਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਸਤਰੀ ਸਾਰੀ ਮਾਨਵਜਾਤੀ ਦੀ ਜਨਮ-ਦਾਤੀ ਹੈ। ਉਹ ਉਨ੍ਹਾਂ ਸਾਰੇ ਮਹਾਂਪੁਰਸ਼ਾਂ ਦੀ ਜਨਮ-ਦਾਤੀ ਹੈ, ਜਿਨ੍ਹਾਂ ਨੇ ਆਪਣੇ ਦੈਵੀ-ਵਚਨਾਂ ਵਿਚ ਇਸਤਰੀ ਨੂੰ ਸ਼ੋਭਨੀਕ ਸਥਾਨ ਦੇਣ ਦੇ ਭਰਪੂਰ ਯਤਨ ਕੀਤੇ ਹਨ, ਪਰ ਨਿਰਸੰਦੇਹ ਇਹ ਪਾਵਨ ਰੱਬੀ-ਵਚਨ ਕੇਵਲ ਧਰਮ ਗ੍ਰੰਥਾਂ ਵਿਚ ਸਿਧਾਂਤ ਬਣ ਕੇ ਹੀ ਵਿਦਮਾਨ ਰਹੇ ਹਨ, ਜਿਨ੍ਹਾਂ ਦੀ ਵਰਤੋਂ ਕੇਵਲ ਆਪਣੇ-ਆਪਣੇ ਪੰਥ ਨੂੰ ਮਹਿਮਾ-ਮੰਡਿਤ ਕਰਨ ਵਾਸਤੇ ਤਾਂ ਹੁੰਦੀ ਰਹੀ ਹੈ, ਵਿਵਹਾਰ ਵਿਚ ਇਸਤਰੀ ਨੂੰ ਪੁਰਸ਼ ਦੀ ਪਿਛਲੱਗ ਰੱਖਣ ਦੀ ਚੇਸ਼ਟਾ ਹਮੇਸ਼ਾ ਪ੍ਰਬਲ ਰਹੀ ਹੈ। ਕੁਝ ਹੱਦ ਤੀਕ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਾਚੀਨ ਭਾਰਤੀ ਸਮਾਜ ਵਿਚ ਇਸਤਰੀ ਨੂੰ ਗੌਰਵਮਈ ਸਥਾਨ ਪ੍ਰਾਪਤ ਸੀ, ਪਰ ਤਿਆਗਵਾਦੀ ਪੰਥਾਂ ਦੇ ਉਥਾਨ ਨਾਲ ਇਸ ਨੂੰ ਪਾਪ ਦੀ ਜਨਨੀ, ਮਹਾ ਅਪਵਿਤ੍ਰਾ, ਜ਼ਹਿਰੀਲੀ ਸਰਪਨੀ, ਅਵਿੱਦਿਆ ਰੂਪ ਅਤੇ ਮਾਇਆ ਰੂਪ ਹੀ ਪ੍ਰਚਾਰਿਆ ਗਿਆ। ਇਹ ਨਿਖੇਧਾਤਮਿਕ ਚਿਤ-ਵ੍ਰਿਤੀ ਭਾਰਤ ਵਿਚ ਇਤਨੀ ਪ੍ਰਬਲ ਰਹੀ ਹੈ ਕਿ ਇਸਤਰੀ ਨੂੰ ਸੰਬੋਧਨ ਕਰਨ ਲਈ ਵਰਤੇ ਜਾਂਦੇ ਬਹੁਤੇ ਸ਼ਬਦ ਵੀ ਅਪਮਾਨਜਨਕ ਹਨ। ਪੰਜਾਬੀ ਸ਼ਬਦ ਇਸਤ੍ਰੀ (ਇਸਤਰੀ) ਸੰਸਕ੍ਰਿਤ 'ਸ੍ਤ੍ਰੀ' ਦਾ ਵਿਕ੍ਰਿਤ ਰੂਪ ਹੈ। 'ਤ੍ਰੀ' ਪਦ ਤੋਂ ਭਾਵ ਹੈ ਰਜ, ਤਮ, ਸਤਿ ਆਦਿ ਤਿੰਨ ਗੁਣ ਅਤੇ 'ਸ' ਦਾ ਅਰਥ ਹੈ- ਸਹਿਤ ਅਰਥਾਤ ਜੋ ਤਿੰਨਾਂ ਗੁਣਾਂ ਸਹਿਤ ਹੈ ਜਾਂ ਤਿੰਨ ਗੁਣਾਂ ਵਾਲੀ ਹੈ ਭਾਵ ਜੋ ਮਾਇਆ ਰੂਪ ਹੈ, ਜੋ ਅਵਿੱਦਿਆ ਰੂਪ ਹੈ। ਨਾਥ-ਮਤ ਜੈਸੇ ਯੋਗ ਪੰਥਾਂ ਨੇ ਉਸ ਨੂੰ ਸਭ ਪਾਪਾਂ ਦਾ ਮੂਲ ਮਿੱਥ ਕੇ ਬਘਿਆੜਣ ਤਕ ਸਥਾਪਿਤ ਕਰਨ ਦੀ ਕੁਚੇਸ਼ਟਾ ਵੀ ਕੀਤੀ ਹੈ। ਇਨ੍ਹਾਂ ਨੇ ਇਸਤਰੀ ਨੂੰ ਭੋਗ-ਵਿਲਾਸੀ ਵਸਤੂ ਸਮਝਦੇ ਹੋਏ ਇਸਤਰੀ ਦੇ ਚਰਿੱਤਰ-ਵਿਵਹਾਰ ਅਤੇ ਹਰ ਪੱਖ ਨੂੰ ਮਰਦ ਦੀ ਸੰਕੀਰਣ ਦ੍ਰਿਸ਼ਟੀ ਤੋਂ ਬਹੁਤ ਭੰਡਿਆ ਹੈ। ਉਨ੍ਹਾਂ ਨੇ ਇਸਤਰੀ ਨੂੰ ਬਾਘਨ ਅਤੇ ਸੱਪ ਕਿਹਾ ਜੋ ਮਰਦ ਦੇ ਜੀਵਨ ਦਾ ਨਾਸ਼ ਕਰ ਦਿੰਦੀ ਹੈ। ਉਨ੍ਹਾਂ ਦਾ ਵਿਚਾਰ ਸੀ

**ਰੀਸਰਚ ਸਕਾਲਰ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; Email:- veerpalmaster@gmail.com*

ਕਿ ਇਸਤਰੀ ਸਾਰੀਆਂ ਇਖਲਾਕੀ ਗਿਰਾਵਟਾਂ ਦਾ ਕਾਰਨ ਹੈ :

*ਬਾਘਨੀ ਉਪਾਯਾ ਬਾਘਨੀ ਨਿਪਾਯਾ ਬਾਘਨੀ ਪਾਲੀ ਕਾਯਾ॥*
*ਬਘਿਨੀ ਡਾਕਰੈ ਜੌਰੀਯੋ ਪਾਖਰੈਂ, ਅਨਭੁਈ ਗੋਰਖ ਰਾਯਾ॥੩॥੪੮॥*[1]

ਅਜਿਹੇ ਵਾਤਾਵਰਨ ਵਿਚ ਭਗਤੀ ਲਹਿਰ ਦੇ ਕੁਝ ਸੁਧਾਰਕਾਂ ਨੂੰ ਵੱਖ ਕਰ ਦੇਈਏ ਤਾਂ ਬਾਕੀ ਧਰਮ-ਸਾਧਕਾਂ ਦੀਆਂ ਬਾਣੀਆਂ ਵਿਚ ਨਾਰੀ ਦੀ ਬਲਸ਼ਾਲੀ ਨਿੰਦਿਆ ਦਾ ਤਿੱਖਾ ਸੁਰ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਮਾਨ ਹੁੰਦਾ ਹੈ। ਵਿਸ਼ੇਸ਼ ਤੌਰ 'ਤੇ ਤਿਆਗਵਾਦੀ ਧਰਮ-ਸਾਧਕਾਂ ਨੇ ਇਹ ਪਰਿਪਕ ਧਾਰਨਾ ਪ੍ਰਚਾਰਿਤ ਕੀਤੀ ਕਿ ਪੁਰਸ਼ ਦੀ ਅਧਿਆਤਮਿਕਤਾ ਵਿਚ ਇਸਤਰੀ ਹੀ ਸਭ ਤੋਂ ਵੱਡੀ ਰੁਕਾਵਟ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਕੇਵਲ ਭਾਰਤ ਵਿਚ ਹੀ ਇਸਤਰੀ ਦੀ ਅਜਿਹੀ ਸਥਿਤੀ ਰਹੀ ਹੈ, ਬਲਕਿ ਪੂਰੇ ਸੰਸਾਰ ਵਿਚ ਹੀ ਕਦੇ ਨਾ ਕਦੇ ਇਸਤਰੀ ਨੂੰ ਅਤਿ ਅਪਵਿੱਤਰ ਸਮਝਿਆ ਜਾਂਦਾ ਰਿਹਾ ਹੈ, ਇਹ ਗੱਲ ਵੱਖਰੀ ਹੈ ਕਿ ਆਧੁਨਿਕਤਾ ਦੇ ਆਗਮਨ ਨਾਲ ਪੱਛਮੀ ਲੋਕਾਂ ਦੇ ਸੁਧਾਰਵਾਦੀ ਪ੍ਰਯਤਨਾਂ ਨੇ ਇਸਤਰੀ ਨੂੰ ਬਹੁਤ ਹੱਦ ਤੀਕ ਸੰਬੰਧਿਤ ਖੇਤਰਾਂ ਵਿਚ ਸਮਾਜਿਕ-ਸਮਤਾ ਪ੍ਰਦਾਨ ਕੀਤੀ ਹੈ। ਪੁਰਾਤਨ ਸਮੇਂ ਤੋਂ ਇਸਤਰੀ ਦਾ ਵਿਅਕਤੀਤਵ, ਆਦਰਸ਼ ਅਤੇ ਉਦੇਸ਼ ਹਮੇਸ਼ਾ ਹੀ ਪੁਰਸ਼ ਨੇ ਆਪਣੇ ਅਧੀਨ ਰੱਖਣ ਦੀ ਹਰ ਸੰਭਵ ਚੇਸ਼ਟਾ ਕੀਤੀ ਹੈ। ਜੇਕਰ ਸੰਸਾਰ ਦੇ ਇਤਿਹਾਸ ਦਾ ਗਹੁ ਨਾਲ ਵਿਸ਼ਲੇਸ਼ਣ ਕਰੀਏ ਤਾਂ ਪਤਾ ਚਲਦਾ ਹੈ ਕਿ ਆਦਿ ਕਾਲ ਤੋਂ ਹੀ ਪੁਰਸ਼ ਕੋਲ ਇਸਤਰੀ ਨੂੰ ਦਬਾਉਣ ਵਾਲੇ ਸਾਰੇ ਹੱਕ ਪ੍ਰਾਪਤ ਸਨ ਅਤੇ ਇਨ੍ਹਾਂ ਨਿਰਵਾਧ ਅਧਿਕਾਰਾਂ ਨੂੰ ਪੁਸ਼ਟ ਕਰਨ ਵਿਚ ਕਿਤੇ ਨਾ ਕਿਤੇ ਪੁਜਾਰੀ ਸ਼੍ਰੇਣੀ ਦਾ ਵੀ ਅਹਿਮ ਰੋਲ ਰਿਹਾ ਹੈ, ਕਿਉਂਕਿ ਪੁਜਾਰੀ ਨੂੰ ਗ਼ੁਲਾਮ ਮਾਨਸਿਕਤਾ ਵਾਲਾ ਸਮਾਜ ਚਾਹੀਦਾ ਹੈ ਅਤੇ ਗ਼ੁਲਾਮ ਮਾਨਸਿਕਤਾ ਘਰ ਤੋਂ ਤਾਂ ਹੀ ਪ੍ਰਵਾਹਿਤ ਹੋ ਸਕਦੀ ਹੈ, ਜੇ ਇਸਤ੍ਰੀ ਦੀ ਮਾਨਸਿਕਤਾ ਨੂੰ ਗ਼ੁਲਾਮ ਰੱਖਿਆ ਜਾਵੇ। ਮਨੂ ਦੇ ਜੋ ਵਿਚਾਰ ਇਸਤ੍ਰੀ ਪ੍ਰਤੀ ਪ੍ਰਗਟ ਹੋਏ ਹਨ, ਉਨ੍ਹਾਂ ਤੋਂ ਉਸ ਕਾਲ ਵਿਚ ਇਸਤਰੀ ਦੀ ਸਮਾਜਿਕ ਸਥਿਤੀ ਬਾਰੇ ਠੀਕ-ਠੀਕ ਸੂਚਨਾ ਮਿਲ ਜਾਂਦੀ ਹੈ। ਇਸਤਰੀ ਨੂੰ ਦਾਸੀ ਬਣਾ ਕੇ ਰੱਖਣ ਦਾ ਸੰਦੇਸ਼ ਦਿੰਦਿਆਂ ਮਨੂ ਸਿਮ੍ਰਤੀ ਦੇ ਅਧਿਆਇ ਪੰਜ ਵਿਚ ਲਿਖਿਆ ਹੈ:-

*ਬਾਲਯਾ ਵਾ ਯੁਵਤਯਾ ਵਾ ਵ੍ਰਿਦਯਾ ਵਾਪਿ ਯੋਸ਼ਿਤਾ।*
*ਨ ਸਵਤੰਤਰੇਯਣ ਕਰਤਵਯੰ ਕਿਚਿੰਤਕਾਰਯ ਗ੍ਰਹੇਸ਼ਵਪਿ॥੧੪੫॥*[2]

ਅਰਥਾਤ ਇਸਤਰੀ ਕਿਸੇ ਵੀ ਅਵਸਥਾ ਵਿਚ ਆਪਣੇ ਘਰ ਵਿਚ ਅਜ਼ਾਦੀ ਨਾਲ ਕੁਝ ਨਹੀਂ ਕਰ ਸਕਦੀ, ਸਗੋਂ ਉਹ ਜੰਮਣ ਤੋਂ ਲੈ ਕੇ ਮਰਨ ਤਕ ਮਰਦ ਦੇ ਅਧੀਨ ਰਹੇਗੀ। ਤੁਲਸੀ ਦਾਸ ਦੀਆਂ ਹੇਠ ਲਿਖੀਆਂ ਪੰਕਤੀਆਂ ਉਸ ਸਮੇਂ ਦੇ ਹਿੰਦੂ ਸਮਾਜ ਵਿਚ ਇਸਤਰੀ ਦੀ ਸਥਿਤੀ ਨੂੰ ਬਿਆਨ ਕਰਦੀਆਂ ਹਨ:-

*ਢੋਲਗਵਾਰਸੂਦ੍ਰਪਸੁਨਾਰੀ॥*
*ਸਕਲਤਾੜਨਾਕੇਅਧਿਕਾਰੀ॥੧੧੨॥ਦੋ॥*[3]

ਭਾਵ ਢੋਲ, ਗਵਾਰ, ਸ਼ੂਦਰ, ਪਸ਼ੂ ਅਤੇ ਨਾਰੀ ਇਹ ਸਭ ਤਾੜ ਕੇ ਰੱਖਣ ਦੇ ਯੋਗ ਹਨ। ੧੫ਵੀਂ ਸਦੀ ਤੋਂ ਪਹਿਲਾਂ ਦੇ ਇਤਿਹਾਸ, ਸਾਹਿਤ ਅਤੇ ਧਰਮ ਦੇ ਸ੍ਰੋਤਾਂ ਵਿਚ ਇਸਤਰੀ ਨੂੰ ਅਪਵਿੱਤਰ ਸਮਝ ਕੇ ਇਸ ਨੂੰ ਨਿੰਦਿਆ ਤੇ ਭੰਡਿਆ ਗਿਆ ਹੈ। ਭਾਰਤ ਵਿਚ ਮੱਧਕਾਲ ਸਮੇਂ ਦੀ ਇਸਤਰੀ ਦੀ ਸਥਿਤੀ ਬੜੀ ਨਾਜ਼ੁਕ ਤੇ ਤਰਸਯੋਗ ਸੀ। ਭਾਵੇਂ ਸੂਫ਼ੀਆਂ ਅਤੇ ਕੁਝ ਕਿੱਸਾਕਾਰਾਂ ਨੇ ਇਸਤਰੀ ਨੂੰ ਰਹੱਸਮਈ ਚਿੰਤਨ ਦੇ ਪ੍ਰਤੀਕ ਵਜੋਂ ਪੇਸ਼ ਕਰ ਕੇ ਇਸਤਰੀ ਦੀ ਸਥਿਤੀ ਨੂੰ ਸਤਿਕਾਰਯੋਗ ਬਣਾਉਣ ਦਾ ਪ੍ਰਯਤਨ ਕੀਤਾ, ਪਰ ਉਹ ਸਾਧਕਾਂ ਵਿਚ ਹੀ ਮਕਬੂਲ ਰਿਹਾ, ਆਮ ਸਮਾਜ ਇਸ ਅਪ੍ਰੋਖ ਜਿਹੀ ਅਭਿਵਿਅਕਤੀ ਦੇ ਗਹਿਰੇ ਮਰਮ ਤੋਂ ਅਛੂਤਾ ਹੀ ਰਿਹਾ।

ਸਿੱਖ ਪੰਥ ਦੇ ਸੰਸਥਾਪਕਾਂ ਅਤੇ ਭਗਤੀ ਲਹਿਰ ਨਾਲ ਸੰਬੰਧਿਤ ਭਗਤ-ਚਿੰਤਕਾਂ ਨੇ ਇਸਤਰੀ ਦੇ ਰੁਤਬੇ ਨੂੰ ਸਨਮਾਨਜਨਕ ਸਥਿਤੀ 'ਤੇ ਸਥਾਪਿਤ ਕਰਨ ਲਈ ਜ਼ੋਰਦਾਰ ਅਵਾਜ਼ ਬੁਲੰਦ ਕੀਤੀ। ਸਿੱਖ ਧਰਮ ਵਿਚ ਇਸਤਰੀ ਦਾ ਰੁਤਬਾ ਹਮੇਸ਼ਾ ਉੱਚਾ ਰਿਹਾ ਹੈ। ਗੁਰੂ ਸਾਹਿਬਾਨ ਦੇ ਦ੍ਰਿਸ਼ਟੀਕੋਣ ਤੋਂ ਇਸਤਰੀ ਅਬਲਾ, ਕਾਮਿਨੀ ਆਦਿ ਨਹੀਂ ਸਗੋਂ ਮਾਂ ਦੀ ਮਮਤਾ, ਗੁਰੂਆਂ, ਮਹਾਂਪੁਰਸ਼ਾਂ ਦੀ ਜਨਨੀ ਹੈ। ਸਿਧਾਂਤਿਕ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਸਾਰੇ ਗੁਰੂ ਸਾਹਿਬਾਨ ਨੇ ਇਸਤਰੀ ਨਿੰਦਿਆ ਦਾ ਸਪੱਸ਼ਟ ਵਿਰੋਧ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੂਲ-ਧਾਰਨਾ ਸੀ ਕਿ ਉਹ ਇਸਤਰੀ ਜਿਹੜੀ ਮਾਨਵ ਦੀ ਜਨਨੀ ਹੈ, ਪਾਲਕ ਹੈ, ਮਨੁੱਖੀ ਨਸਲ ਨੂੰ ਅੱਗੇ ਪ੍ਰਵਾਹਿਤ ਕਰਨ ਦਾ ਮਾਧਿਅਮ ਹੈ ਅਤੇ ਪੁਰਸ਼ ਨੂੰ ਰਾਜ-ਸੱਤਾ ਦੇ ਉੱਚਤਮ ਪਦ ਉੱਤੇ ਆਸੀਨ ਹੋਣ ਯੋਗ ਬਣਾਉਣ ਵਾਲੀ ਹੈ, ਉਸ ਦਾ ਆਪਣਾ ਅਸਤਿਤ੍ਵ ਅਪਵਿੱਤਰ ਅਤੇ ਤੁਛ ਕਿਵੇਂ ਹੋ ਸਕਦਾ ਹੈ? ਉਹ ਸਾਰੇ ਮਾਨਵੀ ਸੰਬੰਧਾਂ ਦਾ ਮੂਲ ਹੈ। ਉਸ ਬਿਨਾਂ ਘਰ ਅਤੇ ਗ੍ਰਿਹਸਥੀ ਦੀ ਹਰ ਪਰਿਕਲਪਨਾ ਸਰਵਥਾ ਅਸੰਭਵ ਹੈ। ਉਹ ਇਸਤਰੀ ਜੋ ਰਾਜਿਆਂ, ਯੋਧਿਆਂ, ਰਿਸ਼ੀਆਂ, ਮੁਨੀਆਂ, ਪੀਰਾਂ, ਪੈਗ਼ੰਬਰਾਂ ਦੀ ਜਨਮ-ਦਾਤੀ ਹੈ, ਉਹ ਪੁਰਸ਼ ਦੀ ਅਸਲ ਸੰਗਿਣੀ ਹੈ ਅਤੇ ਪੁਰਸ਼ ਉਸ ਦੇ ਸੰਗ ਬਿਨਾਂ ਜੀਵਨ ਜੀਉਣ ਦੀ ਕਲਪਨਾ ਵੀ ਨਹੀਂ ਕਰ ਸਕਦਾ, ਤਾਂ ਉਹ ਕਿਵੇਂ ਨਿੰਦਣਯੋਗ ਹੋ ਸਕਦੀ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' ਵਿਚ ਇਸਤਰੀ ਸੰਬੰਧੀ ਵਿਚਾਰ ਇਸ ਤਰ੍ਹਾਂ ਪੇਸ਼ ਕੀਤੇ ਹਨ:-

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥*[੪]

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸੇ ਧਾਰਨਾ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅੱਗੇ ਵਧਾਇਆ ਅਤੇ ਇਸਤਰੀ ਨੂੰ ਸਿੱਖ ਧਰਮ ਵਿਚ ਇਕ ਵਿਸ਼ੇਸ਼ ਰੁਤਬਾ ਪ੍ਰਦਾਨ

ਕੀਤਾ। ਉਨ੍ਹਾਂ ਦੀ ਸੁਪਤਨੀ ਮਾਤਾ ਖੀਵੀ ਜੀ ਨੂੰ ਲੰਗਰ ਦਾ ਪ੍ਰਬੰਧ ਸੌਂਪਿਆ ਗਿਆ, ਤਾਂ ਕਿ ਧਰਮ ਪ੍ਰਚਾਰ ਵਿਚ ਇਸਤਰੀ ਸਮਾਜ ਨੂੰ ਕ੍ਰਿਆਸ਼ੀਲ ਕੀਤਾ ਜਾ ਸਕੇ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸਤਰੀ ਦੀ ਸਥਿਤੀ ਸੁਧਾਰਨ ਲਈ ਅਭੂਤਪੂਰਵ ਪ੍ਰਯਤਨ ਕੀਤੇ। ਉਨ੍ਹਾਂ ਨੇ ਪਰਦੇ ਦੀ ਰਸਮ ਖ਼ਤਮ ਕੀਤੀ। ਸਤੀ ਪ੍ਰਥਾ ਜਿਹੀ ਕੁਰੀਤੀ ਵਿਰੁੱਧ ਜ਼ੋਰਦਾਰ ਅਵਾਜ਼ ਉਠਾਈ ਅਤੇ ਇਸਤਰੀ ਨੂੰ ਕੇਵਲ ਧਰਮ ਧਾਰਨ ਕਰਨ ਵਾਸਤੇ ਹੀ ਪ੍ਰੇਰਿਤ ਨਹੀਂ ਕੀਤਾ, ਬਲਕਿ ਧਰਮ ਪ੍ਰਚਾਰਕ ਥਾਪ ਕੇ ਸਮਾਜਿਕ ਦ੍ਰਿਸ਼ਟੀਕੋਣ ਵਿਚ ਮੂਲ-ਭੂਤ ਪਰਿਵਰਤਨ ਕਰਨ ਵਾਸਤੇ ਇਕ ਕ੍ਰਾਂਤੀਕਾਰੀ ਕਦਮ ਚੁੱਕਿਆ। ਉਨ੍ਹਾਂ ਨੇ ਇਸਤਰੀ ਦੀ ਸਥਿਤੀ ਸੁਧਾਰਨ ਲਈ ਉਸ ਸਮੇਂ ਦੀ ਪ੍ਰਚਲਿਤ ਮਹਾਂ-ਕੁਰੀਤੀ ਸਤੀ-ਪ੍ਰਥਾ ਵਿਰੁੱਧ ਅਵਾਜ਼ ਉਠਾਈ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਪਰਦੇ ਹੇਠ ਰਹਿਣ ਵਾਲੀ ਇਸਤ੍ਰੀ ਉਹ 'ਝੱਲੀ' (ਤੁਛ ਬੁਧਿ ਵਾਲੀ) ਹੈ, ਜਿਸ ਨੂੰ ਆਪਣੀ ਅਜ਼ਾਦ ਹੋਂਦ ਦਾ ਅਸਲੋਂ ਹੀ ਬੋਧ ਨਹੀਂ, ਜੋ ਆਪਣੇ ਅਧਿਕਾਰਾਂ ਸੰਬੰਧੀ ਜਾਗਰੂਕ ਨਹੀਂ। ਗੁਰੂ ਜੀ ਨੇ 'ਸਤੀ' ਨੂੰ ਨਵੀਨ ਤਰੀਕੇ ਨਾਲ ਪਰਿਭਾਸ਼ਿਤ ਕੀਤਾ। ਪਤੀ ਨਾਲ ਚਿਤਾ ਵਿਚ ਜਲ ਮਰਨ ਵਾਲੀ ਆਤਮਘਾਤੀ ਅਬੋਧ ਇਸਤਰੀ ਨੂੰ 'ਸਤੀ' ਦੇ ਗੌਰਵ ਤੋਂ ਵੰਚਿਤ ਕਰ ਦਿੱਤਾ ਅਤੇ ਦੱਸਿਆ ਕਿ ਵਾਸਤਵਿਕ 'ਸਤੀਆਂ' ਉਹ ਹਨ, ਜੋ ਪਰਮੇਸ਼ਰ ਦੀ ਰਜ਼ਾ ਨੂੰ ਸਿਰ ਉੱਪਰ ਮੰਨ ਕੇ ਵਿਯੋਗ-ਅਗਨਿ ਵਿਚ ਤਨ ਦੀਆਂ ਪਦਾਰਥਵਾਦੀ ਖ਼ਾਹਿਸ਼ਾਂ ਨੂੰ ਸਾੜ ਦੇਣ ਅਤੇ ਸ਼ੁੱਧ ਆਚਾਰ ਦਾ ਪਰਿਪਾਲਣ ਕਰਦਿਆਂ ਸੰਤੋਖ ਦੀ ਮੂਰਤੀ ਬਣ ਜਾਣ ਅਤੇ ਪ੍ਰਭੂ ਨੂੰ ਸਿਰ ਦਾ ਸਾਈਂ ਮੰਨ ਕੇ ਉਸ ਦੀ ਸੇਵਾ ਵਿਚ ਲੱਗ ਜਾਣ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥੧॥. . .*
*ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥੨॥*[੫]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੁਜਾਰੀ ਸ਼੍ਰੇਣੀ ਵੱਲੋਂ ਨਿਰਧਾਰਿਤ ਅਤਿ ਘਿਣਾਉਣੀ 'ਸਤੀ ਪ੍ਰਥਾ' ਅਨੁਸਾਰ ਪਤੀ ਦੀ ਦੇਹ ਨਾਲ ਸੜਨ ਦੀ ਮਾਨਤਾ ਨੂੰ ਨਕਾਰਦੇ ਹੋਏ ਸੀਲ-ਸੰਜਮ ਧਾਰਨ ਕਰਨ ਅਤੇ ਪ੍ਰਭੂ ਰੂਪ ਪਤੀ ਦੀ ਆਗਿਆ ਮੰਨਣ ਉੱਤੇ ਬਲ ਦਿੱਤਾ ਹੈ:

*ਜਲੈ ਨ ਪਾਈਐ ਰਾਮ ਸਨੇਹੀ॥ ਕਿਰਤਿ ਸੰਜੋਗਿ ਸਤੀ ਉਠਿ ਹੋਈ॥੧॥ਰਹਾਉ॥*
*ਦੇਖਾ ਦੇਖੀ ਮਨਹਠਿ ਜਲਿ ਜਾਈਐ॥ ਪ੍ਰਿਅ ਸੰਗੁਨ ਪਾਵੈ ਬਹੁ ਜੋਨਿ ਭਵਾਈਐ ॥੨॥*
*ਸੀਲ ਸੰਜਮਿ ਪ੍ਰਿਅ ਆਗਿਆ ਮਾਨੈ॥ ਤਿਸੁ ਨਾਰੀ ਕਉ ਦੁਖੁ ਨ ਜਮਾਨੈ॥*
*ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ॥ ਧੰਨੁ ਸਤੀ ਦਰਗਹ ਪਰਵਾਨਿਆ॥*

ਇਸੇ ਪਰੰਪਰਾ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਅੱਗੇ ਵਧਾਇਆ। 'ਗੁਰੂ ਬਿਲਾਸ ਪਾਤਸ਼ਾਹੀ-੬' ਵਿਚ ਇਸਤਰੀ ਬਾਰੇ ਇਸ ਤਰ੍ਹਾਂ ਵਰਣਨ ਕੀਤਾ

ਗਿਆ ਹੈ:

*ਸੀਲ ਖਾਨ ਕੰਨਯਾ ਇਕ ਹੋਵੈ। ਪੁਤ੍ਰੀ ਬਿਨ ਜਗ ਗ੍ਰਿਹਸਤ ਵਿਗੋਵੈ।*
*ਜਬ ਐਸੇ ਬਚ ਸ੍ਰੀ ਗੁਰ ਕਹੇ। ਮਾਤ ਗੰਗ ਸੁਨ ਆਨੰਦ ਲਹੇ॥੧੦੨੧॥*[੭]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸ੍ਰੀ ਦਸਮ ਗ੍ਰੰਥ' ਵਿਚ ਇਸਤਰੀ ਨੂੰ ਇਕ ਪ੍ਰਚੰਡ ਮਹਾਂ-ਸ਼ਕਤੀ ਵਜੋਂ ਪੇਸ਼ ਕੀਤਾ ਹੈ। ਸਰਵ-ਪ੍ਰਥਮ ਇਹ ਦੱਸ ਦਿੱਤਾ ਹੈ ਕਿ ਵਾਸਤਵ ਵਿਚ ਦੇਵੀ ਰੂਪ ਵਿਚ ਅਵਤ੍ਰਣ ਉਸੇ ਪਾਰਬ੍ਰਹਮ ਦਾ ਹੈ, ਜਿਸ ਨੇ ਪੁਰਸ਼ ਰੂਪ ਵਿਚ ਸ੍ਰੀ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਵਿਚ ਆਪਣੀ ਸ਼ਕਤੀ ਪ੍ਰਗਟ ਕੀਤੀ। ਇੱਥੇ ਭਾਰਤੀ ਧਰਮ-ਦਰਸ਼ਨ ਵਿਚ ਸਥਾਪਿਤ ਪ੍ਰਕ੍ਰਿਤੀ-ਪੁਰਸ਼ ਦੀ ਦ੍ਵੈਤ ਅਤੇ ਨਾਰੀ-ਤਤ੍ਵ ਦੀ ਅਧੀਨਗੀ ਅਤੇ ਤੁਛਤਾ ਦੇ ਵਿਚਾਰ ਨੂੰ ਸਰਵਥਾ ਨਕਾਰ ਦਿੱਤਾ ਗਿਆ ਹੈ। ਸਗੋਂ ਇੱਕੋ ਸਰਬ-ਸ਼ਕਤੀਮਾਨ ਦੀ ਅਦ੍ਵੈ ਹੋਂਦ ਨੂੰ ਸਥਾਪਿਤ ਕਰ ਕੇ ਇਸਤਰੀ-ਪੁਰਸ਼ ਦੀ ਸਮਤਾ ਨੂੰ ਯੁਕਤੀ-ਸੰਗਤ ਆਧਾਰ ਦੇ ਦਿੱਤਾ ਹੈ। ਉਨ੍ਹਾਂ ਨੇ ਦੇਵੀ-ਤਤ੍ਵ ਨੂੰ ਪੁਰਸ਼-ਦੇਵ ਦੀ ਸੰਗਿਣੀ ਨਹੀਂ ਰਹਿਣ ਦਿੱਤਾ, ਬਲਕਿ ਪਰਮੇਸ਼ਰ, ਦੇਵੀ, ਨਾਰੀ ਅਤੇ ਸ਼ਸਤਰ ਨੂੰ ਅਜਿਹੀ ਦਿਵਯ ਸਮਰੂਪਤਾ ਪ੍ਰਦਾਨ ਕੀਤੀ ਹੈ ਕਿ ਇਸਤਰੀ ਵਿਚ ਤਲਵਾਰ, ਕਟਾਰ, ਤੁਪਕ ਹੋਣ ਦਾ ਸ੍ਵੈਮਾਣ ਜਾਗ੍ਰਿਤ ਹੋਣ ਦੀਆਂ ਪਰਿਪਕ ਸੰਭਾਵਨਾਵਾਂ ਨਿਰਮਿਤ ਹੋ ਗਈਆਂ। 'ਸ੍ਰੀ ਦਸਮ ਗ੍ਰੰਥ' ਵਿਚ ਇਸਤਰੀ ਦਾ ਜੀਵਨ ਕੇਵਲ ਪ੍ਰੇਮ ਤਕ ਹੀ ਸੀਮਤ ਨਹੀਂ, ਬਲਕਿ ਲੋੜ ਪੈਣ 'ਤੇ ਉਹ ਆਪਣੀ ਸੂਰਤਾ ਅਤੇ ਵੀਰਤਾ ਵੀ ਦਿਖਾਉਂਦੀ ਹੈ।[੮] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਇਸਤਰੀ ਸ਼ਾਸਕਾਂ ਦੀ ਜਨਮ-ਦਾਤੀ ਸੀ, ਉਹ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਪੁਰਸ਼ ਲਈ ਰਾਜ-ਸੱਤਾ ਪ੍ਰਦਾਤੀ ਹੋ ਗਈ। ਇੰਦਰ ਸਹਿਤ ਸਾਰੇ ਦੇਵ ਸਵਰਗ ਵਿੱਚੋਂ ਦੈਤਾਂ ਨੇ ਮਾਰ-ਕੁਟ ਕੇ ਭਜਾ ਦਿੱਤੇ, ਤਾਂ ਨਾਰੀ-ਸ਼ਕਤੀ ਨੇ ਦੈਤਾਂ ਦਾ ਨਾਸ਼ ਕਰ ਕੇ ਸੁਖ-ਪੂਰਵਕ ਰਾਜ ਕਰਨ ਲਈ ਪੁਰਸ਼-ਦੇਵਾਂ ਨੂੰ ਸਾਹਸ ਦਿੱਤਾ। ਇੱਥੇ ਉਸ ਦੀ ਪ੍ਰਸਤੁਤੀ ਨਾ ਕੇਵਲ ਸ਼ਕਤੀ-ਰੂਪ ਵਿਚ ਹੋਈ ਹੈ, ਬਲਕਿ ਉਹ ਇਕ ਅਜਿਹੀ ਮਹਾਦਾਨੀ ਅਤੇ ਤਿਆਗ ਦੀ ਪ੍ਰਤਿਮਾ ਵੀ ਹੋ ਨਿੱਬੜਦੀ ਹੈ, ਜੋ ਬਲਵਾਨ ਦੈਤਾਂ ਤੋਂ ਰਾਜ-ਸੱਤਾ ਖੋਹ ਸਕਦੀ ਹੈ, ਪਰ ਰਤਾ ਵੀ ਆਪ ਰਾਜ ਚਲਾਉਣ ਦੀ ਲਾਲਸਾ-ਗ੍ਰਸਤ ਨਹੀਂ ਹੈ, ਬਲਕਿ ਆਪਣੇ ਬਲ ਨਾਲ ਖੋਹਿਆ ਰਾਜ ਪੁਰਖ਼ ਦੇ ਹਵਾਲੇ ਕਰ ਦਿੰਦੀ ਹੈ। ਇਕ ਸੁੰਦਰੀ ਦਾ ਸੰਗਰਾਮੀਏ ਰੂਪ ਵਿਚ ਜਿੱਤਾਂ ਜਿੱਤਦੀ ਦਿਖਾਉਣ ਤੋਂ ਮਕਸਦ ਗੁਰੂ ਸਾਹਿਬ ਦਾ ਇਹੋ ਦੱਸਣਾ ਸੀ ਕਿ ਇਕ ਅਬਲਾ ਆਖੀ ਜਾਣ ਵਾਲੀ ਇਸਤਰੀ ਜੇਕਰ ਬੀਰਾਂਗਨਾ ਬਣ ਕੇ ਧਰਮ ਯੁੱਧ ਦੇ ਚਾਉ ਨਾਲ ਜੂਝੇ ਤਾਂ ਉਹ ਵੱਡੇ-ਵੱਡੇ ਅਭਿਮਾਨੀ ਦੈਤਾਂ ਨੂੰ ਪਛਾੜ ਕੇ ਇੰਦਰ ਵਰਗੇ ਦੇਵਤੇ ਨੂੰ ਜਿੱਤ ਦਿਵਾ ਸਕਦੀ ਹੈ।[੯] ਜਿਸ ਨੂੰ ਹਿੰਦੀ ਦੇ ਬਿਹਾਰੀ, ਕੇਸ਼ਵ, ਭਿਖਾਰੀ ਦਾਸ ਆਦਿ ਕਵੀਆਂ ਨੇ ਇਕ ਭੋਗ ਸਮਗਰੀ ਵਜੋਂ ਸ਼ਿੰਗਾਰੀ ਨਾਇਕਾ ਬਣਾ ਕੇ ਪੇਸ਼ ਕੀਤਾ ਹੈ, ਉਹੀ ਇਸਤਰੀ ਜਦੋਂ ਇਕ ਬੀਰਾਂਗਨਾ ਦਾ ਰੂਪ ਧਾਰਨ ਕਰਦੀ ਹੈ, ਤਾਂ

ਕਿਵੇਂ ਪਲਾਂ ਛਣਾਂ ਵਿਚ ਦੇਵਤਿਆਂ ਦੇ ਰਾਜੇ ਇੰਦ੍ਰ ਨੂੰ ਉਸ ਦੇ ਹਾਰੇ ਹੋਏ ਸੁਰਗਾਂ ਦੇ ਤਖਤ ਵਾਪਸ ਲੈ ਕੇ ਦਿੰਦੀ ਹੈ।[੧੦]

ਉਪਰੋਕਤ ਤੱਥ ਸ੍ਰੀ ਦਸਮ ਗ੍ਰੰਥ ਦੀਆਂ ਚੰਡੀ ਚਰਿਤ੍ਰ ਉਕਤਿ ਬਿਲਾਸ (੧), 'ਚੰਡੀ ਚਰਿਤ੍ਰ' (੨), 'ਚੰਡੀ ਦੀ ਵਾਰ', 'ਕ੍ਰਿਸ਼ਨਾਵਤਾਰ' ਅਤੇ 'ਚਰਿਤ੍ਰੋਪਾਖਿਯਾਨ' ਆਦਿ ਰਚਨਾਵਾਂ ਵਿਚ ਪਰਿਪਕ ਰੂਪ ਵਿਚ ਉਪਲਬਧ ਹਨ। ਪਹਿਲੀਆਂ ਤਿੰਨ ਰਚਨਾਵਾਂ ਸਮੁੱਚਿਤ ਰੂਪ ਵਿਚ ਅਤੇ ਕ੍ਰਿਸ਼ਨਾਵਤਾਰ ਦੇ ਵਿਸ਼ੇਸ਼ਤਰ 'ਰਾਸ ਲੀਲਾ' ਭਾਗ ਦਾ ਮੁੱਖ ਵਿਸ਼ਾ ਇਸਤਰੀ-ਚਿਤ੍ਰਣ ਹੀ ਹੈ। 'ਚਰਿਤ੍ਰੋਪਾਖਿਆਨ' ਵਿਚ ਨਾਰੀ ਦੀ ਸ਼ਕਤੀ ਅਤੇ ਉਸ ਦੀ ਪਵਿੱਤਰਤਾ ਬਿਆਨ ਕਰ ਕੇ ਫਿਰ ਉਪ-ਆਖਿਆਨ ਅਰਥਾਤ ਲਘੂ-ਕਥਾਵਾਂ ਦੁਆਰਾ ਇਹ ਸੰਦੇਸ਼ ਦਿੱਤਾ ਹੈ ਕਿ ਜੇ ਪੁਰਖ-ਸਮਾਜ ਉਸ ਨੂੰ ਵਿਲਾਸ ਦੀ ਵਸਤੂ ਬਣਾਵੇਗਾ, ਤਾਂ ਉਹੋ ਨਾਰੀ ਜੋ 'ਕਾਲ-ਪੁਰਖ' ਨਾਲ ਮਿਲ ਕੇ 'ਬਾਲਾ' ਰੂਪ ਵਿਚ ਸਤਿਯੁਗ ਸਿਰਜਣ ਦੇ ਸਮਰੱਥ ਹੈ, ਸਮਾਜ ਵਾਸਤੇ ਵਿਨਾਸ਼ਕਾਰੀ ਰੂਪ ਵੀ ਧਾਰਨ ਕਰਨ ਦੇ ਸਮਰੱਥ ਹੈ, ਕਿਉਂ ਜੋ ਕਿਸੇ ਤਰ੍ਹਾਂ ਵੀ ਉਸ ਦੀ ਪ੍ਰਤਿਭਾ ਅਤੇ ਅਸੀਮ ਸ਼ਕਤੀ ਨੂੰ ਦਬਾਇਆ ਨਹੀਂ ਜਾ ਸਕਦਾ। ਸਮਾਜ ਜੇ ਉਸ ਦੀ ਅਸੀਮ ਬੌਧਿਕ ਸਮਰੱਥਾ ਦਾ ਕਲਿਆਣਕਾਰੀ ਸਦਉਪਯੋਗ ਨਹੀਂ ਕਰਦਾ, ਤਾਂ ਉਸ ਦੀ ਸਮਰੱਥਾ ਨਸ਼ਟ ਨਹੀਂ ਹੋਵੇਗੀ, ਬਲਕਿ ਉਹ ਸਮਰੱਥਾ ਵਿਨਾਸ਼ਕਾਰੀ ਕਾਰਜਾਂ ਵਿਚ ਲਿਪਤ ਹੋ ਜਾਵਗੀ। ਜੇ ਪੁਰਸ਼-ਸਮਾਜ ਉਸ ਦੇ ਸੀਮਿਤ ਸਰੀਰਿਕ ਬਲ ਕਾਰਨ ਉਸ ਦਾ ਸ਼ੋਸ਼ਣ ਕਰਨ ਦੀ ਮਾਨਸਿਕਤਾ ਤੋਂ ਪ੍ਰਹੇਜ਼ ਨਹੀਂ ਕਰੇਗਾ ਅਤੇ ਉਸ ਦੀ ਸਮੁੱਚੀ ਸਮਰੱਥਾ ਦਾ ਉਪਯੋਗ ਨਿਰੋਗ ਸਮਾਜ ਦੀ ਸਿਰਜਣਾ ਵਾਸਤੇ ਨਹੀਂ ਕਰੇਗਾ, ਤਾਂ ਉਹ ਉਸ ਦੀ ਬੌਧਿਕ ਸਮਰੱਥਾ ਸਾਹਮਣੇ ਹਾਰ ਜਾਵੇਗਾ। ਉਸ ਨੂੰ ਅਧੀਨ ਰੱਖਣ ਦੇ ਵਿਨਾਸ਼ਕਾਰੀ ਪਰਿਣਾਮ ਸਮਾਜ ਨੂੰ ਭੁਗਤਣੇ ਪੈਣਗੇ। ਇਹ ਇਕ ਕ੍ਰਾਂਤੀਕਾਰੀ ਵਿਚਾਰ ਹੈ ਕਿ ਜਿਸ ਸਮਾਜ ਵਿਚ ਇਸਤਰੀ ਦੀ 'ਗੁਤ ਪਿੱਛੇ ਮੱਤ' ਦੱਸੀ ਜਾਂਦੀ ਸੀ, ਉਸ ਸਮਾਜ ਨੂੰ ਗੁਰੂ ਜੀ ਨੇ ਇਹ ਸੰਦੇਸ਼ ਦਿੱਤਾ ਕਿ ਇਸਤਰੀ ਦੀ ਬੌਧਿਕ ਸਮਰੱਥਾ ਪੁਰਸ਼ ਤੋਂ ਕਿਤੇ ਵਧੀਕ ਹੈ। ਅਸੀਂ ਵੇਖ ਸਕਦੇ ਹਾਂ ਕਿ 'ਸ੍ਰੀ ਦਸਮ ਗ੍ਰੰਥ' ਵਿਚ ਇਸਤਰੀ ਆਪਣੇ ਜਨਮ ਕਰ ਕੇ ਪਰਮੇਸ਼ਰ ਦਾ ਅਵਤਾਰ ਹੋ ਗਈ ਹੈ, ਆਪਣੀ ਸਰੀਰਿਕ ਸਮਰੱਥਾ ਕਾਰਨ ਇੰਦ੍ਰ ਜੈਸੇ ਪੁਰਸ਼ਾਂ ਤੋਂ ਬਲਵਾਨ ਹੈ, ਆਪਣੇ ਤਿਆਗ ਕਾਰਨ ਉਹ ਜਿੱਤੀ ਹੋਈ ਰਾਜ-ਸੱਤਾ ਪੁਰਸ਼ ਨੂੰ ਪ੍ਰਦਾਨ ਕਰ ਦੇਂਦੀ ਹੈ, ਆਪਣੀ ਪਵਿੱਤਰਤਾ ਕਾਰਨ ਉਹ ਸਦੀਵ ਰੂਪ ਵਿਚ ਬਾਲਾ (ਅਰਥਾਤ ਕਾਮ ਤੋਂ ਅਬੋਧ ਬਾਲਿਕਾ) ਹੈ ਅਤੇ ਆਪਣੀ ਅਸੀਮ ਬੌਧਿਕ ਸਮਰੱਥਾ ਕਾਰਨ ਉਹ ਚਤੁਰ ਪੁਰਸ਼ਾਂ ਨੂੰ ਵੀ ਮਾਤ ਦੇ ਦਿੰਦੀ ਹੈ। ਇਹੀ ਸਦਗੁਣੀ 'ਬਾਲਾ' ਸਿੱਖ ਧਰਮ ਵਿਚ 'ਕੌਰ' ਦਾ ਸਥਾਨ ਗ੍ਰਹਿਣ ਕਰਦੀ ਹੈ।[੧੧] ਗੁਰੂ ਜੀ ਨੇ ਇਹ ਦੱਸਣਾ ਸੀ ਕਿ ਨਾਰੀ ਕੇਵਲ ਗੋਪੀਆਂ ਵਾਂਗ ਕਾਮੁਕ ਰੂਪ ਵਾਲੀ ਹੀ ਨਹੀਂ, ਸਗੋਂ ਉਸ ਦਾ ਵਾਸਤਵਿਕ ਦੈਵੀ ਰੂਪ ਇਕ

ਸਦ-ਆਚਰਣ ਵਾਲੀ ਬਹਾਦਰ , ਭਗੌਤੀ ਵਾਂਗ ਤੇਜ਼ ਧਾਰ ਵਾਲੀ ਅਤੇ ਪਵਿੱਤ੍ਰ ਦੇਵੀ ਵਾਲਾ ਹੈ।[੧੨] ਸ੍ਰੀ ਦਸਮ ਗ੍ਰੰਥ ਵਿਚ ਇਸਤਰੀ ਦਾ ਦੈਵੀ ਪਵਿੱਤ੍ਰ ਰੂਪ, ਉਸ ਦੀ ਅਸੀਮ ਸਰੀਰਿਕ ਅਤੇ ਬੌਧਿਕ ਸਮਰੱਥਾ, ਜੀਵਨ ਦੇ ਹਰ ਖੇਤਰ ਵਿਚ ਉਸ ਦਾ ਯੋਗਦਾਨ, ਸਮਾਜ ਵਿਚ ਉਸ ਦਾ ਵਿਕ੍ਰਿਤ ਰੂਪ ਅਤੇ ਗੁਰੂ ਜੀ ਦੁਆਰਾ ਚਿਤ੍ਰਿਤ ਕ੍ਰਾਂਤੀਕਾਰੀ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਅਨੇਕਾਂ ਪ੍ਰਸੰਗਾਂ ਦੁਆਰਾ ਇਸਤਰੀ ਦੇ ਆਦਰਸ਼, ਸਦਾਚਾਰ, ਪ੍ਰੇਮ ਅਤੇ ਬੀਰਤਾ ਨੂੰ ਬੜੇ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ ਹੈ :

*ਕੁੰਕਮ ਦੇ ਘਨਸਾਰ ਦੈ ਯੌ ਸ੍ਰਵਨਨ ਸੁਨ ਪਾਇ।*
*ਮਤੋ ਬੈਠਿ ਦੁਹੂੰਅਨਿ ਕਿਯੋ ਜੁਝਿ ਮਰਨਿ ਕੇ ਭਾਇ॥੧੩॥*
*ਜੋ ਹਮਰੇ ਪਤਿ ਲਰਿ ਮਰੇ ਸਮੁਹ ਬਦਨ ਬ੍ਰਿਣ ਖਾਇ।*
*ਤੌ ਹਮ ਹੂੰ ਸਭ ਲਰਿ ਮਰੈ ਨਰ ਕੋ ਭੇਖ ਬਨਾਇ॥੧੪॥*[੧੩]

ਵੀਰ ਅਤੇ ਸਾਹਸੀ ਇਸਤਰੀ ਪ੍ਰਤੀ ਗੁਰੂ ਜੀ ਦਾ ਦ੍ਰਿਸ਼ਟੀਕੋਣ ਅਤਿਅੰਤ ਸ਼ਰਧਾਪੂਰਨ ਹੈ। ਗੁਰੂ ਜੀ ਐਸੀ ਬੀਰਾਂਗਨਾ ਦੀ ਪ੍ਰਸੰਸਾ ਕਰਦੇ ਨਹੀਂ ਥੱਕਦੇ:[੧੪]

*-ਪ੍ਰੀਤਿ ਪਿਯਾ ਕੇ ਜੇ ਲਰੀ ਧੰਨਿ ਧੰਨਿ ਤੇ ਨਾਰਿ।*
*ਪੂਰਿ ਰਹਿਯੋ ਜਸੁ ਜਗਤ ਮੈ ਸੁਰ ਪੁਰ ਬਸੀ ਸੁਧਾਰ॥੨੧॥*[੧੫]
*ਤੁਹੀ ਰਾਜਸੀ ਸਾਤਕੀ ਤਾਮਸੀ ਹੈ॥ ਤੁਹੀ ਬਾਲਕਾ ਬ੍ਰਿਧਣੀ ਅਉ ਜੁਆ ਹੈ॥*
*-ਤੁਹੀ ਦਾਨਵੀ ਦੇਵਣੀ ਜਛਣੀ ਹੈ॥ ਤੁਹੀ ਕਿੰਨਣੀ ਮਛਣੀ ਕਛਣੀ ਹੈ॥*[੧੬]
*-ਤਾਰਨ ਲੋਕ ਉਧਾਰਨ ਭੂੰਮਹਿ ਦੈਤ ਸੰਘਾਰਨ ਚੰਡ ਤੁਹੀ ਹੈ॥*
*ਕਾਰਨ ਈਸ ਕਲਾ ਕਮਲਾ ਹਰਿ ਅਦ੍ਰਸੁਤਾ ਜਹਾ ਦੇਖੌ ਉਹੀ ਹੈ॥*[੧੭]

ਉਪਰੋਕਤ ਪ੍ਰਸੰਗਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਸਿੱਖ ਧਰਮ ਦੇ ਸਿਧਾਂਤਾਂ ਵਿਚ ਇਸਤਰੀ ਦਾ ਵਿਸ਼ੇਸ਼ ਰੁਤਬਾ ਹੈ। ਬਿਨਾਂ ਸ਼ੱਕ ਜੋ ਸਿਧਾਂਤਕ ਰੂਪ ਵਿਚ ਇਸਤਰੀ ਨੂੰ ਰੁਤਬਾ ਦਿੱਤਾ ਹੈ ਕਿਸੇ ਹੱਦ ਤੀਕ ਵਾਸਤਵ ਰੂਪ ਵਿਚ ਮਿਲਿਆ ਹੀ ਹੈ।

ਇਸਤਰੀ ਦੀ ਜੋ ਮਹਿਮਾ ਸਿੱਖ ਧਰਮ ਵਿਚ ਹੈ, ਉਸ ਦਾ ਕੋਈ ਧਰਮ ਜਾਂ ਫ਼ਲਸਫ਼ਾ ਸਾਨੀ ਨਹੀਂ ਹੋ ਸਕਦਾ। ਅਜੋਕੇ ਸਮੇਂ ਵਿਚ ਵਿਸ਼ੇਸ਼ ਤੌਰ 'ਤੇ ਭਾਰਤੀ ਸਮਾਜ ਵਿਚ ਆਮ ਇਸਤਰੀ ਦੀ ਸਥਿਤੀ ਨੂੰ ਵੇਖਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਇਸ ਆਧੁਨਿਕ ਵਿਗਿਆਨਿਕ ਸਮਾਜ ਵਿਚ ਇਸਤਰੀ ਪ੍ਰਤੀ ਅਸਭਯ ਵਿਵਹਾਰ ਦੀਆਂ ਘਟਨਾਵਾਂ ਬਹੁ-ਵਿਆਪਕ ਹਨ। ਇਨ੍ਹਾਂ ਨੂੰ ਨਿਯੰਤ੍ਰਿਤ ਕਰਨ ਵਿਚ ਸਿੱਖ ਪੰਥ ਨੇ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਜ਼ਰੂਰਤ ਹੈ, ਅਜੋਕੇ ਸਮੇਂ ਵਿਚ ਗੁਰੂ ਸਾਹਿਬਾਨ ਦੇ ਹੁਕਮਾਂ ਅਨੁਸਾਰ ਚੱਲਣ ਦੀ, ਜਿਸ ਨਾਲ ਇਸਤਰੀ ਨੂੰ ਆਪਣਾ ਸਥਾਨ ਮਿਲ ਸਕੇ ਅਤੇ ਹੋ ਰਹੀਆਂ ਮੰਦ-ਭਾਗੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ। ਗੁਰੂ ਸਾਹਿਬਾਨ ਦੇ ਹੁਕਮ ਅਜੋਕੇ ਯੁੱਗ ਵਿਚ ਇਸਤਰੀ ਲਈ ਇਕ ਕ੍ਰਾਂਤੀ ਦੀ ਭਾਂਤੀ ਹਨ। ਜਿਨ੍ਹਾਂ ਨੂੰ

ਅਪਣਾ ਕੇ ਇਕ ਵਧੀਆ ਅਤੇ ਉਸਾਰੂ ਸਮਾਜ ਸਿਰਜਿਆ ਜਾ ਸਕਦਾ ਹੈ।

**ਹਵਾਲੇ :**


੧. ਡਾ. ਪੀਤਾਂਬਰ ਦੱਤ ਬੜਥਵਾਲ, *ਗੋਰਖਬਾਣੀ*, ਭਾਸ਼ਾ ਵਿਭਾਗ, ਪੰਜਾਬ, ੧੯੬੩, ਪੰਨਾ ੧੪੯.

੨. ਗੰਗਾਨਾਥ ਝਾ, (ਸੰਪਾ.), *ਮਨੂੰ ਸਮ੍ਰਿਤੀ ਭਾਗ ਪਹਿਲਾ*, ਪਰਿਮਲ ਪਬਲੀਕੇਸ਼ਨ, ਦਿੱਲੀ, ੧੯੯੨, ਪੰਨਾ ੪੯੯.

੩. ਸੰਤ ਸਿੰਘ ਟੀਕਾਕਾਰ, *ਰਾਮ ਚਰਿਤ ਮਾਨਸ* ਕ੍ਰਿਤ ਤੁਲਸੀਦਾਸ ਸਟੀਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਹੱਥ ਲਿਖਤ ਖਰੜ੍ਹਾ, ਪੱਤਰਾ ੭੦.

੪. *ਸ੍ਰੀ ਗੁਰੂ ਗ੍ਰੰਥ ਸਾਹਿਬ*, ੪੭੩.

੫. ਉਹੀ, ੭੯੭.

੬. *ਸ੍ਰੀ ਗੁਰੂ ਗ੍ਰੰਥ ਸਾਹਿਬ*, ੧੯੫.

੭. ਗੁਰਮੁਖ ਸਿੰਘ, (ਸੰਪਾ.), *ਗੁਰਬਿਲਾਸ ਪਾਤਸ਼ਾਹੀ-੬* ਕ੍ਰਿਤ ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੭, ਪੰਨਾ ੩੪੭.

੮. ਸ. ਸ. ਅਮੋਲ, *ਏਕ ਮੂਰਤ ਅਨੇਕ ਦਰਸਨ*, ਲਾਇਲਪੁਰ ਖਾਲਸਾ ਕਾਲਜ, ਜਲੰਧਰ, ੧੯੬੭, ਪੰਨਾ ੧੩੧.

੯. ਪਿਆਰਾ ਸਿੰਘ ਪਦਮ, *ਦਸਮ ਗ੍ਰੰਥ ਦਰਸ਼ਨ*, ਕਲਮ ਮੰਦਿਰ, ਪਟਿਆਲਾ, ਪੰਜਵੀਂ ਵਾਰ, ੨੦੦੮, ਪੰਨਾ ੧੦੨.

੧੦. ਸਵਾਮੀ ਬ੍ਰਹਮਦੇਵ ਉਦਾਸੀ, *ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਚਰਿਤ੍ਰੋਪਖਿਆਨ*, ਸੰਤ ਸਿਪਾਹੀ ਪਤ੍ਰਿਕਾ, ਨਵੰਬਰ ੨੦੦੮, ਪੰਨਾ ੨੫.

੧੧. ਡਾ. ਹਰਭਜਨ ਸਿੰਘ, *ਸ਼੍ਰੀ ਦਸਮ ਗ੍ਰੰਥ ਸਾਹਿਬ (ਕਰਤਾ ਸੰਬੰਧੀ ਵਿਵਾਦ ਦੀ ਪੁਨਰ-ਸਮੀਖਿਆ)*, ਬਿਬੇਕ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, ੨੦੦੯, ਪੰਨਾ ੯੭.

੧੨. ਉਹੀ, ਪੰਨਾ ੫੭.

੧੩. *ਦਸਮ ਗ੍ਰੰਥ*, ਚਰਿਤ੍ਰੋਪਾਖਿਯਾਨ, ਚਰਿਤ੍ਰ ੧੨੨, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਹੱਥ ਲਿਖਤ ਖਰੜ੍ਹਾ, ਪੱਤਰਾ ੪੭੪.

੧੪. ਸ. ਸ. ਅਮੋਲ, *ਏਕ ਮੂਰਤ ਅਨੇਕ ਦਰਸਨ*, ਲਾਇਲਪੁਰ ਖਾਲਸਾ ਕਾਲਜ, ਜਲੰਧਰ, ੧੯੬੭, ਪੰਨਾ ੧੩੨.

੧੫. *ਦਸਮ ਗ੍ਰੰਥ*, ਚਰਿਤ੍ਰੋਪਾਖਿਯਾਨ, ਚਰਿਤ੍ਰ ੧੨੨, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਹੱਥ ਲਿਖਤ ਖਰੜ੍ਹਾ, ਪੱਤਰਾ ੪੭੪.

੧੬. *ਦਸਮ ਗ੍ਰੰਥ*, ਕ੍ਰਿਸ਼ਨਾਵਾਤਾਰ, ਛੰਦ ੪੨੮, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਹੱਥ ਲਿਖਤ ਖਰੜ੍ਹਾ, ਪੱਤਰਾ ੧੪੫.

੧੭. *ਦਸਮ ਗ੍ਰੰਥ*, ਚੰਡੀ ਚਰਿਤ ਉਕਤ ਬਿਲਾਸ, ਸ੍ਵੈਯਾ ਦੂਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਹੱਥ ਲਿਖਤ ਖਰੜ੍ਹਾ, ਪੱਤਰਾ ੩੫. ■

# ਸਾਚੇ ਤੇ ਪਵਨਾ ਭਇਆ

*-ਸ. ਬਲਵਿੰਦਰ ਸਿੰਘ 'ਗੰਭੀਰ'**

ਗੁਰਬਾਣੀ ਵਿਚ ਪਵਣ/ਪਵਨ ਨੂੰ ਸਿਰਮੌਰ ਸਥਾਨ ਹਾਸਲ ਹੈ। ਪਵਣ ਗੁਰੂ ਹੈ। ਜੀਵ-ਮੰਡਲ ਦੀ ਹੋਂਦ ਵਾਸਤੇ ਭਾਵੇਂ ਹੋਰ ਤੱਤ ਵੀ ਜ਼ਰੂਰੀ ਹਨ ਪਰ ਪਵਣ/ਹਵਾ/ ਵਾਯੂ ਸਿਰਮੌਰ ਹੈ। ਸਭ ਤੋਂ ਪਹਿਲਾਂ ਸਾਚੇ ਤੋਂ ਪਵਣ/ਵਾਯੂ-ਮੰਡਲ ਪੈਦਾ ਹੋਇਆ, ਫਿਰ ਪਵਨੇ ਤੋਂ ਜਲ ਅਤੇ ਜਲ ਤੋਂ ਆਕਾਰ ਪੈਦਾ ਹੋਏ। ਇਸ ਤਰ੍ਹਾਂ ਪਰਮਾਤਮਾ ਨੇ ਇਹ ਤ੍ਰਿਭਵਣ ਸਾਜਿਆ ਅਤੇ ਸਾਰੇ ਪਸਾਰੇ ਵਿਚ ਆਪਣੀ ਜੋਤ ਟਿਕਾ ਦਿੱਤੀ। ਉਹ ਅਫੁਰ ਤੋਂ ਸਫੁਰ ਅਵਸਥਾ ਵਿਚ ਆ ਗਿਆ। ਇਹ ਪਵਨ ਹੀ ਹੈ ਜਿਸ ਨੇ ਸਗਲ ਆਕਾਰ ਨੂੰ ਪਰੋ ਕੇ ਰੱਖਿਆ ਹੈ। ਇਸ ਤਰ੍ਹਾਂ ਵਾਯੂ-ਮੰਡਲ ਹੀ ਜੀਵ-ਮੰਡਲ ਦਾ ਆਧਾਰ ਹੈ। ਪਵਨ ਨੇ ਹੀ ਸਭ ਜੀਵਾਂ ਅੰਦਰ ਵਾਜਾ ਵਜਾਇਆ ਹੈ। ਮਾਲਕ ਦੇ ਦਰ 'ਤੇ ਹਜ਼ਾਰਾਂ ਨਾਦ ਵੱਜਦੇ ਹਨ। ਪਵਣ ਗੁਰੂ ਹੈ। ਪਵਣ ਪੌਣ ਪ੍ਰਭੂ ਦੇ ਮਿਲਾਪ ਦਾ ਸਾਧਨ ਵੀ ਹੋ ਨਿਬੜਦੀ ਹੈ ਕਿਉਂਕਿ ਪਵਣ ਕਰਕੇ ਹੀ ਬੋਲਣਾ ਹੈ। ਮਿੱਠੀ ਬੋਲੀ ਬੋਲ ਕੇ, ਉਸ ਦਾ ਨਾਮ-ਸਿਮਰਨ ਕਰ ਕੇ ਹੀ ਉਸ ਦੇ ਦਰ 'ਤੇ ਪ੍ਰਵਾਨ ਹੋਈਦਾ ਹੈ। "*ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥* ਇਹ ਠੀਕ ਹੈ ਕਿ ਇਸ ਦੇ ਨਾਲ ਅੰਦਰ ਦੀ ਸ਼ੁੱਧਤਾ ਵੀ ਜ਼ਰੂਰੀ ਹੈ। ਸੋ ਪਵਣ ਮਾਧਿਅਮ ਹੈ ਬੋਲਣ ਦਾ। ਵੱਖ-ਵੱਖ ਧਰਮਾਂ ਵਿਚ ਪਰਮਾਤਮਾ ਦੇ ਦਰ 'ਤੇ ਪ੍ਰਵਾਨ ਹੋਣ ਦਾ ਸਾਧਨ ਵੱਖ-ਵੱਖ ਤੱਤਾਂ ਨੂੰ ਬਣਾਇਆ ਗਿਆ ਹੈ ਜਿਵੇਂ ਕਿ— ਯੋਗ ਮੱਤ, ਜੈਨ ਮੱਤ ਅਤੇ ਸੂਫੀਆਂ ਵਿਚ ਅਗਨ ਨੂੰ ਆਧਾਰ ਬਣਾਇਆ ਗਿਆ ਹੈ। ਰਿਸ਼ੀ-ਮੁਨੀ ਪਾਣੀ ਨੂੰ ਆਧਾਰ ਮੰਨਦੇ ਹਨ। ਮੁਹੰਮਦ ਸਾਹਿਬ ਜੀ ਖਾਕ ਨੂੰ ਆਧਾਰ ਮੰਨਦੇ ਹਨ ਪਰ ਗੁਰਮਤਿ ਵਿਚ ਪਵਣ ਨੂੰ ਆਧਾਰ ਬਣਾਇਆ ਗਿਆ ਹੈ। ਇੱਥੇ ਪਵਣ/ਵਾਯੂ-ਮੰਡਲ ਸਿਰਮੌਰ ਹੈ। ਇਸ ਤੋਂ ਬਿਨਾਂ ਜੀਵ-ਮੰਡਲ ਦੀ ਹੋਂਦ ਹੋ ਹੀ ਨਹੀਂ ਸਕਦੀ। ਗੁਰਬਾਣੀ ਵਿਚ ਥਾਂ-ਪੁਰ-ਥਾਂ ਵਾਯੂ-ਮੰਡਲ, ਪਵਣ ਦੀ ਮਹੱਤਤਾ ਨੂੰ ਦਰਸਾਉਂਦੀਆਂ ਪੰਕਤੀਆਂ ਵੇਖੀਆਂ ਜਾ ਸਕਦੀਆਂ ਹਨ :

*-ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮)*

*-ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਹਾਇਦਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੩)*

*-ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ ॥*
*ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੫)*

**ਹਾਊਸ ਨੰ: ੧੯੧, ਬੈਕਸਾਈਡ: ਸੰਸਕ੍ਰਿਤੀ ਸਕੂਲ, ਬਲਾਕ-ਸੀ, ਗ੍ਰੇਟਰ ਕੈਲਾਸ਼, ਬਟਾਲਾ- ੧੪੩੫੦੫; ਗੁਰਦਾਸਪੁਰ। ਮੋ. +੯੧੯੪੬੪੭-੫੬੭੯੧*

*-ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭)*

*-ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੯)*

*-ਪਵਨਿ ਪਰੋਇਓ ਸਗਲ ਅਕਾਰਾ ਪਾਵਕ ਕਾਸਟ ਸੰਗੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩੫)*

ਇਸ ਹਥਲੇ ਲੇਖ ਵਿਚ ਪਵਣ, ਵਾਯੂ-ਮੰਡਲ ਦੀ ਚਰਚਾ ਕੀਤੀ ਜਾਵੇਗੀ। ਵਾਯੂ-ਮੰਡਲ ਜੋ ਜੀਵ-ਮੰਡਲ ਦਾ ਆਧਾਰ ਹੈ, ਅੱਜ ਖ਼ਤਰੇ ਵਿਚ ਹੈ। ਅਸੀਂ ਕਈ ਲੇਖਾਂ ਵਿਚ ਧਰਤੀ, ਪਾਣੀ ਅਤੇ ਪ੍ਰਕਿਰਤੀ ਤੇ ਕੁਦਰਤ ਬਾਰੇ ਗੱਲ ਕਰ ਚੁੱਕੇ ਹਾਂ। ਇਸ ਲੇਖ ਵਿਚ ਵਾਯੂ-ਮੰਡਲ, ਇਸ ਦੀਆਂ ਪਰਤਾਂ ਅਤੇ ਖਾਸ ਕਰ 'ਓਜ਼ੋਨ' ਪਰਤ ਬਾਰੇ ਗੱਲ ਕੀਤੀ ਜਾਵੇਗੀ। ਵਾਯੂ-ਮੰਡਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਾਰਕਾਂ ਤੇ ਇਸ ਨੂੰ ਸੁਰੱਖਿਅਤ ਰੱਖਣ ਵਾਲੇ ਨੁਕਤਿਆਂ ਦੀ ਚਰਚਾ ਕੀਤੀ ਜਾਵੇਗੀ। ਜਦੋਂ ਇਹ ਧਰਤੀ ਹੋਂਦ ਵਿਚ ਆਈ ਤਾਂ ਸਭ ਤੋਂ ਪਹਿਲਾਂ ਵਾਯੂ-ਮੰਡਲ ਹੀ ਹੋਂਦ ਵਿਚ ਆਇਆ ਸੀ। ਇਸ ਲਈ ਪਵਣ, ਵਾਯੂ-ਮੰਡਲ ਸਿਰਮੌਰ ਹੈ, ਪਵਣ ਤਾਂ ਗੁਰੂ ਹੈ।

ਸਾਡੀ ਧਰਤੀ ਹਵਾ ਦੇ ਗਿਲਾਫ਼ ਨਾਲ ਘਿਰੀ ਹੋਈ ਹੈ। ਇਸ ਹਵਾਈ ਗੋਲੇ ਦਾ ਨਾਮ ਹੀ ਵਾਯੂ-ਮੰਡਲ ਹੈ। ਸੂਰਜ ਪਰਵਾਰ ਦੇ ਹੋਰ ਗ੍ਰਹਿਆਂ (ਕੇਵਲ ਬੁੱਧ ਗ੍ਰਹਿ ਅਤੇ ਉਪ-ਗ੍ਰਹਿਆਂ ਨੂੰ ਛੱਡ ਕੇ) ਦੇ ਦੁਆਲੇ ਵੀ ਵਾਯੂ ਮੰਡਲ ਹੈ। ਧਰਤੀ ਦੇ ਦੁਆਲੇ ਵਾਯੂ-ਮੰਡਲ ਲੱਗਭਗ ੧੬੦੦ ਕਿ. ਮੀ. ਤਕ ਹੈ। ਪਰ ੯੯% ਹਵਾ ੩੨ ਕਿ. ਮੀ. ਦੇ ਘੇਰੇ ਵਿਚ ਹੀ ਹੈ। ਧਰਤੀ ਉੱਪਰ ਹਵਾ ਜ਼ਮੀਨ ਅਤੇ ਪਾਣੀ ਨਾਲ ਮਿਲ ਕੇ ਜੀਵ-ਮੰਡਲ ਅਤੇ ਪੇੜ-ਪੌਦਿਆਂ ਦੀ ਉਤਪਤੀ ਅਤੇ ਪਾਲਣ-ਪੋਸ਼ਣ ਦਾ ਕੰਮ ਕਰਦੀ ਹੈ। ਵਾਯੂ-ਮੰਡਲ ਧਰਤੀ ਦੁਆਲੇ ਇਕ ਕੰਬਲ ਤੇ ਪੌਣੀ (ਛਾਨਣੀ) ਦਾ ਕੰਮ ਕਰਦਾ ਹੈ। ਇਹ ਧਰਤੀ ਨੂੰ ਉੱਚੇ ਤਾਪਮਾਨ ਅਤੇ ਸੂਰਜ ਦੀਆਂ ਨੁਕਸਾਨ ਪਹੁੰਚਾਉਣ ਵਾਲੀਆਂ ਕਿਰਨਾਂ ਤੋਂ ਰੱਖਿਆ ਕਰਦਾ ਹੈ ਭਾਵ ਬਚਾਉਂਦਾ ਹੈ। ਵਾਯੂ-ਮੰਡਲ ਵਿਚ ਕਈ ਤਰ੍ਹਾਂ ਦੀਆਂ ਗੈਸਾਂ ਹੁੰਦੀਆਂ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| | |
|---|---|
| ੧. ਨਾਈਟ੍ਰੋਜਨ | ੭੮.੦੩% |
| ੨. ਆਕਸੀਜਨ | ੨੦.੯੯% |
| ੩. ਕਾਰਬਨ-ਡਾਈਆਕਸਾਈਡ | .੦੩% |
| ੪. ਆਰਗਨ | .੯੪% |
| ੫. ਹਾਈਡ੍ਰੋਜਨ | .੦੧% |

'ਨਾਈਟ੍ਰੋਜਨ' ਵਧੇਰੇ ਕਰਕੇ ਵਾਯੂ-ਮੰਡਲ ਦੀਆਂ ਹੇਠਲੀਆਂ ਤਹਿਆਂ ਵਿਚ ਹੈ

ਅਤੇ ਵੇਲ-ਬੂਟਿਆਂ ਨੂੰ ਮਰਨ ਤੋਂ ਬਚਾਉਂਦੀ ਹੈ। 'ਆਕਸੀਜਨ' ਦੂਜੀ ਮਹੱਤਵਪੂਰਨ ਗੈਸ ਹੈ ਜੋ ਜੀਤ-ਜੰਤੂਆਂ ਦੀ ਰੱਖਿਆ ਕਰਦੀ ਹੈ। 'ਕਾਰਬਨ' ਤੀਸਰੀ ਮਹੱਤਵਪੂਰਨ ਗੈਸ ਹੈ ਜੋ ਵੇਲ-ਬੂਟਿਆਂ ਦੀ ਉਸੇ ਤਰ੍ਹਾਂ ਹੀ ਪਾਲਣਾ ਕਰਦੀ ਹੈ ਜਿਵੇਂ ਕਿ ਆਕਸੀਜਨ ਜੀਵ-ਜਾਤੀ ਦੀ। ਇਹ ਧਰਤੀ ਦੁਆਲੇ ਕੰਬਲ ਦਾ ਕੰਮ ਕਰਦੀ ਹੈ ਅਤੇ ਵਾਯੂ ਮੰਡਲ ਤੋਂ ਗਰਮੀ ਨੂੰ ਬਾਹਰ ਨਹੀਂ ਜਾਣ ਦਿੰਦੀ। ਵਾਯੂ-ਮੰਡਲ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ: ਅਸ਼ਾਂਤੀ ਮੰਡਲ (Traposphere), ਸਮਤਾਲ ਮੰਡਲ (Tropopause/stratophere) , ਅੱਧੋ ਮੰਡਲ (Mesosphere) ਅਤੇ ਤਪੋ-ਮੰਡਲ (Thermosphere) ਆਦਿ।

ਅਸ਼ਾਂਤੀ-ਮੰਡਲ ਸਭ ਤੋਂ ਹੇਠਲੀ ਪਰਤ ਹੈ। ਮੌਸਮ ਦੇ ਸਾਰੇ ਰੂਪਾਂ ਦੀ ਰਚਨਾ ਇਸੇ ਮੰਡਲ ਵਿਚ ਹੀ ਹੁੰਦੀ ਹੈ। ਸਮਤਾਪ-ਮੰਡਲ ਇਸ ਤੋਂ ਉਪਰਲੀ ਪਰਤ ਹੈ। ਓਜੋਨ ਪਰਤ ਏਸੇ ਮੰਡਲ ਵਿਚ ਹੀ ਪਾਈ ਜਾਂਦੀ ਹੈ। ਜੋ ਸੂਰਜ ਤੋਂ ਆਉਣ ਵਾਲੀਆਂ ਪਰਾਵੈਂਗਣੀ ਕਿਰਨਾਂ ਤੋਂ ਰੱਖਿਆ ਕਰਦੀ ਹੈ। ਜਿਹੜੀਆਂ ਜੀਵ-ਜਗਤ ਲਈ ਹਾਨੀਕਾਰਕ ਹੁੰਦੀਆਂ ਹਨ। ਓਜ਼ੋਨ ਪਰਤ ਇਨ੍ਹਾਂ ਨੂੰ ਆਪਣੇ ਵਿਚ ਸੋਖ ਲੈਂਦੀ ਹੈ। ਸਮਤਾਲ-ਮੰਡਲ ਤੋਂ ਉਪਰਲੀ ਤਹਿ ਨੂੰ ਅਧੋ-ਮੰਡਲ ਅਤੇ ਇਸ ਤੋਂ ਉਪਰਲੀ ਪਰਤ ਨੂੰ ਤਪੋ ਮੰਡਲ ਆਖਦੇ ਹਨ।

ਓਜ਼ੋਨ ($O_3$) ਪਰਤ ਦੀ ਵਿਸ਼ੇਸ਼ ਕਰਕੇ ਚਰਚਾ ਕਰਨੀ ਬਣਦੀ ਹੈ ਕਿਉਂਕਿ ਇਹ ਇਕ ਮਹੱਤਵਪੂਰਨ ਗੈਸ ਹੈ। ਇਸ ਪਰਤ ਦੀ ਖੋਜ ੧੯੧੩ ਈ. ਵਿਚ ਚਾਰਲਸ ਫੈਬਰੀ (Charles Fabri) ਅਤੇ ਹੈਨਰੀ ਬੋਸਾਨ (Henry Buisson) ਨੇ ਕੀਤੀ ਸੀ। ਇਸ ਦਾ ਨਿਰਮਾਣ ਸੂਰਜ ਦੀ ਗਰਮੀ ਨਾਲ ਹੁੰਦਾ ਹੈ। $O_2$ (ਆਕਸੀਜਨ) ਤੋਂ ੨ ੦ (ਦੋ ਆਕਸੀਜਨ ਰੇਡੀਕਲਜ਼) ਬਣਦੇ ਹਨ। ਇਸ ਤੋਂ ਬਾਅਦ ਇਹ ਫਿਰ ਸੂਰਜ ਦੀ ਗਰਮੀ ਨਾਲ ੨ ੦ (ਦੋ ਆਕਸੀਜਨ ਰੇਡੀਕਲਜ਼) $O_2$ (ਆਕਸੀਜਨ) ਨਾਲ ਕਿਰਿਆ ਕਰਕੇ $O_3$ (ਓਜ਼ੋਨ) ਬਣਦੀ ਹੈ। ਦਿਨ ਵੇਲੇ $O_3$ (ਓਜ਼ੋਨ) ਪਰਤ 'ਤੇ ਜਦੋਂ ਸੂਰਜ ਦੀਆਂ ਅਲਟਰਾ ਵਾਇਲਟ (UV) ਕਿਰਨਾਂ ਪੈਂਦੀਆਂ ਹਨ ਤਾਂ ਓਜ਼ੋਨ ਟੁੱਟ ਕੇ $O_2$+O ਵਿਚ ਬਦਲ ਜਾਂਦਾ ਹੈ। ਰਾਤ ਵੇਲੇ ਫਿਰ $O_2$+O ਮਿਲ ਕੇ $O_3$ (ਓਜ਼ੋਨ) ਬਣਾ ਲੈਂਦੇ ਹਨ। ਇਸ ਤਰ੍ਹਾਂ ਇਹ ਪ੍ਰਕਿਰਿਆ ਲਗਾਤਾਰ ਜਾਰੀ ਰਹਿੰਦੀ ਹੈ। ਇਸੇ ਕਰਕੇ ਇਸ ਨੂੰ ਰਸਾਇਣਿਕ ਮੰਡਲ ਵੀ ਆਖਦੇ ਹਨ।

ਇਹ ਓਜ਼ੋਨ ਪਰਤ ਸਾਡੀ ਧਰਤੀ ਦੇ ਬਚਾਅ ਲਈ ਅਤਿਅੰਤ ਜ਼ਰੂਰੀ ਹੈ। ਪਰ ਚਿੰਤਾ ਦੀ ਗੱਲ ਇਹ ਹੈ ਕਿ ਇਸ ਪਰਤ ਵਿਚ ਛੇਕ ਹੋ ਰਹੇ ਹਨ। ਸਭ ਤੋਂ ਪਹਿਲਾਂ ਓਜ਼ੋਨ ਛਲਣ/ਛੇਕ ਅੰਟਾਰਕਟਿਕਾ ਵਿਚ ੧੯੮੫ ਈ. ਵਿਚ ਸੈਟੇਲਾਈਟ NIMBUS7 ਦੁਆਰਾ ਵੇਖਿਆ ਗਿਆ ਸੀ। ਇਸ ਗੈਸ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਗੈਸਾਂ ਹਨ: CFC (ਕਲੋਰੋ ਫਲੋਰੋ ਕਾਰਬਨ), HCFC (ਹਾਈਡਰੋ ਕਲੋਰੋ ਫਲੋਰੋ ਕਾਰਬਨ), ਬਰੋਮੀਨ, ਹੈਲੋਜਨ, ਮਿਥਾਈਲ ਕਲੋਰੋਫਾਰਮ, ਕਾਰਬਨ ਟੈਟ੍ਰਾਕਲੋਰਾਈਡ,

ਮਿਥਾਈਲ ਕਲੋਰਾਈਡ, ਮਿਥਾਈਲ ਬਰੋਸਾਈਡ ਆਦਿ। ਇਨ੍ਹਾਂ ਗੈਸਾਂ ਦੇ ਸ੍ਰੋਤ ਹਨ: ਰੈਫਰਿੱਜਰੇਟਰ, ਏਅਰ ਕੰਡੀਸ਼ਨਰ ਅਤੇ ਉਦਯੋਗ ਆਦਿ।

ਹੁਣ ਚਿੰਤਾ ਦਾ ਵਿਸ਼ਾ ਇਹ ਹੈ ਕਿ ਇਹ ਵਾਯੂ-ਮੰਡਲ ਜੋ ਕਿ ਜੀਵ-ਮੰਡਲ ਦਾ ਆਧਾਰ ਹੈ, ਦਿਨ-ਬ-ਦਿਨ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। U.N.O. ਦੀ ਇਕ ਰਿਪੋਰਟ ਮੁਤਾਬਿਕ ਹਰੇਕ ਸਾਲ ੧੨ ਲੱਖ ਮਨੁੱਖ ਹਵਾ ਦੇ ਪ੍ਰਦੂਸ਼ਣ ਨਾਲ ਹੀ ਮਰ ਜਾਂਦੇ ਹਨ। ਹਵਾ ਦੇ ਪ੍ਰਦੂਸ਼ਣ ਕਾਰਨ ਹੀ ਪਸ਼ੂਆਂ, ਦਰੱਖਤਾਂ, ਗਲੇਸ਼ੀਅਰਾਂ ਅਤੇ ਹੋਰ ਕੁਦਰਤੀ ਸੋਮਿਆਂ 'ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ। ਸਿਫ਼ਾਰਸ਼ਾਂ ਤੋਂ ਵਧੇਰੇ ਖਾਦਾਂ ਅਤੇ ਕੀਟ-ਨਾਸ਼ਕ ਰਸਾਇਣਾਂ ਦੀ ਵਰਤੋਂ ਵੀ ਵਾਯੂ-ਮੰਡਲ ਲਈ ਹਾਨੀਕਾਰਕ ਹੈ। ਕਾਰਖਾਨਿਆਂ, ਮੋਟਰ-ਗੱਡੀਆਂ ਅਤੇ ਹਵਾਈ ਜਹਾਜ਼ਾਂ ਦਾ ਧੂੰਆਂ ਵੀ ਵਾਯੂ-ਮੰਡਲ ਨੂੰ ਨੁਕਸਾਨ ਪਹੁੰਚਾ ਰਹੇ ਹਨ। ਭਾਵੇਂ ਕਿ ਇਨ੍ਹਾਂ ਬਿਨਾਂ ਗੁਜ਼ਾਰਾ ਨਹੀਂ।

ਅੱਜ ਅਸੀਂ ਧਾਰਮਿਕ ਸਮਾਗਮਾਂ, ਦੀਵਾਲੀ ਅਤੇ ਦੁਸਹਿਰਾ ਆਦਿ ਤਿਉਹਾਰਾਂ 'ਤੇ ਬੇਬਹਾ ਆਤਿਸ਼ਬਾਜ਼ੀ ਦੀ ਵਰਤੋਂ ਕਰ ਰਹੇ ਹਾਂ ਜੋ ਕਿ ਸਾਡੇ ਜੀਵ-ਜੰਤੂਆਂ ਅਤੇ ਬਨਸਪਤੀ ਲਈ ਬਹੁਤ ਹੀ ਮਾਰੂ ਹੈ। ਇੱਥੇ ਪਿਛਲੇ ਸਾਲ ਬਟਾਲਾ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਪਟਾਕਾ ਫੈਕਟਰੀ ਵਿਚ ਵਾਪਰੀ ਘਟਨਾ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਪਿਛਲੇ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ-ਪੁਰਬ 'ਤੇ ਇਕ ਪਟਾਕਾ ਫੈਕਟਰੀ ਨੂੰ ਅੱਗ ਲੱਗਣ ਕਾਰਨ ਲੱਗਭਗ ਬਾਈ (੨੨) ਵਿਅਕਤੀ ਮਾਰੇ ਗਏ ਸਨ ਜੋ ਕਿ ਇਕ ਮੰਦਭਾਗੀ ਘਟਨਾ ਸੀ। ਇਸ ਤਰ੍ਹਾਂ ਅਸੀਂ ਹਜ਼ਾਰਾਂ ਟਨ ਕੂੜਾ-ਕਰਕਟ, ਕਚਰਾ ਆਦਿ ਹਵਾ ਵਿਚ ਸੁੱਟ ਕੇ ਵਾਯੂ-ਮੰਡਲ ਨੂੰ ਪ੍ਰਦੂਸ਼ਿਤ ਕਰਦੇ ਹਾਂ ਅਤੇ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ।

ਸਾਡੀਆਂ ਸਰਕਾਰਾਂ ਦੀਆਂ ਨਲਾਇਕੀਆਂ ਕਾਰਨ ਪਰਾਲੀ ਸਾਂਭਣ ਦੇ ਯੋਗ ਪ੍ਰਬੰਧਾਂ ਦੀ ਘਾਟ ਸਦਕਾ ਕਿਸਾਨ ਨੂੰ ਕਣਕ ਝੋਨੇ ਦੀ ਫਸਲ ਕੱਟਣ ਤੋਂ ਬਾਅਦ ਬਚਦੀ ਫ਼ਸਲੀ ਰਹਿੰਦ-ਖੂਹੰਦ ਨੂੰ ਮਜ਼ਬੂਰਨ ਅੱਗ ਲਾ ਕੇ ਸਾੜਨਾ ਪੈਂਦਾ ਹੈ, ਜਿਸ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ। ਖੇਤੀਬਾੜੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਝੋਨੇ ਦੀ ਕਾਸ਼ਤ ਤਕਰੀਬਨ ੨੯ ਲੱਖ ਹੈਕਟੇਅਰ ਰਕਬੇ ਵਿਚ ਕੀਤੀ ਜਾਂਦੀ ਹੈ, ਜਿਸ ਤੋਂ ਤਕਰੀਬਨ ੨੪ ਮਿਲੀਅਨ ਟਨ ਪਰਾਲੀ ਪੈਦਾ ਹੁੰਦੀ ਹੈ। ਇਸ ਨੂੰ ਅੱਗ ਲਾਉਣ ਨਾਲ ਤਕਰੀਬਨ ੦.੯੪ ਲੱਖ ਟਨ ਨਾਈਟ੍ਰੋਜਨ, ੦.੪੮ ਟਨ ਫਾਸਫੋਰਸ ਅਤੇ ੨.੬ ਲੱਖ ਟਨ ਪੁਟਾਸ਼ ਤੋਂ ਇਲਾਵਾ ਵੱਡੀ ਮਾਤਰਾ ਵਿਚ ਲਘੂ ਤੱਤਾਂ ਨੂੰ ਵੀ ਨਸ਼ਟ ਕਰ ਦਿੱਤਾ ਜਾਂਦਾ ਹੈ। ਪਰਾਲੀ ਨੂੰ ਅੱਗ ਲਾ ਕੇ ਸਾੜਨ ਨਾਲ ੨੪੪ ਲੱਖ ਟਨ ਜ਼ਹਿਰੀਲੀਆਂ, ਮੀਥੇਨ, ਨਾਈਟਰਸ ਆਕਸਾਈਡ ਆਦਿ ਪੈਦਾ ਹੁੰਦੀਆਂ ਹਨ ਜਿਸ ਕਾਰਨ ਖੰਘ, ਜ਼ੁਕਾਮ, ਤਪਦਿਕ, ਦਮਾ, ਐਲਰਜੀ, ਸਾਹ ਨਲੀ ਦਾ ਕੈਂਸਰ, ਗਲੇ ਦੀ ਖਰਾਬੀ, ਹਲਕਾ ਬੁਖਾਰ, ਸਿਰ ਦਰਦ, ਟਾਈਫਾਈਡ, ਫੇਫੜਿਆਂ 'ਚ ਨੁਕਸ, ਅੱਖਾਂ ਦੀ ਖਰਾਬੀ ਜਾਂ ਜਲਣ ਅਤੇ ਖਾਰਸ਼ ਆਦਿ ਬਿਮਾਰੀਆਂ ਫੈਲਦੀਆਂ ਹਨ। ਇਸ ਸਾਰੇ ਵਰਤਾਰੇ ਦੀਆਂ ਮੁੱਖ ਜ਼ਿੰਮੇਵਾਰ ਸਾਡੀਆਂ ਕਿਸਾਨ ਮਾਰੂ ਸਰਕਾਰਾਂ ਹਨ ਜੋ ਖੇਤੀ

ਸਹੂਲਤਾਂ ਵੱਲੋਂ ਅਵੇਸਲੀਆਂ ਅਤੇ ਬੇਈਮਾਨ ਹਨ।

ਵਾਤਾਵਰਣ/ਵਾਯੂ-ਮੰਡਲ ਵਿਚ ਬਦਲਾਅ ਕਾਰਨ ਪਹਿਲਾਂ ਹੀ ਕਿਤੇ ਸੋਕਾ ਅਤੇ ਕਿਤੇ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ। ਜੇ ਸਥਿਤੀ ਏਦਾਂ ਹੀ ਰਹੀ ਤਾਂ ਤਾਪਮਾਨ ਹੋਰ ਵਧ ਜਾਣ ਦੇ ਆਸਾਰ ਹਨ। ਇਸੇ ਕਰਕੇ ਬਹੁਤ ਸਾਰੀਆਂ ਜੀਵ-ਜਾਤੀਆਂ ਅਲੋਪ ਰਹੀਆਂ ਹਨ ਜਿਵੇਂ— ਉੱਲੂ, ਇੱਲਾਂ, ਬਾਜ਼ ਅਤੇ ਸ਼ਿਕਰੇ ਆਦਿ। ਵਿਗਿਆਨਕਾਂ ਦਾ ਮੰਨਣਾ ਹੈ ਕਿ ਜੇਕਰ ਇਸੇ ਤਰ੍ਹਾਂ ਵਾਯੂ ਮੰਡਲ ਪ੍ਰਦੂਸ਼ਣ ਵਧਦਾ ਰਿਹਾ ਤਾਂ ਓਜ਼ੋਨ ਪਰਤ ਇੰਨੀ ਕਮਜ਼ੋਰ ਪੈ ਜਾਵੇਗੀ ਕਿ ਇਸ ਦੀ ਮੁਰੰਮਤ ਨਹੀਂ ਹੋ ਸਕੇਗੀ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਹਵਾ/ਵਾਯੂ-ਮੰਡਲ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਕਿਵੇਂ ਜਾ ਸਕੇ? ਸਭ ਤੋਂ ਪਹਿਲਾਂ ਤਾਂ ਮੈਂ ਇਹ ਕਹਾਂਗਾ ਕਿ ਪਰਵਾਰ ਦਾ ਹਰੇਕ ਮੈਂਬਰ ਹਰ ਸਾਲ ਘੱਟੋ-ਘੱਟ ਪੰਜ ਰੁੱਖ ਜ਼ਰੂਰ ਲਗਾਵੇ। ਹਰ ਸਾਲ ਜੇ ਅਸੀਂ ਆਪਣਾ ਜਨਮ-ਦਿਨ ਮਨਾਉਣਾ ਹੀ ਹੈ ਤਾਂ ਉਸ ਦਿਨ ਆਪਣੇ ਹੱਥੀਂ ਪੰਜ ਰੁੱਖ ਜ਼ਰੂਰ ਲਗਾਏ ਜਾਣ। ਇਹ ਜਨਮ-ਦਿਨ ਮਨਾਉਣ ਦਾ ਇਕ ਵਧੀਆ ਤਰੀਕਾ ਹੈ। ਜਨਮ-ਦਿਨ ਤਾਂ ਹੀ ਮਨਾਏ ਜਾ ਸਕਣਗੇ ਜੇ ਸਾਡਾ ਸਰੀਰ ਨਿਰੋਗ ਹੈ, ਸਵੱਛ ਹੈ। ਇਸ ਤੋਂ ਵਧੀਆ ਜਨਮ-ਦਿਨ ਮਨਾਉਣ ਦਾ ਵਧੀਆ ਹੋਰ ਕੋਈ ਤਰੀਕਾ ਨਹੀਂ। ਰੁੱਖ ਲਗਾ ਕੇ ਗਰੀਨ ਦੀਵਾਲੀ ਮਨਾਈ ਜਾਵੇ। ਪਟਾਕੇ ਨਾ ਚਲਾਏ ਜਾਣ। ਵਿਆਹ-ਸ਼ਾਦੀ ਵਾਲੇ ਦਿਨ ਵੀ ਆਤਿਸ਼ਬਾਜ਼ੀ ਚਲਾਉਣ ਤੋਂ ਗੁਰੇਜ਼ ਕੀਤਾ ਜਾਵੇ। ਧੂੰਏਂ ਦਾ ਪ੍ਰਦੂਸ਼ਣ ਫੈਲਾਉਣ ਵਾਲਾ ਤਿਉਹਾਰ ਦੁਸਹਿਰਾ ਬਦਲਵੇਂ ਰੂਪ ਵਿਚ ਮਨਾਇਆ ਜਾਵੇ। ਦੂਸਰਾ, ਕਿਸਾਨਾਂ ਨੂੰ ਬੇਨਤੀ ਹੈ ਕਿ ਪਰਾਲੀ ਜਾਂ ਨਾੜ ਸਾੜਨ ਦੀ ਬਜਾਏ ਖੇਤ ਵਿਚ ਤਵੀਆਂ ਜਾਂ ਰੂਟਾਵੇਟਰ ਨਾਲ ਕੁਤਰ ਦਿੱਤੀ ਜਾਵੇ ਤਾਂ ਕਿ ਉਹ ਦੇਸੀ ਖਾਦ ਬਣੇ। ਇਸ ਵਿਚ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਕਿਸਾਨਾਂ ਦੀ ਇਸ ਕੰਮ ਵਿਚ ਕੁਝ ਮਾਇਕ ਸਹਾਇਤਾ ਵੀ ਕਰੇ। ਕੁਝ ਛੋਟੇ-ਛੋਟੇ ਯੂਨਿਟ ਕਾਗਜ਼ ਜਾਂ ਗੱਤਾ ਬਣਾਉਣ ਵਾਲੇ ਵੀ ਲਾਏ ਜਾ ਸਕਦੇ ਹਨ। ਸਮਾਗਮਾਂ 'ਤੇ ਚਾਹੇ ਉਹ ਕਿਸੇ ਵੀ ਕਿਸਮ ਦੇ ਹੋਣ ਆਤਿਸ਼ਬਾਜ਼ੀ ਚਲਾਉਣ ਦੀ ਮਨਾਹੀ ਹੋਣੀ ਚਾਹੀਦੀ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਵੱਧ ਤੋਂ ਵੱਧ ਦੇਸੀ ਰੂੜੀ ਦੀ ਵਰਤੋਂ ਕਰਨ ਜਿਵੇਂ— ਗੋਹਾ, ਕੁੱਕੜਾਂ ਦਾ ਮਲ-ਮੂਤਰ ਆਦਿ। ਇਸ ਨਾਲ ਫ਼ਸਲ ਵੀ ਦੁੱਗਣੀ ਤੇ ਸਰੀਰ ਵੀ ਤੰਦਰੁਸਤ ਰਹੇਗਾ। ਕਾਰਖਾਨੇ ਦੇ ਧੂੰਏਂ ਨੂੰ ਪ੍ਰਦੂਸ਼ਣ-ਰੋਕੂ ਯੰਤਰ ਲਗਾ ਕੇ ਜਾਂ ਹੋਰ ਕਿਸੇ ਤਰੀਕੇ ਨਾਲ ਖਾਰਜ ਕੀਤਾ ਜਾਵੇ। ਲੋਕਾਂ ਨੂੰ ਆਉਣ ਵਾਲੇ ਖ਼ਤਰਿਆਂ ਬਾਰੇ ਜਾਣੂ ਕਰਵਾਉਣ ਲਈ ਲੋਕ-ਚੇਤਨਾ ਮੁਹਿੰਮਾਂ ਵਿੱਢੀਆਂ ਜਾਣ।

$O_3$ (ਓਜ਼ੋਨ) ਪਰਤ ਦਾ ਖਾਸ ਧਿਆਨ ਰੱਖਣਾ ਬਣਦਾ ਹੈ। ਭਾਵੇਂ ਇਸ ਦੀ ਛਲਣਤਾ ਨੂੰ ਰੋਕਣ ਲਈ ਕਾਫੀ ਯਤਨ ਕੀਤੇ ਗਏ ਹਨ। ਜਿਵੇਂ ਕਿ ੧੯੮੫ ਈ. ਵਿਚ ਵਿਆਨਾ-ਸੰਮੇਲਨ ਜਾਂ ੧੬ ਸਤੰਬਰ, ੧੯੮੭ ਈ. ਨੂੰ ਮਾਨਟ੍ਰੀਅਲ ਪ੍ਰੋਟੋਕਾਲ ਸਮਝੌਤੇ ਆਦਿ। ਵਿਕਾਸਸ਼ੀਲ ਤੇ ਵਿਕਸਿਤ ਦੇਸ਼ਾਂ 'ਤੇ *CFC* ਅਤੇ ਟੈਟਰਾਕਲੋਰਾਈਡ

ਗੈਸਾਂ ਦੀ ਵਰਤੋਂ 'ਤੇ ਪਾਬੰਦੀ ਲਗਾਈ ਗਈ ਹੈ ਪਰ ਇਹ ਪਾਬੰਦੀ ਸਿਰਫ ਨਾਂ ਦੀ ਪਾਬੰਦੀ ਬਣ ਕੇ ਹੀ ਰਹਿ ਗਈ ਹੈ, ਅਜੇ ਬਹੁਤ ਕੁਝ ਕਰਨ ਦੀ ਲੋੜ ਹੈ।

ਵਰਤਮਾਨ ਸਮੇਂ ਕੋਵਿਡ-੧੯ (ਕੋਰੋਨਾ) ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹੁਣ ਮਨੁੱਖ-ਮਾਤਰ ਅੱਗੇ ਸਵਾਲ ਇਹ ਹੈ ਕਿ ਵਿਕਾਸ ਕਿਵੇਂ ਦਾ ਹੋਵੇ ਜੋ ਸਾਡੇ ਵਾਤਾਵਰਣ, ਧਰਤੀ, ਪਾਣੀ ਆਦਿ ਨੂੰ ਪ੍ਰਦੂਸ਼ਿਤ ਨਾ ਕਰੇ। ਨਹੀਂ ਤਾਂ ਇਸੇ ਤਰ੍ਹਾਂ ਮਨੁੱਖ ਨੂੰ ਭਿਆਨਕ ਬਿਮਾਰੀਆਂ ਤੇ ਮਹਾਂਮਾਰੀਆਂ ਘੇਰਦੀਆਂ ਰਹਿਣਗੀਆਂ ਅਤੇ ਮਨੁੱਖਤਾ ਦਾ ਘਾਣ ਹੁੰਦਾ ਰਹੇਗਾ। ਇਸ ਪ੍ਰਸ਼ਨ 'ਤੇ ਵਿਚਾਰ ਕਰਨ ਲਈ ਸਰਕਾਰਾਂ ਨੂੰ ਵਚਨਬੱਧ ਹੋਣਾ ਪਵੇਗਾ। ਆਓ, ਸਾਰੇ ਰਲ ਕੇ ਵਾਯੂ-ਮੰਡਲ, ਹਵਾ, ਪਵਣ ਦੇ ਬਚਾਅ ਲਈ ਰਲ ਕੇ ਯੋਗਦਾਨ ਪਾਈਏ ਅਤੇ ਗੁਰੂ ਸਾਹਿਬਾਨ ਦੇ ਦੱਸੇ ਮਾਰਗ 'ਤੇ ਚੱਲਦੇ ਹੋਏ, ਕੁਦਰਤ ਨਾਲ ਛੇੜਛਾੜ ਨਾ ਕਰਦੇ ਹੋਏ, ਇਸ 'ਤੇ ਤਰਸ ਕਰੀਏ ਤਾਂ ਕਿ ਸਾਡੀ ਵੀ ਹੋਂਦ ਕਾਇਮ ਰਹਿ ਸਕੇ। ਪਵਣ ਗੁਰੂ ਹੈ, ਪਾਣੀ ਪਿਤਾ ਹੈ, ਧਰਤੀ ਮਾਤਾ ਹੈ। ਇਨ੍ਹਾਂ ਨੂੰ ਸੁਰੱਖਿਅਤ ਰੱਖਣਾ ਵੀ ਸਿਮਰਨ ਹੈ ਕਿਉਂਕਿ ਕੁਦਰਤ ਵਿਚ ਹੀ ਤਾਂ ਕਾਦਰ ਵੱਸਦਾ ਹੈ। ■

ਕਵਿਤਾ

# ਕਰੂ ਕੌਣ ਕਿਰਸਾਣੀ ਕਾਰ

*-ਗਿਆਨੀ ਸੁਰਿੰਦਰ ਸਿੰਘ ਨਿਮਾਣਾ**

*ਹੋਈ ਖੜ੍ਹੀ ਐ ਪੱਬਾਂ ਭਾਰ।*
*ਮੋਈ ਮਰ-ਜਾਣੀ ਸਰਕਾਰ।*
*ਵੇਖੀਆਂ-ਡਿੱਠੀਆਂ ਵੰਨ-ਸੁਵੰਨੀਆਂ,*
*ਇਹ ਪਰ ਪੂਰੀ ਕਾਇਦਿਓਂ ਬਾਹਰ।*
*ਪਤਾ ਨਹੀਂ ਕੀ ਮਨ ਵਿਚ ਆਇਆ,*
*ਕਈ ਕੁਝ ਲਿਆ ਅਵੱਲਾ ਧਾਰ।*
*ਲੱਭਦੇ ਆਂ ਰਣਜੀਤ ਪਿਆਰਾ,*
*ਹਉਕੇ ਹਟਕੋਰੇ ਭਰ ਯਾਰ।*
*ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ,*
*ਅਵਾਮ ਖੜ੍ਹੋਊ ਕੀਹਦੇ ਭਾਰ?*
*ਬੈਠੀ ਖੇਤੀ ਮੰਨ ਵਪਾਰ,*
*ਕਰੂ ਕੌਣ ਕਿਰਸਾਣੀ ਕਾਰ।*
*ਅਖੇ! ਕਰੂੰ ਮੈਂ ਇਹਨੂੰ ਮਾਲਾ-ਮਾਲ,*
*ਰੋਲ ਦੇਣ ਨੂੰ ਬੈਠੀ ਤਿਆਰ।*
*ਐਸੀ ਆਏ ਕਦੇ ਨਾ ਰੱਬਾ,*
*ਮੁੜ ਕਦੇ ਨਾ ਵਿਚ ਸੰਸਾਰ।*
*ਰਹਿ ਜਾਂਦੇ ਜਿਸ ਦੇ ਦਿਨ ਥੋੜ੍ਹੇ,*
*ਸਕੇ ਖੜ੍ਹੋ ਨਾ ਪੈਰਾਂ ਭਾਰ।*
*ਲਿਖਿਆ ਕੰਧ 'ਤੇ ਪੜ੍ਹ ਲਵੇ ਹੁਣ,*
*ਰੱਬਾ! ਤੀਰ ਅਜਿਹਾ ਮਾਰ।*
*ਕਰੇ 'ਨਿਮਾਣਾ' ਨਿੱਤ ਜੋਦੜੀ,*
*ਲਿਆ ਚੰਗੀ ਭਲੀ ਸਰਕਾਰ।* ■

**#੫, ਹੰਸਲੀ ਕਵਾਟਰਜ਼, ਨਿਊ ਤਹਿਸੀਲਪੁਰਾ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. +੯੧੯੮੭੨੭-੩੫੧੧੧*

# ਸਿੱਖ ਕੌਮ ਦੀ ਖੜਗ-ਭੁਜਾ : ਸ਼੍ਰੋਮਣੀ ਅਕਾਲੀ ਦਲ

*-ਸ. ਮਨਪ੍ਰੀਤ ਸਿੰਘ ਬਾਜ**

ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਂਗ ਉਨ੍ਹਾਂ ਦੁਸ਼ਵਾਰੀਆਂ ਭਰੇ ਮਹੌਲ ਵਿੱਚੋਂ ਹੀ ਹੋਈ ਸੀ ਜਦੋਂ ਗੁਰਦੁਆਰਾ ਪ੍ਰਬੰਧਾਂ ਅੰਦਰ ਮਹੰਤਾਂ ਦੀ ਗੁੰਡਾਗਰਦੀ ਨੂੰ ਦੇਖ ਕੇ ਸਿੱਖਾਂ ਦੇ ਹਿਰਦੇ ਵਲੂੰਧਰੇ ਹੋਏ ਸਨ। ਗੁਰਦੁਆਰਾ ਸਾਹਿਬ ਉਹ ਸੰਸਥਾ ਹੈ ਜਿੱਥੇ ਸੁਸ਼ੋਭਿਤ ਅਧਿਆਤਮਿਕਤਾ ਦੇ ਸੋਮੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਿੱਖ ਕੌਮ ਦੇ ਸਾਹ ਚੱਲਦੇ ਹਨ। ੧੮੪੯ ਈ. ਵਿਚ ਅੰਗਰੇਜ਼ਾਂ ਹੱਥੋਂ ਗ਼ੁਲਾਮ ਹੋਣ ਉਪਰੰਤ ਸਿੱਖ ਸ਼ਕਤੀ ਨੂੰ ਪੁਨਰ-ਸੰਗਠਿਤ ਹੋਣ ਵਿਚ ਕਈ ਦਹਾਕੇ ਲੱਗ ਗਏ। ਸਿੱਖ ਸ਼ਕਤੀ ਦੇ ਪੁਨਰ-ਸੰਗਠਿਤ ਹੋਣ ਪਿੱਛੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਕਰਨ ਲਈ ਪ੍ਰਚੰਡ ਹੋਈ ਭਾਵਨਾ ਕੰਮ ਕਰ ਰਹੀ ਸੀ, ਜਿਸ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ੧੫ ਨਵੰਬਰ, ੧੯੨੦ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਿਤ ਕੀਤੀ ਗਈ ਅਤੇ ਅਗਲੇ ਮਹੀਨੇ ੧੪ ਦਸੰਬਰ, ੧੯੨੦ ਈ. ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕਰਨ ਪਿੱਛੇ ਬਹੁਤ ਵੱਡੇ ਕਾਰਨ ਸਨ, ਜਿਨ੍ਹਾਂ ਬਾਰੇ ਹਰੇਕ ਸਿੱਖ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ। *'ਰਾਜ ਬਿਨਾ ਨਹ ਧਰਮ ਚਲੈਹੈਂ ਧਰਮ ਬਿਨਾ ਸਭ ਦਲੈ ਮਲੈ ਹੈਂ'* ਅਨੁਸਾਰ ਉਨ੍ਹਾਂ ਜ਼ੁਲਮੀ ਹਵਾਵਾਂ ਵਿਚ ਸੰਘਰਸ਼ ਕਰ ਕੇ ਸਿੱਖਾਂ ਨੇ ਧਰਮ ਅਤੇ ਗੁਰਦੁਆਰਾ ਸਾਹਿਬਾਨ ਦੀ ਰੱਖਿਆ ਲਈ ਰਾਜਸੀ ਸ਼ਕਤੀ ਕਾਇਮ ਕਰਨ ਦੀ ਦੂਰ-ਅੰਦੇਸ਼ੀ ਸੋਚ ਨਾਲ ਖੜਗ-ਭੁਜਾ ਵਜੋਂ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਸੀ।

ਸ਼੍ਰੋਮਣੀ ਅਕਾਲੀ ਦਲ ਬਣਨ ਸਮੇਂ ਦੇ ਹਾਲਾਤਾਂ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਇਹ ਉਹ ਸਮਾਂ ਸੀ ਜਦੋਂ ਸਿੱਖ ਕੌਮ ਗ਼ੁਲਾਮੀ ਹੰਢਾਅ ਰਹੀ ਸੀ, ਗ਼ੁਲਾਮੀ ਦਾ ਉਹ ਅਹਿਸਾਸ ਸਿੱਖਾਂ ਲਈ ਨਾ ਮਰਿਆਂ-ਨਾ ਜਿਉਂਦਿਆਂ ਬਰਾਬਰ ਸੀ। ਸਿੱਖ ਕੌਮ ਦਾ ਗੁਰਦੁਆਰਾ ਸਾਹਿਬਾਨ ਦੇ ਬਿਨਾਂ ਆਪਣਾ ਕੋਈ ਵਜੂਦ ਨਹੀਂ। ਸਿੱਖ ਤਾਂ ਜਿਊਂਦਾ ਹੀ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰ ਕੇ ਹੈ। ਉਨ੍ਹਾਂ ਸਮਿਆਂ ਵਿਚ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਗਏ ਸਿੱਖਾਂ ਨੂੰ ਮਹੰਤਾਂ ਵੱਲੋਂ ਧਿਰਕਾਰਿਆ ਜਾਂਦਾ ਸੀ, ਮਾਰਿਆ-ਕੁੱਟਿਆ ਜਾਂਦਾ ਸੀ ਅਤੇ ਅਖੌਤੀ ਨੀਂਵੀਂ ਜਾਤ ਦੇ ਸਿੱਖਾਂ ਵੱਲੋਂ ਭੇਟ ਕੀਤਾ ਪਰਸ਼ਾਦ ਸਵੀਕਾਰ ਨਹੀਂ ਸੀ ਕੀਤਾ ਜਾਂਦਾ। ਮਹੰਤਾਂ ਵੱਲੋਂ ਕਈ

*Email:- baaz332211@gmail.com

ਵਾਰ ਗੁਰਦੁਆਰਾ ਸਾਹਿਬਾਨ ਵਿਖੇ ਦਰਸ਼ਨ ਕਰਨ ਗਈਆਂ ਸਿੱਖ ਇਸਤਰੀਆਂ ਦੀ ਬੇਹੁਰਮਤੀ ਕੀਤੀ ਗਈ ਸੀ, ਬੱਚੀਆਂ ਤੋਂ ਲੈ ਕੇ ਵੱਡੀ ਉਮਰ ਦੀਆਂ ਸਿੱਖ ਇਸਤਰੀਆਂ ਤਕ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਜੋ ਕੋਈ ਵੀ ਸਿੱਖ ਇਸ ਵਰਤਾਰੇ ਖ਼ਿਲਾਫ਼ ਅਵਾਜ਼ ਉਠਾਉਂਦਾ ਸੀ ਤਾਂ ਮਹੰਤ ਉਸ ਦਾ ਕਤਲ ਕਰਵਾ ਦਿੰਦੇ ਸਨ ਅਤੇ ਲਾਸ਼ ਨੂੰ ਖੁਰਦ-ਬੁਰਦ ਕਰ ਦਿੰਦੇ ਸਨ। ਮਹੰਤਾਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਸਿੱਖਾਂ ਨੂੰ ਗੁਰਦੁਆਰਾ ਸਾਹਿਬਾਨ ਦੇ ਅੰਦਰ ਹੀ ਕਤਲ ਕਰ ਕੇ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਖੁਰਦ-ਬੁਰਦ ਕਰ ਦਿੱਤੀਆਂ ਸਨ। ਗੁਰਦੁਆਰਾ ਨਨਕਾਣਾ ਸਾਹਿਬ ਦਾ ਦਰਦਨਾਕ ਸਾਕਾ ਅਣਮਨੁੱਖੀ ਕਾਰੇ ਦੀ ਸਿਖ਼ਰ ਸੀ। ਮਹੰਤਾਂ ਵੱਲੋਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਬਿਪਰਵਾਦੀ ਰੀਤਾਂ ਅਨੁਸਾਰ ਚਲਾਇਆ ਜਾਂਦਾ ਸੀ, ਇੱਥੋਂ ਤਕ ਕਿ ਮਹੰਤ ਗੁਰਦੁਆਰਾ ਸਾਹਿਬਾਨ ਅੰਦਰ ਸ਼ਰਾਬਾਂ ਪੀਂਦੇ ਸਨ ਅਤੇ ਕੰਜਰੀਆਂ ਨਚਾਉਂਦੇ ਸਨ, ਕਹਿਣ ਤੋਂ ਭਾਵ ਉਨ੍ਹਾਂ ਨੇ ਗੁਰਦੁਆਰਾ ਸਾਹਿਬਾਨ ਨੂੰ ਵਿਭਚਾਰ ਦੇ ਅੱਡੇ ਬਣਾ ਦਿੱਤਾ ਸੀ। ਇਸ ਤਰ੍ਹਾਂ ਉਹ ਪੁੱਜ ਕੇ ਗੁਰ-ਮਰਯਾਦਾ ਦਾ ਘਾਣ ਕਰਦੇ ਸਨ ਅਤੇ ਬੇਵੱਸ ਹੋਏ ਸਿੱਖ ਖ਼ੂਨ ਦੇ ਹੰਝੂ ਰੋਂਦੇ ਸਨ। ਅੰਗਰੇਜ਼ਾਂ ਨੇ ਸਿੱਖਾਂ ਨੂੰ ਗ਼ੁਲਾਮ, ਕਮਜ਼ੋਰ ਅਤੇ ਦਬਾਅ ਕੇ ਰੱਖਣ ਲਈ ਪੂਰਾ ਜ਼ੋਰ ਲਗਾਇਆ ਹੋਇਆ ਸੀ ਕਿਉਂਕਿ ਇਸ ਨਾਲ ਜਿੱਥੇ ਅੰਗਰੇਜ਼ ਸਰਕਾਰ ਮਜ਼ਬੂਤ ਹੁੰਦੀ ਸੀ, ਉੱਥੇ ਹੀ ਈਸਾਈ ਪ੍ਰਚਾਰਕਾਂ ਨੂੰ ਵੀ ਲਾਭ ਹੁੰਦਾ ਸੀ। ਇਸੇ ਲਈ ਉਹ ਮਹੰਤਾਂ ਨੂੰ ਸਿੱਖਾਂ ਦੇ ਵਿਰੁੱਧ ਡਟੇ ਰਹਿਣ ਲਈ ਸਰਕਾਰੀ ਸ਼ਹਿ ਅਤੇ ਹੱਲਾਸ਼ੇਰੀ ਦੇ ਕੇ ਰੱਖਦੇ ਸਨ ਤਾਂ ਜੋ ਸਿੱਖਾਂ ਨੂੰ ਸਿਰ ਨਾ ਚੁੱਕਣ ਦਿੱਤਾ ਜਾਵੇ। ਇਸ ਤੋਂ ਇਲਾਵਾ ਉਸ ਸਮੇਂ ਦੇ ਕੁਝ ਹਿੰਦੂਆਂ ਦਾ ਵਤੀਰਾ ਵੀ ਸਿੱਖ ਵਿਰੋਧੀ ਰਿਹਾ ਅਤੇ ਉਨ੍ਹਾਂ ਵੱਲੋਂ ਸ਼ਰ-ਏ-ਆਮ ਸਿੱਖ ਸੰਸਥਾਵਾਂ ਦੀ ਕਾਇਮੀ ਦਾ ਵਿਰੋਧ ਕੀਤਾ ਗਿਆ ਅਤੇ ਅੜਚਣਾਂ ਖੜ੍ਹੀਆਂ ਕੀਤੀਆਂ ਗਈਆਂ। ਅਜਿਹੇ ਜ਼ੁਲਮੀ ਹਾਲਾਤਾਂ ਦੇ ਇੱਕ ਪਲ ਦਾ ਅਹਿਸਾਸ ਵੀ ਆਮ ਮਨੁੱਖ ਦੀ ਆਤਮਾ ਨੂੰ ਵੱਡੀ ਪੀੜਾ ਦੇ ਸਕਦਾ ਹੈ ਜਦਕਿ ਸਿੱਖ ਕੌਮ ਤਾਂ ਕਈ ਦਹਾਕਿਆਂ ਤੋਂ ਇਸ ਗ਼ੁਲਾਮੀ ਨੂੰ ਆਪਣੀ ਆਤਮਾ ਅਤੇ ਪਿੰਡੇ ਉੱਪਰ ਹੰਢਾਅ ਰਹੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਤੀ ਵਿਚ ਅੰਗਰੇਜ਼ਾਂ, ਮਹੰਤਾਂ ਤੇ ਸਿੱਖ ਵਿਰੋਧੀਆਂ ਵੱਲੋਂ ਬਾਰ-ਬਾਰ ਵੱਡੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ ਸਨ ਜਿਸ ਦੇ ਫਲਸਰੂਪ ਸੰਨ ੧੯੨੩ ਈ. ਵਿਚ ਦੋਹਾਂ ਸੰਸਥਾਵਾਂ ਨੂੰ ਗ਼ੈਰ-ਕਾਨੂੰਨੀ ਵੀ ਐਲਾਨ ਦਿੱਤਾ ਗਿਆ ਸੀ ਅਤੇ ਲੱਗਭਗ ਸਾਰੇ ਪੰਥਕ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਕੈਦ ਕਰ ਦਿੱਤਾ ਗਿਆ ਸੀ ਪਰੰਤੂ ਸਿਰੜੀ ਸਿੱਖਾਂ ਨੇ ਸਿਦਕ ਅਤੇ ਹੌਂਸਲੇ ਨਾਲ ਤਸ਼ੱਦਦ ਝੱਲਦਿਆਂ ਸੰਘਰਸ਼ ਜਾਰੀ ਰੱਖਿਆ ਅਤੇ ਅੰਤ ਦੋਹਾਂ ਜਥੇਬੰਦੀਆਂ ਦੀ ਸਫਲਤਾਪੂਰਵਕ ਸਥਾਪਨਾ ਕਰਨ ਵਿਚ ਕਾਮਯਾਬੀ ਹਾਸਲ ਕੀਤੀ।

ਸਿੱਖਾਂ ਵੱਲੋਂ ੧੮੭੩ ਈ. ਵਿਚ 'ਸਿੰਘ ਸਭਾ ਲਹਿਰ' ਕਾਇਮ ਕੀਤੀ ਗਈ, ੧੮੯੨ ਈ. ਵਿਚ 'ਖ਼ਾਲਸਾ ਕਾਲਜ' ਬਣਾਇਆ ਗਿਆ ਜਿਸ ਰਾਹੀਂ ਕੌਮ ਨੂੰ ਸਿੱਖ ਵਿਦਵਾਨਾਂ ਦੀ ਅਗਵਾਈ ਮਿਲੀ, ਫਿਰ ੧੯੦੨ ਈ. ਵਿਚ 'ਚੀਫ਼ ਖ਼ਾਲਸਾ ਦੀਵਾਨ' ਕਾਇਮ ਕੀਤਾ ਗਿਆ ਅਤੇ 'ਗ਼ਦਰ ਲਹਿਰ' ਵੀ ਜ਼ੋਰ-ਸ਼ੋਰ ਨਾਲ ਚਲਾਈ ਗਈ। ਇਨ੍ਹਾਂ ਸੰਸਥਾਵਾਂ ਤੇ ਲਹਿਰਾਂ ਨੇ ਕੌਮ ਨੂੰ ਗ਼ੁਲਾਮੀ ਦੀਆਂ ਜੜ੍ਹਾਂ ਪੁੱਟਣ ਲਈ ਹਲੂਣਾ ਦਿੱਤਾ। ਇਨ੍ਹਾਂ ਸੰਸਥਾਵਾਂ ਦੀ ਕਾਇਮੀ ਤੋਂ ਬਾਅਦ ਵੀ ਸਿੱਖ ਕੌਮ ਅੰਦਰ ਸ਼ਕਤੀਸ਼ਾਲੀ ਜਥੇਬੰਦੀ ਦੀ ਘਾਟ ਰੜਕ ਰਹੀ ਸੀ, ਜੋ ਸਮੁੱਚੀ ਸਿੱਖ ਕੌਮ ਦੀ ਸੁਯੋਗ ਅਗਵਾਈ ਕਰ ਸਕੇ। ਇਤਿਹਾਸਿਕ ਸੱਚਾਈ ਹੈ ਕਿ ਸਿੱਖ ਕੌਮ ਅੰਦਰ ਜੇਕਰ ਕੁਰਬਾਨੀਆਂ ਦਾ ਵੱਡਾ ਇਤਿਹਾਸ ਹੈ ਤਾਂ ਗੱਦਾਰੀਆਂ ਦਾ ਵੀ ਜ਼ਿਕਰਯੋਗ ਅਸਰ ਰਿਹਾ ਹੈ ਅਤੇ ਗੱਦਾਰੀਆਂ ਕਰਕੇ ਸਿੱਖ ਕੌਮ ਦਾ ਵੱਡਾ ਨੁਕਸਾਨ ਵੀ ਹੋਇਆ। ਜਦੋਂ ਕਈ ਦਹਾਕੇ ਸਿੱਖਾਂ ਉੱਪਰ ਜ਼ੁਲਮ ਹੁੰਦਾ ਰਿਹਾ ਤਾਂ ਕੌਮ ਅੰਦਰ ਜ਼ੁਲਮ ਦੇ ਖ਼ਿਲਾਫ ਲੜਨ ਦਾ ਜਜ਼ਬਾ ਪੈਦਾ ਹੋਇਆ ਅਤੇ ਉਸੇ ਜਜ਼ਬੇ ਨੇ ਕੌਮ ਨੂੰ ਇੱਕ ਵਾਰ ਫਿਰ ਸੰਘਰਸ਼ ਕਰਨ ਲਈ ਪ੍ਰੇਰਿਆ। ਫਰਕ ਇਹ ਸੀ ਕਿ ਪਹਿਲਾਂ ਅਜ਼ਾਦ ਖਾਲਸਾ ਪੰਥ ਖੰਡੇ ਦੇ ਜ਼ੋਰ ਨਾਲ ਸੰਘਰਸ਼ ਕਰਦਾ ਹੁੰਦਾ ਸੀ ਪਰੰਤੂ ਹੁਣ ਕੌਮ ਅੰਗਰੇਜ਼ਾਂ ਦੀ ਗ਼ੁਲਾਮੀ ਹੇਠ ਸੀ। ਸਾਡੇ ਪੁਰਖਿਆਂ ਨੇ ਗ਼ੁਲਾਮ ਦੇਸ਼ ਅੰਦਰ ਵੀ ਅਜ਼ਾਦ ਹੋਂਦ-ਹਸਤੀ ਲਈ ਸੰਘਰਸ਼ ਕੀਤਾ ਅਤੇ ਅਜ਼ਾਦੀ ਦੇ ਇਸ ਸੰਘਰਸ਼ ਨੂੰ ਇਕ ਨਵੇਂ ਰੂਪ ਵਿਚ ਪ੍ਰਗਟ ਕੀਤਾ। ਸੰਘਰਸ਼ ਕਈ ਵਾਰ ਪਲਟਾ ਲੈਂਦਾ ਹੈ, ਸਰੂਪ ਬਦਲਦਾ ਹੈ ਅਤੇ ਚਰਮ-ਸੀਮਾਂ 'ਤੇ ਪਹੁੰਚ ਕੇ ਕਿਸੇ ਵੱਡੀ ਪ੍ਰਾਪਤੀ ਦੇ ਰੂਬਰੂ ਕਰਵਾਉਂਦਾ ਹੈ ਅਤੇ ਸਿੱਖਾਂ ਦੀ ਉਹ ਕੌਮੀ ਪ੍ਰਾਪਤੀ ਸੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ। ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ-ਦੂਜੇ ਦੇ ਪੂਰਕ ਕਿਹਾ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ।

ਉਸ ਸਮੇਂ ਪ੍ਰਚੰਡ ਹੋਈ ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਪੈਦਾ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਪਿੱਛੇ ਅਕਾਲੀ ਸੋਚ ਹੀ ਕੰਮ ਕਰ ਰਹੀ ਸੀ। ਅਕਾਲੀ ਲਹਿਰ ਤਾਂ ਜ਼ੁਲਮ ਖ਼ਿਲਾਫ ਸੰਘਰਸ਼-ਬਿਰਤੀ ਪੈਦਾ ਕਰਨ ਦੀ ਸਿਖ਼ਰ ਹੋ ਨਿਬੜੀ ਸੀ। ਇਨ੍ਹਾਂ ਜਥੇਬੰਦੀਆਂ ਵੱਲੋਂ ਤਿੰਨ-ਤਿੰਨ, ਚਾਰ-ਚਾਰ ਹਜ਼ਾਰ ਦੀ ਗਿਣਤੀ ਵਾਲੇ ਅਕਾਲੀ ਜਥੇ ਬਣਾਏ ਜਾਣ ਲੱਗੇ। ਹਰ ਪਾਸਿਓਂ ਅਕਾਲੀਆਂ ਦੀ ਭਰਤੀ ਸ਼ੁਰੂ ਕੀਤੀ ਗਈ। ਪੰਜ ਹਜ਼ਾਰ ਅਕਾਲੀਆਂ ਦਾ ਇੱਕ ਵਿਸ਼ੇਸ਼ ਜਥਾ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਰਾਖਵਾਂ ਕੀਤਾ ਗਿਆ। ਭਰਤੀ ਕੀਤੇ ਜਾਣ ਵਾਲੇ ਅਕਾਲੀਆਂ ਪਾਸੋਂ ਸ੍ਰੀ ਗੁਰੂ

ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਦੁਆਰਾ ਸੁਧਾਰ ਲਈ ਕੁਰਬਾਨ ਹੋਣ ਦਾ ਵਾਅਦਾ ਲਿਆ ਜਾਂਦਾ ਸੀ। ਸਿਰੜੀ ਅਕਾਲੀਆਂ ਨੇ ਜਦੋਂ ਗੁਰਦੁਆਰਾ ਸਾਹਿਬ ਬਾਬੇ ਦੀ ਬੇਰ, ਸ੍ਰੀ ਅਕਾਲ ਤਖ਼ਤ ਸਾਹਿਬ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਗੁਰਦੁਆਰਾ ਚੁਮਾਲਾ ਸਾਹਿਬ ਆਪਣੇ ਪ੍ਰਬੰਧ ਵਿਚ ਲੈ ਲਏ ਅਤੇ ਅੰਗਰੇਜ਼ਾਂ ਵੱਲੋਂ ਢਾਹੀ ਗੁਰਦੁਆਰਾ ਰਕਾਬ ਗੰਜ ਸਾਹਿਬ ਦਿੱਲੀ ਦੀ ਕੰਧ ਨੂੰ ਦੁਬਾਰਾ ਉਸਰਵਾ ਲਿਆ ਤਾਂ ਇਸ ਨਾਲ ਕੌਮ ਦੇ ਹੌਂਸਲੇ ਬੁਲੰਦ ਹੋ ਗਏ। ਅਕਾਲੀਆਂ ਨੇ ਗੁਰੂ ਕੇ ਬਾਗ਼ ਦਾ ਮੋਰਚਾ ਤੇ ਜੈਤੋ ਦੇ ਮੋਰਚੇ ਨਾਲ ਕੌਮੀ ਸੰਘਰਸ਼ ਨੂੰ ਹੋਰ ਤੇਜ਼ ਕੀਤਾ। ਕਹਿਣ ਤੋਂ ਭਾਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿਚ ਗ਼ੁਲਾਮ ਦੇਸ਼ ਅੰਦਰ ਅਜ਼ਾਦ ਸਿੱਖ ਸੰਸਥਾਵਾਂ ਨੇ ਜਨਮ ਲੈ ਲਿਆ ਸੀ। ਹਰ ਪਾਸੇ "ਅਕਾਲੀ ਅਕਾਲੀ" ਹੋ ਗਈ। ਆਪ-ਮੁਹਾਰੇ ਪੈਦਾ ਹੋਈ ਵਿਲੱਖਣ ਅਕਾਲੀ ਲਹਿਰ ਹੁਣ ਪ੍ਰਤੱਖ ਰੂਪ ਵਿਚ ਪਛਾਣੀ ਜਾ ਰਹੀ ਸੀ। ਹਰ ਪਾਸੇ ਨੀਲੀਆਂ ਦਸਤਾਰਾਂ ਵਾਲੇ ਸਿੱਖ ਨਜ਼ਰ ਆਉਣ ਲੱਗੇ ਅਤੇ ਲੋਕ ਉਨ੍ਹਾਂ ਨੂੰ ਅਕਾਲੀ ਕਹਿਣ ਲੱਗ ਪਏ ਸਨ।

ਅਜੋਕੇ ਹਾਲਾਤਾਂ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਕਈ ਚੁਣੌਤੀਆਂ ਦਰਪੇਸ਼ ਹਨ ਅਤੇ ਸਿੱਖਾਂ ਦੀ ਪਾਰਟੀ ਹੋਣ ਕਾਰਨ ਸਿੱਖ-ਵਿਰੋਧੀ ਸ਼ਕਤੀਆਂ ਇਸ ਵਿਰੁੱਧ ਹਮੇਸ਼ਾ ਸਾਜ਼ਿਸ਼ਾਂ ਰਚਦੀਆਂ ਰਹਿੰਦੀਆਂ ਹਨ। ਸਿੱਖਾਂ ਨੂੰ ਕੁਝ ਗੱਲਾਂ ਵਿਚਾਰਨੀਆਂ ਚਾਹੀਦੀਆਂ ਹਨ ਕਿ- ਕੀ ਸਿੱਖਾਂ ਕੋਲ ਆਪਣੀ ਕੋਈ ਹੋਰ ਕੌਮੀ ਪਾਰਟੀ ਹੈ? ਕੀ ਕਿਸੇ ਰਾਜਸੀ ਪਾਰਟੀ ਨੂੰ ਸਿੱਖ ਕੌਮ ਆਪਣੀਆਂ ਧਾਰਮਿਕ ਮੰਗਾਂ ਜਾਂ ਹੱਕਾਂ ਦੀ ਅਵਾਜ਼ ਉਠਾਉਣ ਅਤੇ ਕਾਨੂੰਨੀ ਤੌਰ 'ਤੇ ਲਾਗੂ ਕਰਵਾਉਣ ਲਈ ਜ਼ੋਰ ਪਾ ਸਕਦੀ ਹੈ? ਕੀ ਸਿੱਖ ਕੌਮ ਆਪਣੇ ਕਿਸੇ ਧਾਰਮਿਕ ਮਸਲੇ ਸਬੰਧੀ ਕਿਸੇ ਰਾਜਸੀ ਪਾਰਟੀ ਨੂੰ ਹੁਕਮ ਜਾਂ ਉਲ੍ਹਾਮਾਂ ਦੇ ਸਕਦੀ ਹੈ? ਜਵਾਬ ਹੈ ਨਹੀਂ। ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਸਿੱਖ ਕੌਮ ਦੀ ਵਾਹਦ ਪਾਰਟੀ ਹੈ ਜਿਸ ਉੱਪਰ ਸਿੱਖ ਕੌਮ ਦਾ ਪੁਰਜ਼ੋਰ ਹੱਕ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੧੦੦-ਸਾਲਾ ਸ਼ਤਾਬਦੀ ਸਮਾਗਮ ਦੌਰਾਨ ਭਾਰਤ ਅੰਦਰ ਸਿੱਖ ਕੌਮ ਉੱਪਰ ਹੋ ਰਹੇ ਚਹੁੰ-ਤਰਫੀ ਹਮਲਿਆਂ ਤੋਂ ਕੌਮ ਨੂੰ ਸੁਚੇਤ ਕੀਤਾ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੁੱਤਰ ਕਿਹਾ ਸੀ। ਉਨ੍ਹਾਂ ਨੇ ਜਿੱਥੇ ਸਿੱਖ ਕੌਮ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਬਰਾਬਰ ਮਹੱਤਤਾ ਬਾਰੇ ਦੱਸਿਆ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਤੋਂ ਪੰਥ ਵੱਲ ਨੂੰ ਮੁੜਨ ਦੀ ਨਸੀਹਤ ਦਿੱਤੀ ਜਾਣੀ ਜਿੱਥੇ ਜਥੇਦਾਰ ਜੀ ਦੀ ਨਿਰਪੱਖ, ਦਲੇਰ ਤੇ ਪੰਥ-ਪ੍ਰਸਤ ਸੋਚ ਦਾ ਪ੍ਰਗਟਾਵਾ

ਹੈ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਉੱਪਰ ਸਿੱਖਾਂ ਦੇ ਹੱਕ ਨੂੰ ਵੀ ਦਰਸਾਉਂਦਾ ਹੈ। ਜਥੇਦਾਰ ਸਾਹਿਬ ਦੇ ਸੰਦੇਸ਼ ਦੀ ਰੋਸ਼ਨੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਪਾਰਟੀ ਅਤੇ ਕੁਝ ਸਿੱਖਾਂ ਵਿਚਲੇ ਖਲਾਅ ਨੂੰ ਪੂਰਨ ਲਈ ਠੋਸ ਯਤਨ ਕਰਨੇ ਚਾਹੀਦੇ ਹਨ ਕਿਉਂਕਿ ਕੌਮੀ ਤਾਕਤ ਤੋਂ ਬਿਨਾਂ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਆਧਾਰ ਨਹੀਂ ਹੋ ਸਕਦਾ।

ਜੇਕਰ ਸਾਡੇ ਪੁਰਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਨਾ ਕਰਦੇ ਤਾਂ ਸਿੱਖ-ਵਿਰੋਧੀ ਤਾਕਤਾਂ ਨੇ ਲੰਮਾ ਸਮਾਂ ਪਹਿਲਾਂ ਹੀ ਸਾਡੇ ਗੁਰਦੁਆਰਾ ਸਾਹਿਬਾਨ ਦੇ ਛੋਟੇ-ਛੋਟੇ ਬੋਰਡ ਬਣਾ ਕੇ ਸਰਕਾਰੀ ਅਤੇ ਗ਼ੈਰ-ਸਰਕਾਰੀ ਰੂਪ ਵਿਚ ਕਬਜ਼ੇ ਕਰ ਲੈਣੇ ਸਨ। ਅਜਿਹੇ ਵਿਚ ਸੋਚ ਕੇ ਦੇਖੋ ਕਿ ਜੇਕਰ ਸਿੱਖਾਂ ਕੋਲ ਆਪਣੀ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾ ਹੁੰਦਾ ਤਾਂ ਸਿੱਖਾਂ ਉੱਪਰ ਹੋਣ ਵਾਲੇ ਜ਼ੁਲਮਾਂ ਦੀ ਤੀਬਰਤਾ ਕੀ ਹੋਣੀ ਸੀ?

ਇਸ ਤੋਂ ਇਲਾਵਾ ਸੋਸ਼ਲ ਮੀਡੀਆ ਉੱਪਰ ਕੁਝ ਸਿੱਖ ਜਾਣੇ-ਅਣਜਾਣੇ ਵਿਚ ਪਵਿੱਤਰ 'ਅਕਾਲੀ' ਸ਼ਬਦ ਨੂੰ ਮਾੜੇ ਸੰਦਰਭ ਵਿਚ ਵਰਤਦੇ ਹਨ, ਜੋ ਕੌਮ ਲਈ ਹਾਨੀਕਾਰਕ ਹੈ। ਹਰੇਕ ਉਹ ਵਿਅਕਤੀ 'ਅਕਾਲੀ' ਹੈ ਜਿਸ ਨੇ ਖੰਡੇ-ਬਾਟੇ ਦੀ ਪਾਹੁਲ ਛਕੀ ਹੈ, ਜੋ ਗੁਰਦੁਆਰਾ ਸਾਹਿਬ ਜਾਂਦਾ ਹੈ, ਜੋ ਨਿਰੰਕਾਰ ਦੀ ਬਾਣੀ ਪੜ੍ਹਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਤ 'ਮਹਾਨ ਕੋਸ਼' ਅਨੁਸਾਰ 'ਅਕਾਲੀ' ਸ਼ਬਦ ਦਾ ਅਰਥ ਹੈ— ਅਕਾਲ ਦਾ ਉਪਾਸ਼ਕ। ਅਕਾਲ ਦਾ ਮਤਲਬ ਹੈ ਅਕਾਲ ਪੁਰਖ ਵਾਹਿਗੁਰੂ। ਜੇਕਰ ਸੱਚਮੁਚ ਅਸੀਂ ਆਪਣੇ ਅੰਦਰ ਸਿੱਖੀ ਪ੍ਰਤੀ ਦਰਦ ਰੱਖਦੇ ਹਾਂ ਤਾਂ ਸਾਨੂੰ ਆਪਣਾ ਰੋਸ ਪ੍ਰਗਟ ਕਰਨ ਲਈ ਆਪਣੇ ਵਿਰਸੇ ਨੂੰ ਤਾਰਪੀਡੋ ਕਰਨ ਦੀ ਬਿਰਤੀ ਤਿਆਗਣੀ ਚਾਹੀਦੀ ਹੈ।

ਹਰੇਕ ਸਮਾਜ ਵਿਚ ਜਾਂ ਸੰਘਰਸ਼ ਵਿਚ ਨਕਾਰਾਤਮਕ ਗੱਲਾਂ ਵਾਪਰਦੀਆਂ ਰਹਿੰਦੀਆਂ ਹਨ ਪਰੰਤੂ ਕਿਸੇ ਵੀ ਸੰਘਰਸ਼ ਨੂੰ ਸਫਲ ਬਣਾਉਣ ਲਈ ਸਕਾਰਾਤਮਕਤਾ ਦੀ ਲੋੜ ਹੁੰਦੀ ਹੈ, ਚੜ੍ਹਦੀ ਕਲਾ ਦੀ ਲੋੜ ਹੁੰਦੀ ਹੈ ਅਤੇ ਇਹ ਸਭ ਕੁਝ ਸਿੱਖ ਰਾਜਨੀਤੀ ਵਿਚ ਭਰਪੂਰ ਹੈ। ਸਿੱਖ ਰਾਜਨੀਤੀ ਹਰ ਸੰਦਰਭ ਵਿਚ ਸੰਘਰਸ਼ ਨੂੰ ਹੀ ਪੇਸ਼ ਕਰਦੀ ਹੈ, ਜੋ ਸਮੇਂ-ਸਮੇਂ ਸਿੱਖ ਮਸਲਿਆਂ ਨੂੰ ਹੱਲ ਕਰਨ ਲਈ ਜਾਰੀ ਰਹਿੰਦਾ ਹੈ। ਸਿੱਖ ਰਾਜਨੀਤੀ ਆਪਣੇ ਨਾਲ-ਨਾਲ ਦੂਜਿਆਂ ਦੀ ਪ੍ਰਫੁੱਲਤਾ ਲਈ ਵੀ ਵਾਤਾਵਰਣ ਮੁਹੱਈਆ ਕਰਵਾਉਂਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਥਾਪਿਤ ਕੀਤੇ ਗਏ ਸਿੱਖ ਰਾਜ ਸੰਸਾਰ ਦੇ ਇਤਿਹਾਸ ਅੰਦਰ ਧਰਮ ਨਿਰਪੱਖਤਾ ਅਤੇ ਧਾਰਮਿਕ ਅਜ਼ਾਦੀ ਵਾਲੇ ਲੋਕਤੰਤਰ ਦੀਆਂ ਬੇਮਿਸਾਲ ਉਦਾਹਰਨਾਂ ਹਨ। ਸਿੱਖ ਧਰਮ ਅਧਿਆਤਮਿਕ ਪੱਧਰ ਦੀ ਰਾਜਨੀਤੀ ਸਿਖਾਉਂਦਾ ਹੈ ਜੋ ਰੂਹਾਨੀ ਸਿਫਤਾਂ ਨਿਰਭਉ ਤੇ ਨਿਰਵੈਰ 'ਤੇ ਆਧਾਰਿਤ

ਹੈ। ਗੁਰਮਤਿ ਦੀ ਰਾਜਨੀਤਿਕ ਵਿਚਾਰਧਾਰਾ ਸਰਬਪੱਖੀ ਕਲਿਆਣ ਦਾ ਵਿਸ਼ਾਲ ਸੋਮਾ ਹੈ।

ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਆਪਣੀ ਰਾਜਸੀ ਪਾਰਟੀ ਹੈ ਜੋ ਸਿੱਖਾਂ ਨੇ ਵੱਡੀਆਂ ਕੁਰਬਾਨੀਆਂ ਦੇ ਕੇ ਸਥਾਪਿਤ ਕੀਤੀ ਸੀ। ਸਿੱਖ-ਵਿਰੋਧੀ ਤਾਕਤਾਂ ਚਾਹੁੰਦੀਆਂ ਹਨ ਕਿ ਸਿੱਖ ਆਪਣੀਆਂ ਸੰਸਥਾਵਾਂ ਤੋਂ ਮੁਨਕਰ ਹੋ ਜਾਣ ਤਾਂ ਜੋ ਸਿੱਖਾਂ ਨੂੰ ਖਤਮ ਕਰਨਾ ਸੌਖਾ ਹੋ ਜਾਵੇ। ਸਾਨੂੰ ਸਮਝਣਾ ਚਾਹੀਦਾ ਹੈ ਕਿ ਕੋਈ ਵਿਅਕਤੀ ਮਾੜਾ ਹੋ ਸਕਦਾ ਹੈ ਪਰੰਤੂ ਸੰਸਥਾ ਮਾੜੀ ਨਹੀਂ ਹੁੰਦੀ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਆਪਣੀ ਰਾਜਸੀ ਧਿਰ ਹੋਣ ਦੇ ਨਾਤੇ ਜੇਕਰ ਕਿਸੇ ਸਿੱਖ ਨੂੰ ਇਸ ਦੀ ਕਿਸੇ ਨੀਤੀ ਪ੍ਰਤੀ ਕੋਈ ਇਤਰਾਜ਼ ਹੋਵੇ ਤਾਂ ਉਹ ਪਾਰਟੀ ਦੇ ਅੰਦਰ ਤਾਂ ਅਵਾਜ਼ ਉਠਾ ਹੀ ਸਕਦਾ ਹੈ, ਪਰੰਤੂ ਨਾਲ ਹੀ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਪਾਸ ਵੀ ਇਤਰਾਜ਼ ਦਰਜ ਕਰਵਾ ਸਕਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਇੱਕ ਲੇਖ ਵਿਚ ਸਮੇਟਣਾ ਸੰਭਵ ਨਹੀਂ, ਇਸ ਲਈ ਹਰੇਕ ਸਿੱਖ ਨੂੰ ਆਪਣੀਆਂ ਮਹਾਨ ਜਥੇਬੰਦੀਆਂ ਦੇ ਇਤਿਹਾਸ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ। ਇਸ ਨਾਲ ਜਿੱਥੇ ਇਨ੍ਹਾਂ ਜਥੇਬੰਦੀਆਂ ਉੱਪਰ ਮਾਣ ਮਹਿਸੂਸ ਕਰੋਗੇ, ਉੱਥੇ ਹੀ ਇਨ੍ਹਾਂ ਜਥੇਬੰਦੀਆਂ ਦੀ ਸਿੱਖ ਕੌਮ ਲਈ ਬਰਾਬਰ ਮਹੱਤਤਾ ਬਾਰੇ ਵੀ ਜਾਣ ਸਕੋਗੇ। ਚਹੁੰ-ਤਰਫੀ ਹਮਲਿਆਂ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਆਪਣੇ ੧੦੦ ਸਾਲ ਪੂਰੇ ਕਰ ਚੁੱਕਾ ਹੈ। ਸਾਨੂੰ ਇਸ ਮਹਾਨ ਜਥੇਬੰਦੀ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਕਾਰਜਸ਼ੀਲ ਹੋਣਾ ਚਾਹੀਦਾ ਹੈ।

ਸਮੁੱਚੀ ਸਿੱਖ ਕੌਮ ਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਬਖਸ਼ਿਆ ਮੀਰੀ ਪੀਰੀ ਦਾ ਸਿਧਾਂਤ ਸਿੱਖ ਰਾਜਨੀਤੀ ਦਾ ਧੁਰਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵਾਲੇ ਪਾਸੇ ਦਾ ਨਿਸ਼ਾਨ ਸਾਹਿਬ ਨੀਵਾਂ ਹੋਣਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਾਲੇ ਪਾਸੇ ਦਾ ਨਿਸ਼ਾਨ ਸਾਹਿਬ ਉੱਚਾ ਹੋਣਾ ਗੁਰੂ ਸਾਹਿਬ ਵੱਲੋਂ ਬਖ਼ਸ਼ਿਆ ਇਹ ਅਨੋਖੀ ਬਣਤਰ ਰੂਪੀ ਸਿਧਾਂਤ ਸਦੀਵ ਕਾਲ ਲਈ ਸਿੱਖ ਕੌਮ ਨੂੰ 'ਧਰਮ ਦੇ ਦਾਇਰੇ ਹੇਠ ਰਹਿ ਕੇ ਰਾਜ ਅਤੇ ਰਾਜਨੀਤੀ ਕਰਨਾ' ਦ੍ਰਿੜ੍ਹ ਕਰਵਾਉਂਦਾ ਰਹੇਗਾ। ਇਸ ਸਿਧਾਂਤ ਤੋਂ ਪਰ੍ਹੇ ਕੇਵਲ ਪਤਨ ਹੈ। ■

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਹੱਤਵਪੂਰਨ ਵਿੱਦਿਅਕ ਅਦਾਰਾ:

# ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ

*-ਪ੍ਰੋ. ਜਗਰੂਪ ਸਿੰਘ**

ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਆਪਣੇ ਪ੍ਰਬੰਧਾਂ ਤਹਿਤ ਚੱਲ ਰਹੇ ਸਕੂਲਾਂ/ਕਾਲਜਾਂ ਵਿਚ ਵਿਦਿਆਰਥੀਆਂ ਨੂੰ ਸਿੱਖ ਧਰਮ, ਸਿੱਖ ਇਤਿਹਾਸ, ਸਿੱਖੀ ਫ਼ਲਸਫ਼ੇ, ਗੁਰਮਤਿ ਰਹੁ-ਰੀਤਾਂ ਅਤੇ ਵਿਰਸੇ ਦੇ ਅੰਗ-ਸੰਗ ਰਹਿਣ ਬਾਬਤ ਜਾਣੂ ਅਤੇ ਚੇਤੰਨ ਕਰਵਾਉਣ ਹਿੱਤ ਉਚੇਚੇ ਉਪਰਾਲੇ ਕਰਦੀ ਆ ਰਹੀ ਹੈ। ਦੂਸਰੇ ਪਾਸੇ ਵਿੱਦਿਅਕ ਸੰਸਥਾਵਾਂ (ਸਕੂਲ/ਕਾਲਜ) ਦਾ ਮਿਹਨਤੀ ਸਟਾਫ਼, ਯੋਗ ਪ੍ਰਿੰਸੀਪਲਾਂ ਦੀ ਰਹਿਨੁਮਾਈ ਅਤੇ ਵਿਦਿਆਰਥੀਆਂ ਦੇ ਪੂਰਨ ਸਹਿਯੋਗ ਸਦਕਾ ਵੱਖ-ਵੱਖ ਖੇਤਰਾਂ ਵਿਚ ਪ੍ਰਾਪਤੀਆਂ ਕਰ ਕੇ ਜਿੱਥੇ ਆਪਣੀ ਵਧੀਆ ਕਾਰਗੁਜ਼ਾਰੀ ਸਦਕਾ ਮਾਣ ਪ੍ਰਾਪਤ ਕਰ ਰਹੀਆਂ ਹਨ, ਉੱਥੇ ਪ੍ਰਮੁੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਕੱਦ-ਬੁੱਤ ਉੱਚਾ ਕਰ ਰਹੀਆਂ ਹਨ। ਸਿੱਖ ਸਮਾਜ ਵਿਚ ਪਤਿਤਪੁਣੇ ਅਤੇ ਨਸ਼ਿਆਂ ਨੇ ਜਿੱਥੇ ਕੁਝ ਭੁੱਲੜ ਨੌਜਵਾਨਾਂ ਨੂੰ ਪ੍ਰਭਾਵਿਤ ਕੀਤਾ ਹੈ, ਉੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਯਤਨਾਂ ਸਦਕਾ ਸਿੱਖੀ ਦਾ ਪ੍ਰਚਾਰ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ ਜਿਸ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੀਆਂ ਸਿੱਖਿਆ ਸੰਸਥਾਵਾਂ ਨੇ ਵੀ ਇਸ ਖੇਤਰ ਵਿਚ ਆਪਣਾ ਪੂਰਨ ਸਹਿਯੋਗ ਦੇ ਕੇ ਅਹਿਮ ਰੋਲ ਨਿਭਾਇਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਕਥਨ- *ਵਿਦਿਆ ਵੀਚਾਰੀ ਤਾਂ ਪਰਉਪਕਾਰੀ* ਅਨੁਸਾਰ ਵਿੱਦਿਆ ਪ੍ਰਾਪਤ ਕਰ ਕੇ ਜੋ ਮਨੁੱਖ ਦੂਜਿਆਂ ਦੀ ਭਲਾਈ ਕਰਨ ਵਾਲਾ ਹੋ ਗਿਆ ਹੈ ਤਾਂ ਸਮਝੋ ਕਿ ਉਹ ਵਿੱਦਿਆ ਹਾਸਲ ਕਰ ਕੇ ਵੀਚਾਰਵਾਨ ਬਣ ਗਿਆ ਹੈ। (Contemlate and reflect upon knowledge and you will become a benefactor to others.) ਵਿੱਦਿਆ ਦਾ ਇਕ ਵੱਡਾ ਉਦੇਸ਼ ਮਨੁੱਖੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਕਰਨਾ ਹੈ ਅਤੇ ਇਨ੍ਹਾਂ ਹੀ ਉਦੇਸ਼ਾਂ ਦੀ ਪੂਰਤੀ ਕਰਦੇ ਹੋਏ ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰ-ਫੁਰਮਾਨਾਂ ਤੋਂ ਸੇਧ ਲੈ ਕੇ ਸਿੱਖ ਪੰਥ ਨੂੰ ਰੁਹਾਨੀ ਅਤੇ ਸੰਸਾਰਕ ਦੋਵੇਂ ਤਰ੍ਹਾਂ ਦੀ ਮਿਆਰੀ ਸਿੱਖਿਆ ਦੇਣ ਦਾ ਸੁਹਿਰਦ ਉੱਦਮ-ਉਪਰਾਲਾ ਕਰ ਕੇ ਵਿੱਦਿਅਕ ਸੰਸਥਾਵਾਂ ਦੀ ਸਥਾਪਨਾ ਕੀਤੀ। ਵਿੱਦਿਅਕ ਸੰਸਥਾਵਾਂ ਜਿੱਥੇ ਹੋਰ ਧਰਮਾਂ ਜਾਂ ਜਥੇਬੰਦੀਆਂ ਵੱਲੋਂ ਚਲਾਈਆਂ ਜਾ ਰਹੀਆਂ ਹਨ, ਉੱਥੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ

*੪੭L/੩, ੯੯੭ ਨਾਮਦੇਵ ਕਲੋਨੀ, ਪੁਰਾਣੀ ਚੁੰਗੀ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ। ਮੋ. +੯੧੯੮੧੪੪੬੧੭੦੨*

ਅੰਮ੍ਰਿਤਸਰ ਵੱਲੋਂ ਵਿੱਦਿਅਕ ਸੰਸਥਾਵਾਂ ਦੀ ਸਥਾਪਨਾ ਰਾਜਨੀਤਿਕ, ਮਾਨਸਿਕ, ਆਰਥਿਕ ਅਤੇ ਸਰੀਰਿਕ ਸ਼ੋਸ਼ਣ ਤੋਂ ਸਮਾਜ ਨੂੰ ਬਚਾਉਣ ਹਿੱਤ ਅਤੇ ਆਧੁਨਿਕ ਪੜ੍ਹਾਈ ਦੇ ਨਾਲ-ਨਾਲ ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ ਕੀਤੀ।

ਸੰਸਥਾਵਾਂ ਦੇ ਖੇਤਰ ਵਿੱਚੋਂ ਵਿੱਦਿਅਕ ਸੰਸਥਾ ਦੀ ਗੱਲ ਕਰੀਏ ਤਾਂ ਸਿੱਖ ਜਗਤ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਦੀ ਲੜੀ ਵਿੱਚੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਵਸਾਈ ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਗੁਰੂ ਸਾਹਿਬ ਜੀ ਦੇ ਪਾਵਨ ਪਵਿੱਤਰ ਨਾਮ ਹੇਠ ਚੱਲ ਰਿਹਾ 'ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ' ਰਾਮਸਰ ਰੋਡ ਪੁਰ ਸਥਿਤ ਹੈ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਮੁਢਲੀਆਂ ਸੰਸਥਾਵਾਂ ਵਿੱਚੋਂ ਇਕ ਹੈ। ਇਸ ਸਕੂਲ ਦੀ ਮੌਜੂਦਾ ਇਮਾਰਤ ਦਾ ਨੀਂਹ-ਪੱਥਰ ਪੰਥ ਦੀ ਮਹਾਨ ਹਸਤੀ, ਜੋ ਉਸ ਵਕਤ ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਪ੍ਰਧਾਨ ਸਨ, ਬਾਬਾ ਈਸ਼ਰ ਸਿੰਘ ਮਰਹਾਣਾ ਨੇ ੬ ਮਾਰਚ, ੧੯੩੮ ਈ. ਮੁਤਾਬਿਕ ੨੩ ਫੱਗਣ ਸੰਮਤ ੪੬੯ ਨਾਨਕਸ਼ਾਹੀ ਨੂੰ ਰੱਖਿਆ। ਸੰਸਥਾ ਦੀ ਸਥਾਪਨਾ ਵੇਲੇ ਇਹ ਹਾਈ ਸਕੂਲ ਵਜੋਂ ਸਥਾਪਿਤ ਹੋਇਆ। ਸ਼ੁਰੂਆਤੀ ਸਮੇਂ ਇਹ ਸਕੂਲ ਗੁਰਦੁਆਰਾ ਬੀਬੀ ਕੌਲਾਂ ਜੀ (ਕੌਲਸਰ) ਦੇ ਸਰੋਵਰ ਲਾਗੇ ਮੰਜੀ ਸਾਹਿਬ ਦੀਵਾਨ ਹਾਲ ਦੇ ਨਜ਼ਦੀਕ ਸਥਾਪਿਤ ਕੀਤਾ ਗਿਆ ਸੀ ਜਿਸ ਦੇ ਨਾਲ ਹੀ ਸ੍ਰੀ ਗੁਰੂ ਰਾਮਦਾਸ ਡਿਸਪੈਂਸਰੀ, ਹਸਪਤਾਲ ਤੇ ਸ਼੍ਰੋਮਣੀ ਅਕਾਲੀ ਦਲ ਦਾ ਦਫ਼ਤਰ ਵੀ ਸੀ। ਇਸ ਸਕੂਲ ਦੀ ਸਥਾਪਨਾ ਅਤੇ ਸ਼ੁਰੂਆਤੀ ਦੌਰ ਦੀ ਜਾਣਕਾਰੀ ਇਕੱਤਰ ਕਰਦਿਆਂ ਮੈਨੂੰ (ਲੇਖਕ ਨੂੰ) ਭਰੋਸੇਯੋਗ ਸੂਤਰਾਂ ਤੋਂ ਮੌਖਿਕ ਰੂਪ ਵਿਚ ਇਹ ਗਿਆਤ ਹੋਇਆ ਹੈ ਕਿ ਪਹਿਲਾਂ ਲੜਕੀਆਂ ਲਈ ਵਿਸ਼ੇਸ਼ ਰੂਪ ਇਹ ਸਕੂਲੀ ਸਿੱਖਿਆ ਲਈ ਇਸ ਸੰਸਥਾ ਵੱਲੋਂ ਯਤਨ ਅਰੰਭੇ ਸਨ ਜਿਸ ਨੂੰ ਅਰੰਭ ਕਰਨ ਦੇ ਵਿਸ਼ੇਸ਼ ਕਾਰਨ ਸਨ ਅਤੇ ਜਿਨ੍ਹਾਂ ਦੀ ਸਮੇਂ ਅਨੁਸਾਰ ਸਿੱਖੀ ਦੇ ਪੰਥਕ ਹਿੱਤਾਂ ਲਈ ਵਿਸ਼ੇਸ਼ ਲੋੜ ਸੀ, ਇਹ ਸਕੂਲ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਸ਼ੁਰੂ ਕੀਤਾ ਗਿਆ ਸੀ।

ਆਪਣੀ ਵਧੀਆ ਕਾਰਗੁਜ਼ਾਰੀ ਅਤੇ ਸ਼ਾਨਦਾਰ ਨਤੀਜਿਆਂ ਕਾਰਨ ੧ ਦਸੰਬਰ, ੧੯੬੭ ਈ. ਤੋਂ ਇਸ ਨੂੰ ਅਪਗ੍ਰੇਡ ਕਰ ਕੇ ਹਾਇਰ ਸੈਕੰਡਰੀ ਸਕੂਲ ਦਾ ਦਰਜਾ ਦਿੱਤਾ ਅਤੇ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ੯੫ ਪ੍ਰਤੀਸ਼ਤ ਗ੍ਰਾਂਟ ਸਕੀਮ ਅੰਦਰ ਲਿਆਂਦਾ ਗਿਆ। ਇਸੇ ਤਰ੍ਹਾਂ ੧੯੯੦ ਈ. ਵਿਚ ੫੦ ਸਾਲਾਂ ਬਾਅਦ ਇਸ ਨੂੰ ਸੀਨੀਅਰ ਸੈਕੰਡਰੀ ਸਕੂਲ ਵਜੋਂ ਅਪਗ੍ਰੇਡ ਕਰ ਦਿੱਤਾ ਗਿਆ। ਕਲਾਸ ਛੇਵੀਂ ਤੋਂ ਬਾਰ੍ਹਵੀਂ ਤਕ ਹਰ ਸਾਲ ਇੱਥੋਂ ਲੱਗਭਗ ੧੨੦੦ ਤੋਂ ੧੪੦੦ ਦੇ ਕਰੀਬ ਸਿਖਿਆਰਥੀ ਸਿੱਖਿਆ ਗ੍ਰਹਿਣ ਕਰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਰੰਤਰ ਹਰ ਸਾਲ ਸਾਲਾਨਾ ਬਜ਼ਟ ਵਿਚ ਵਿੱਦਿਅਕ ਖੇਤਰ ਲਈ ਬਹੁਤ ਸਾਰਾ ਫੰਡ ਰੱਖਿਆ ਜਾਂਦਾ ਹੈ ਜਿਸ ਵਿਚ ਇਸ ਸਕੂਲ ਲਈ ਯੋਗ ਸਹੂਲਤਾਂ ਮੁਹੱਈਆ ਕਰਵਾਈਆਂ

ਜਾਂਦੀਆਂ ਹਨ। ਇਸ ਸਕੂਲ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਹਿੱਤ ਖੁੱਲੀ ਤੇ ਹਵਾਦਾਰ, ਪੂਰੇ ਲੋੜੀਂਦੇ ਸਾਮਾਨ ਨਾਲ ਭਰੀ 'ਫਿਜ਼ਿਕਸ ਲੈਬ' ਬਣਾਈ ਗਈ ਹੈ ਜੋ ਕਿ ਆਧੁਨਿਕ ਸਹੂਲਤਾਂ ਨਾਲ ਲੈਸ ਹੈ। ਇਸ ਤੋਂ ਇਲਾਵਾ ਖੁੱਲੀ ਅਤੇ ਪੂਰਨ ਸਹੂਲਤਾਂ ਵਾਲੀ 'ਕੈਮਿਸਟਰੀ ਲੈਬ' ਵੀ ਬਣਾਈ ਗਈ ਜਿਸ ਨਾਲ ਵਿਦਿਆਰਥੀਆਂ ਨੂੰ ਸੁਖਾਲੇ ਅਤੇ ਨਿਵੇਕਲੇ ਢੰਗ ਨਾਲ ਸਿੱਖਿਆ ਗ੍ਰਹਿਣ ਕਰਨ ਵਿਚ ਸਹੂਲਤ ਮਿਲਦੀ ਹੈ ਅਤੇ ਜਿਸ ਨਾਲ ਵਿਦਿਆਰਥੀ ਵਿਹਾਰਕ ਰੂਪ ਵਿਚ ਇਨ੍ਹਾਂ ਵਿਸ਼ਿਆਂ 'ਤੇ ਵਧੀਆ ਅਭਿਆਸ ਕਰ ਕੇ ਆਪਣੇ ਜੀਵਨ ਨੂੰ ਉੱਜਵਲ ਬਣਾ ਸਕਦੇ ਹਨ। ਇਸੇ ਤਰ੍ਹਾਂ 'ਬਾਇਓ ਲੈਬ' ਦਾ ਵੀ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਮੈਡੀਕਲ ਵਿਸ਼ੇ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਆਧੁਨਿਕ ਢੰਗ ਨਾਲ ਤੇ ਵਿਸ਼ੇ ਨਾਲ ਸੰਬੰਧਿਤ ਜਾਣਕਾਰੀ ਪ੍ਰਦਾਨ ਕਰਵਾਈ ਜਾ ਸਕੇ ਜਿਸ ਨਾਲ ਉਹ ਆਪਣੀ ਸਿੱਖਿਆ ਵਿਚ ਹੋਰ ਵਧੀਆ ਢੰਗ ਨਾਲ ਵਾਧਾ ਕਰ ਕੇ ਸਮਾਜ ਤੇ ਮਨੁੱਖਤਾ ਦੀ ਭਲਾਈ ਹਿੱਤ ਕਾਰਜ ਕਰ ਸਕਣ। ਇਸ ਸਕੂਲ ਵਿਚ ਮੈਡੀਕਲ ਅਤੇ ਨਾਨ-ਮੈਡੀਕਲ ਗਰੁੱਪ ਦੇ ਨਾਲ-ਨਾਲ ਆਰਟਸ ਗਰੁੱਪਾਂ ਦੀ ਪੜ੍ਹਾਈ ਲਈ ਵੀ ਉੱਚਿਤ ਪ੍ਰਬੰਧ ਕੀਤੇ ਗਏ ਹਨ।

ਇਸ ਤੋਂ ਇਲਾਵਾ ਸਮੇਂ-ਸਮੇਂ 'ਤੇ ਇਸ ਸਕੂਲ ਦੇ ਪ੍ਰਬੰਧਾਂ ਨੂੰ ਚਲਾਉਣ ਲਈ ਯੋਗ ਤੇ ਵਿਦਵਾਨ ਪ੍ਰਿੰਸੀਪਲ ਸਾਹਿਬਾਨ ਦੀ ਨਿਯੁਕਤੀ ਵੀ ਕੀਤੀ ਗਈ। ਜਿਸ ਵਿਚ ਪ੍ਰਿੰਸੀਪਲ ਮਾਹਣਾ ਸਿੰਘ, ਪ੍ਰਿੰਸੀਪਲ ਗੁਰਬਖਸ਼ ਸਿੰਘ, ਪ੍ਰਿੰਸੀਪਲ ਜਜਬੀਰ ਸਿੰਘ, ਪ੍ਰਿੰਸੀਪਲ ਨਾਹਰ ਸਿੰਘ, ਪ੍ਰਿੰਸੀਪਲ ਬਲਬੀਰ ਸਿੰਘ, ਪ੍ਰਿੰਸੀਪਲ ਹਰਦੇਵ ਸਿੰਘ, ਪ੍ਰਿੰਸੀਪਲ ਬਲਵਿੰਦਰ ਸਿੰਘ, ਪ੍ਰਿੰਸੀਪਲ ਮੋਹਨ ਸਿੰਘ ਆਦਿ ਨਾਮ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹਨ। ਇਸ ਦੇ ਨਾਲ ਹੀ ਇੱਥੋਂ ਦੇ ਹੀ ਕੁਝ ਅਧਿਆਪਕਾਂ ਨੂੰ ਇੱਥੋਂ ਦੇ ਹੀ ਮੁੱਖ ਸੰਚਾਲਕ (ਪ੍ਰਿੰਸੀਪਲ) ਹੋਣ ਦਾ ਮਾਣ ਮਿਲਿਆ ਜਿਨ੍ਹਾਂ ਵਿੱਚੋਂ ਪ੍ਰਿੰ. ਹਰਦੇਵ ਸਿੰਘ ਜੀ, ਪ੍ਰਿੰ. ਮੋਹਣ ਸਿੰਘ ਅਤੇ ਹੁਣ ਪ੍ਰਿੰ. ਅਮਰਜੀਤ ਕੌਰ ਜੀ ਵਿਸ਼ੇਸ਼ ਰੂਪ ਵਿਚ ਸੇਵਾ ਨਿਭਾ ਰਹੇ ਹਨ। ਪ੍ਰਿੰਸੀਪਲ ਹਰਦੇਵ ਸਿੰਘ ਨੇ ਆਪਣੀ ਉੱਚ ਵਿੱਦਿਆ ਅਤੇ ਤਜ਼ਰਬੇ ਦੇ ਆਧਾਰ 'ਤੇ ਯੋਗਤਾ ਭਰਪੂਰ ਭਰੀ ਅਗਵਾਈ ਹੇਠ ਮਿਹਨਤੀ ਸਟਾਫ ਨਾਲ ਪਰਵਾਰਿਕ ਸਾਂਝ ਬਣਾ ਕੇ ਸੰਸਥਾ ਨੂੰ ਤਰੱਕੀ ਦੀਆਂ ਰਾਹਾਂ 'ਤੇ ਖੜ੍ਹਾ ਕੀਤਾ ਅਤੇ ਇਸ ਸੰਸਥਾ ਦੇ ਮਾਣ ਨੂੰ ਵਧਾਉਂਦਿਆਂ ਵਿੱਦਿਅਕ ਖੇਤਰ ਵਿਚ ਅਨੇਕਾਂ ਮੱਲਾਂ ਮਾਰੀਆਂ। ਵੱਖ-ਵੱਖ ਪ੍ਰਾਪਤੀਆਂ ਸਦਕਾ ਪ੍ਰਿੰਸੀਪਲ ਹਰਦੇਵ ਸਿੰਘ ਨੇ ਬਤੌਰ ਪ੍ਰਿੰਸੀਪਲ ਵਜੋਂ ਨਿਯੁਕਤ ਆਪਣੀ ਵਧੀਆ ਕਾਰਗੁਜ਼ਾਰੀ ਕਰ ਕੇ ੨੦੦੭ ਈ. ਵਿਚ ਸਟੇਟ ਅਵਾਰਡ ਵੀ ਪ੍ਰਾਪਤ ਕੀਤਾ। ਮੌਜੂਦਾ ਸਮੇਂ ਵਿਚ ਪ੍ਰਿੰ. ਅਮਰਜੀਤ ਕੌਰ ਤੇ ਸਮੁੱਚਾ ਸਟਾਫ ਵੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ ਆਪਣੇ ਫਰਜ਼ਾਂ ਪ੍ਰਤੀ ਵਚਨਬੱਧ ਹੋ ਕੇ ਅਹਿਮ ਭੂਮਿਕਾ ਨਿਭਾ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ (ਸੰਗਠਿਤ ਸੰਸਥਾ) ਵਿੱਦਿਅਕ

ਅਦਾਰਾ ਹੋਣ ਕਰਕੇ ਇਸ ਦੇ ਮਿੱਥੇ ਹੋਏ ਟੀਚਿਆਂ ਅਨੁਸਾਰ ਇਸ ਸੰਸਥਾ ਵਿਚ ਵਿਸ਼ੇਸ਼ ਤੌਰ 'ਤੇ ਗੁਰਬਾਣੀ ਅਤੇ ਸਿੱਖ ਇਤਿਹਾਸ ਤੇ ਸਿੱਖ ਸਰੋਕਾਰਾਂ ਦੀ ਸੂਝ-ਬੂਝ ਪ੍ਰਦਾਨ ਕਰਨ ਹਿੱਤ ਅਤੇ ਸਿੱਖੀ ਵਿਰਸੇ ਨਾਲ ਜੋੜਨ ਲਈ ਵੀ ਭਰਪੂਰ ਯਤਨ ਕੀਤੇ ਜਾਂਦੇ ਹਨ। ਇਸ ਤਹਿਤ ਵਿਸ਼ੇਸ਼ ਤੌਰ 'ਤੇ ਧਾਰਮਿਕ ਸਿੱਖਿਆ ਦੇਣ ਲਈ ਯੋਗ ਧਾਰਮਿਕ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ। ਇਸ ਸੰਸਥਾ ਵਿਚ ਪ੍ਰਮੁੱਖ ਤੌਰ 'ਤੇ ਮਾਸਟਰ ਬਲਦੇਵ ਸਿੰਘ ਜੀ ਧਾਰਮਿਕ ਅਧਿਆਪਕ ਵੱਲੋਂ ਵੀ ਆਪਣੇ ਕਾਰਜ-ਕਾਲ ਦੌਰਾਨ ਭਰਪੂਰ ਸੇਵਾਵਾਂ ਨਿਭਾਈਆਂ ਗਈਆਂ। ਇਸ ਦੇ ਨਾਲ ਧਰਮ ਪ੍ਰਚਾਰ ਕਮੇਟੀ ਵੱਲੋਂ ਜੋ ਸਾਲਾਨਾ ਧਾਰਮਿਕ ਪ੍ਰੀਖਿਆ ਵਿਸ਼ੇਸ਼ ਰੂਪ ਵਿਚ ਲਈ ਜਾਂਦੀ ਹੈ ਉਸ ਲਈ ਵਿਦਿਆਰਥੀਆਂ ਨੂੰ ਵਿਸ਼ੇਸ਼ ਮਾਇਕ ਸਹਾਇਤਾ ਵਜੋਂ ਵਜੀਫ਼ੇ ਆਦਿ ਵੀ ਪ੍ਰਦਾਨ ਕੀਤੇ ਜਾਂਦੇ ਹਨ। ਉਸ ਲਈ ਅਤੇ ਧਰਮ ਪ੍ਰਚਾਰ ਦੇ ਹੋਰ ਪ੍ਰਮੁੱਖ ਕਾਰਜਾਂ ਵਿਸ਼ੇਸ਼ ਕਰਕੇ ਵਿਦਿਆਰਥੀਆਂ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਅਤੇ ਅੰਮ੍ਰਿਤਧਾਰੀ ਹੋਣ ਲਈ ਵੀ ਪ੍ਰੇਰਿਤ ਕਰਨ ਲਈ ਵੀ ਇਨ੍ਹਾਂ ਨੇ ਭਰਪੂਰ ਯੋਗਦਾਨ ਪਾਇਆ। ਇਸ ਪ੍ਰਕਾਰ ਗੁਰਮਤਿ ਸੰਗੀਤ, ਢਾਡੀ, ਕਵੀਸ਼ਰੀ, ਕਾਵਿ-ਰਚਨਾ, ਚਿੱਤਰਕਾਰੀ ਆਦਿ ਦੇ ਖੇਤਰ ਵਿਚ ਸਿੱਖੀ ਵਿਰਸੇ ਦੇ ਪ੍ਰਸੰਗ ਹੇਠ ਸਿੱਖ ਰਹੁ-ਰੀਤਾਂ ਨਾਲ ਵਿਦਿਆਰਥੀਆਂ ਦੀ ਇਕਮਿਕਤਾ ਤੇ ਉਨ੍ਹਾਂ ਵਿਚ ਇਨ੍ਹਾਂ ਦੀ ਪ੍ਰਪੱਕਤਾ ਨੂੰ ਕਾਇਮ ਰੱਖਣ ਲਈ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ ਜਿਸ ਤਹਿਤ ਵਿਸ਼ੇਸ਼ ਸੰਗੀਤ ਅਧਿਆਪਕਾਂ ਦੀ ਨਿਯੁਕਤੀ ਅਤੇ ਹਰ ਸਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ 'ਤੇ ਵਿਸ਼ੇਸ਼ (ਪ੍ਰਤੀਯੋਗਤਾਵਾਂ) ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਵਿਦਿਆਰਥੀਆਂ ਦੀ ਵਿਸ਼ੇਸ਼ ਰੂਪ ਵਿਚ ਹੌਂਸਲਾ-ਅਫ਼ਜ਼ਾਈ ਕੀਤੀ ਜਾਂਦੀ ਹੈ।

ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਪਿਛਲੇ ਅੱਠ ਦਹਾਕਿਆਂ ਤੋਂ ਵਿੱਦਿਅਕ ਖੇਤਰ ਵਿਚ ਸੇਵਾ ਨਿਭਾ ਰਹੀ ਇਸ ਸੰਸਥਾ ਨੇ ਵਿੱਦਿਅਕ, ਸੱਭਿਆਚਾਰਕ, ਧਾਰਮਿਕ, ਖੇਡਾਂ ਆਦਿ ਸਾਰੇ ਖੇਤਰਾਂ ਵਿਚ ਵਿਚ ਤਰੱਕੀ ਹਾਸਲ ਕੀਤੀ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਖੇਤਰ, ਸਾਇੰਸ ਮੇਲੇ, ਸਾਲਾਨਾ ਸਕੂਲੀ ਖੇਡਾਂ ਆਦਿ ਵਿਚ ਜ਼ਿਲ੍ਹਾ ਪੱਧਰ, ਰਾਜ ਪੱਧਰ ਅਤੇ ਰਾਸ਼ਟਰੀ ਪੱਧਰ ਤਕ ਸਫ਼ਲਤਾ ਹਾਸਲ ਕਰ ਕੇ ਅਨੇਕਾਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਨੈਸ਼ਨਲ ਕੌਂਸਲ ਆਫ ਐਜੂਕੇਸ਼ਨ ਰੀਸਰਚ ਐਂਡ ਟਰੇਨਿੰਗ ਵੱਲੋਂ ਆਯੋਜਿਤ ਰਾਸ਼ਟਰੀ ਪੱਧਰ 'ਤੇ ਸਾਇੰਸ ਮੇਲਿਆਂ 'ਤੇ ਸਾਇੰਸ ਮਾਡਲਾਂ ਦੀ ਸ਼ਮੂਲੀਅਤ ਵੀ ਇਸ ਸਕੂਲ ਦੀ ਇਕ ਵੱਡੀ ਪ੍ਰਾਪਤੀ ਹੈ ਜਿਸ ਵਿਚ ਸ. ਸਰਬਜੀਤ ਸਿੰਘ ਜੋ ਕਿ ਲੈਕਚਰਾਰ ਕਮਿਸਟਰੀ ਵਜੋਂ ਸੇਵਾ ਨਿਭਾ ਰਹੇ ਹਨ, ਦਾ ਵਿਸ਼ੇਸ਼ ਯੋਗਦਾਨ ਹੈ ਅਤੇ ਹੋਰ ਸਟਾਫ ਮੈਂਬਰ ਵੀ ਇਸ ਸਭ ਲਈ ਤਤਪਰ ਹਨ। ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਆਧੁਨਿਕ ਮੀਡੀਆ ਰਾਹੀਂ ਸਿੱਖ ਵਿਰਸੇ ਦੀਆਂ ਉੱਚੀਆਂ-ਸੁੱਚੀਆਂ ਰਹੁ-ਰੀਤਾਂ ਤੋਂ ਮੂੰਹ ਮੋੜੀ ਨੌਜਵਾਨ ਪੀੜ੍ਹੀ ਨੂੰ ਪ੍ਰਿੰਸੀਪਲ ਹਰਦੇਵ ਸਿੰਘ, ਮਾਸਟਰ ਬਲਦੇਵ ਸਿੰਘ ਤੇ ਹੋਰ ਸਟਾਫ ਦੇ ਵਿਸ਼ੇਸ਼ ਯਤਨਾਂ

ਸਦਕਾ ਪ੍ਰੇਰਿਤ ਕਰ ਕੇ ਸਿੱਖੀ ਵਿਰਸੇ ਵੱਲ ਵਾਪਸੀ ਕਰਵਾਈ ਗਈ।

ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦਿਆਂ ਹੋਇਆਂ ਹਰ ਸਾਲ ਗੁਰਮਤਿ ਲੇਖਾਂ, ਕਵਿਤਾਵਾਂ ਤੇ ਹੋਰ ਉਸਾਰੂ ਜਾਣਕਾਰੀ ਨਾਲ ਭਰਪੂਰ ਸਮਗਰੀ ਰਾਹੀਂ ਅਤੇ ਸਮੇਂ-ਸਮੇਂ 'ਤੇ ਸ਼ਤਾਬਦੀਆਂ ਨੂੰ ਸਮਰਪਿਤ ਵਿਸ਼ੇਸ਼ ਇਤਿਹਾਸਿਕ ਜਾਣਕਾਰੀ ਭਰਪੂਰ ਲੇਖਾਂ ਰਾਹੀਂ ਸਕੂਲ ਵੱਲੋਂ ਇਕ ਮੈਗਜ਼ੀਨ 'ਰਾਮਸਰ' ਪ੍ਰਕਾਸ਼ਿਤ ਕੀਤਾ ਜਾਂਦਾ ਹੈ ਜਿਸ ਦਾ ਬਹੁਪੱਖੀ ਲਾਭ ਅਧਿਆਪਕ, ਵਿਦਿਆਰਥੀਆਂ ਤੇ ਹਰੇਕ ਪਾਠਕ ਨੂੰ ਬਾਖੂਬੀ ਪਹੁੰਚਦਾ ਹੈ। ਇਸ ਵਿਚ ਸੰਸਥਾ ਦੁਆਰਾ ਵਿੱਦਿਅਕ ਪ੍ਰਾਪਤੀਆਂ ਅਤੇ ਹਰੇਕ ਖੇਤਰ ਵਿਚ ਮਾਰੀਆਂ ਮੱਲਾਂ ਬਾਰੇ ਭਰਪੂਰ ਜਾਣਕਾਰੀ ਪ੍ਰਦਾਨ ਕਰਵਾਈ ਜਾਂਦੀ ਹੈ। ਇਸ ਮੈਗਜ਼ੀਨ ਵਿਚ ਸੰਸਥਾ ਦੀ ਸਾਲਾਨਾ ਰਿਪੋਰਟ ਨੂੰ ਪੇਸ਼ ਕੀਤਾ ਜਾਂਦਾ ਜਿਸ ਵਿਚ ਹਰੇਕ ਸਾਲ ਦੀਆਂ ਗਤੀਵਿਧੀਆਂ, ਨਤੀਜੇ, ਅਧਿਆਪਕਾਂ, ਵਿਦਿਆਰਥੀਆਂ ਤੇ ਹੋਰ ਸ਼ਖ਼ਸੀਅਤ ਦੁਆਰਾ ਦਿੱਤੀ ਵੱਖ-ਵੱਖ ਵਿਸ਼ਿਆਂ 'ਤੇ ਜਾਣਕਾਰੀ ਹਰੇਕ ਤਰ੍ਹਾਂ ਦੇ ਪਾਠਕ ਲਈ ਲਾਹੇਵੰਦ ਹੁੰਦੀ ਹੈ। ਇਸ ਦੇ ਨਾਲ ਹੀ ਇਸ ਵਿਚ ਦਿੱਤੀਆਂ ਚੋਣਵੀਆਂ ਤਸਵੀਰਾਂ ਕੁਝ ਪੁਰਾਣੀਆਂ ਯਾਦਾਂ ਦੀ ਛਾਪ ਪਾਠਕਾਂ ਦੇ ਮਨਾਂ 'ਤੇ ਛੱਡ ਜਾਂਦੀਆਂ ਹਨ ਜਿਨ੍ਹਾਂ ਨੂੰ ਦੇਖਿਆਂ ਸੰਬੰਧਿਤ ਆਪਣੇ ਅਤੀਤ ਵਿਚ ਪਹੁੰਚ ਕੇ ਬੀਤੇ ਹੋਏ ਪਲਾਂ ਨੂੰ ਵੱਖਰੀ ਖੁਸ਼ਬੋਈ ਵਿੱਚੋਂ ਮਹਿਸੂਸ ਕਰਦਾ ਹੈ। ਇਹ ਮੈਗਜ਼ੀਨ ਹਰੇਕ ਵਿਦਿਆਰਥੀ ਨੂੰ ਆਪਣੇ ਵਿਚਾਰ ਤੇ ਜਜ਼ਬਾਤ ਪ੍ਰਗਟਾਉਣ ਵਾਸਤੇ ਇਕ ਚੰਗਾ ਮਾਧਿਅਮ ਸਾਬਤ ਹੋ ਰਿਹਾ ਹੈ। ਮੈਗਜ਼ੀਨ ਵਿਚ ਦਰਸਾਈਆਂ ਪ੍ਰਾਪਤੀਆਂ ਵਿਦਿਆਰਥੀਆਂ ਦੇ ਘਰਾਂ ਤਕ ਪਹੁੰਚਾ ਕੇ ਸਕੂਲ ਅਤੇ ਮਾਪਿਆਂ ਵਿਚਕਾਰ ਦੂਰੀਆਂ ਨੂੰ ਖ਼ਤਮ ਕਰ ਹੋਰ ਨੇੜੇ ਲਿਆਉਣ ਦਾ ਯਤਨ ਇਕ ਵਿਸ਼ੇਸ਼ ਕੜੀ ਦਾ ਕੰਮ ਕਰਦਾ ਹੈ।

ਇਸ ਪ੍ਰਕਾਰ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਸਾਈ ਪਾਵਨ ਪਵਿੱਤਰ ਇਤਿਹਾਸਿਕ ਨਗਰੀ ਸ੍ਰੀ ਅੰਮ੍ਰਿਤਸਰ ਸਿਫਤੀ ਦਾ ਘਰ ਵਿਖੇ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਪਵਿੱਤਰ ਨਾਮ ਹੇਠ ਸ੍ਰੀ ਗੁਰੂ ਰਾਮਦਾਸ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਦੀ ਸਥਾਪਨਾ ਤੋਂ ਲੈ ਕੇ ਵਰਤਮਾਨ ਤਕ ਮਿਆਰੀ ਰੂਪ ਵਿਚ ਦਿੱਤੀ ਜਾ ਰਹੀ ਵਿੱਦਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਵਿਸ਼ੇਸ਼ ਤੇ ਉਚੇਚਾ ਕਾਰਜ ਹੈ। *ਵਿਦਿਆ ਵੀਚਾਰੀ ਤਾਂ ਪਰਉਪਕਾਰੀ* ਦੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਉਂਦਾ ਹੋਇਆ ਇਹ ਸਕੂਲ ਸਿੱਖ ਕੌਮ ਦੀ ਵਿਲੱਖਣ ਹੋਂਦ-ਹਸਤੀ ਅਤੇ ਸਿਧਾਂਤਾਂ ਨੂੰ ਦ੍ਰਿੜ੍ਹ ਕਰਵਾਉਂਦਾ ਹੋਇਆ ਭਰਪੂਰ ਯੋਗਦਾਨ ਪਾ ਰਿਹਾ ਹੈ। ਇਹ ਸਕੂਲ ਸ੍ਰੀ ਅੰਮ੍ਰਿਤਸਰ ਦੀ ਘੁੱਗ ਵੱਸਦੀ ਅਬਾਦੀ ਵਿਚ ਸ਼ਹਿਰ ਦੇ ਹੋਰਨਾਂ ਸਕੂਲਾਂ ਵਿੱਚੋਂ ਹਮੇਸ਼ਾਂ ਖਿੱਚ ਦਾ ਕੇਂਦਰ-ਬਿੰਦੂ ਰਿਹਾ ਹੈ। ਇਹ ਸਕੂਲ ਢਾਡੀ, ਕਵੀਸ਼ਰੀ, ਸ਼ਬਦ ਗਾਇਨ ਮੁਕਾਬਲੇ, ਧਾਰਮਿਕ ਪ੍ਰੀਖਿਆਵਾਂ ਵਿਚ ਜਿੱਥੇ ਮੋਹਰੀ ਲਾਈਨ ਵਿਚ ਰਹਿੰਦਾ ਹੈ, ਉੱਥੇ ਖੇਡਾਂ ਵਿਚ ਜੂਡੋ-ਕਰਾਟੇ, ਤਾਈਕਵਾਡੋਂ ਆਦਿ ਵਿਚ ਵੀ ਦੇਸ਼ ਪੱਧਰੀ ਖੇਡਾਂ ਅਤੇ ਵਿਦੇਸ਼ਾਂ ਵਿਚ ਵੀ ਮੱਲਾਂ ਮਾਰ ਰਿਹਾ ਹੈ।

ਇਸ ਸਕੂਲ ਵਿੱਚੋਂ ਅਨੇਕਾਂ ਹੀ ਵਿਦਿਆਰਥੀਆਂ ਨੇ ਸਿੱਖਿਆ ਹਾਸਲ ਕਰ ਕੇ

ਸਮਾਜ ਵਿਚ ਵੱਖ-ਵੱਖ ਖੇਤਰਾਂ ਵਿਚ ਕਾਰਜਸ਼ੀਲ ਰਹਿ ਚੁੱਕੇ ਹਨ ਜਿਨ੍ਹਾਂ ਵਿੱਚੋਂ ਅਸੀਂ ਖੋਜ ਕਰ ਕੇ ਕੁਝ ਕੁ ਦੇ ਨਾਮ ਇੱਥੇ ਦੇ ਰਹੇ ਹਾਂ। ਜਿਨ੍ਹਾਂ ਵਿੱਚੋਂ ਮੁੱਖ ਰੂਪ ਵਿਚ ਡਾ. ਹਰਭਜਨ ਸਿੰਘ ਸੋਚ, ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, (੧੯੪੬ ਤੋਂ ੧੯੫੧ ਈ.) ਤਕ ਪੜ੍ਹੇ। ਡਾ. ਜਤਿੰਦਰਪਾਲ ਸਿੰਘ ਜੋਲੀ, ਰੀਡਰ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ (੧੯੭੫ ਈ. ਵਿਚ ਦਸਵੀਂ ਦੇ ਵਿਦਿਆਰਥੀ) ਰਹੇ। ਪ੍ਰੋ. ਮੋਹਨ ਸਿੰਘ, ਸਾਬਕਾ ਸੀਨੀਅਰ ਲੈਕਚਰਾਰ, ਅੰਗਰੇਜ਼ੀ ਵਿਭਾਗ, ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ, (੧੯੪੬ ਤੋਂ ੧੯੫੨ ਈ. ਤਕ) ਵਿਦਿਆਰਥੀ ਰਹੇ। ਡਾ. ਕਿਰਪਾਲ ਸਿੰਘ, ਪ੍ਰਿੰਸੀਪਲ ਸ੍ਰੀ ਸੁਖਮਨੀ ਇੰਸਟੀਚਿਊਟ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਡੇਰਾ ਬੱਸੀ, ਪਟਿਆਲਾ (੧੯੫੨ ਤੋਂ ੧੯੫੮ ਈ. ਤਕ) ਵਿਦਿਆਰਥੀ ਰਹੇ। ਸ. ਇੰਦਰ ਸਿੰਘ ਦੇਵ, ਸਾਬਕਾ ਮੈਨੇਜਰ, ਸਟੇਟ ਬੈਂਕ ਆਫ ਇੰਡੀਆ ਨੇ ੧੯੫੯ ਈ. ਵਿਚ ਦਸਵੀਂ ਪਾਸ ਕੀਤੀ। ਕੈਪਟਨ ਹਰਬੰਸ ਸਿੰਘ ਪਦਮ (ਬੀ. ਐਸ. ਸੀ. ਇੰਜੀਨੀਅਰਿੰਗ) ਨੇ ੧੯੫੭ ਈ. ਵਿਚ ਮੈਟ੍ਰਿਕ ਪਾਸ ਕੀਤੀ। ਪ੍ਰਿੰਸੀਪਲ ਜੇ. ਐਸ. ਬਾਵਾ ਨੇ ੧੯੪੯ ਈ. ਵਿਚ ਮੈਟ੍ਰਿਕ ਪਾਸ ਕੀਤੀ। ਸ. ਗੁਰਬਚਨ ਸਿੰਘ, ਸਹਾਇਕ ਨਿਗਰਾਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, (੧੯੫੬ ਤੋਂ ੧੯੬੧ ਈ. ਤਕ) ਵਿਦਿਆਰਥੀ ਰਹੇ। ਸ. ਬਲਕਾਰ ਸਿੰਘ, ੧੯੫੭ ਈ. ਵਿਚ ਮੈਟ੍ਰਿਕ ਪਾਸ ਕੀਤੀ, ਜੋ ਕਿ ਪੀ. ਡਬਲਿਊ. ਡੀ. ਵਿਚ ਬਤੌਰ ਸਰਕਲ ਸੁਪਰਟੈਂਡੈਂਟ ਸੇਵਾ-ਮੁਕਤ ਹੋਏ। ਸ. ਹਰਜਿੰਦਰ ਸਿੰਘ ਛੀਨਾ, (੧੯੫੬-੧੯੬੧ ਈ.) ਪ੍ਰਧਾਨ, ਅਫਸਰ ਐਸੋਸੀਏਸ਼ਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਨਿਗਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ। ਸ. ਮਹਿੰਦਰ ਸਿੰਘ ਸਮਰਾ, (੧੯੫੬ ਤੋਂ ੧੯੬੨ ਈ.) ਤਕ ਵਿਦਿਆਰਥੀ ਰਹੇ ਅਤੇ ਬਤੌਰ ਪ੍ਰਿੰਸੀਪਲ ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ ਤਰਨ ਤਾਰਨ ਤੋਂ ਸੇਵਾ ਮੁਕਤ ਹੋਏ। ਪ੍ਰੋ. ਨਰਿੰਦਰ ਸਿੰਘ ਪੁਰੀ (ਰਿਟ.) ਡੀ. ਏ. ਵੀ. ਕਾਲਜ ਵਿਚ ਬਤੌਰ ਹੈਡ ਆਫ ਪੰਜਾਬੀ ਡੀਪਾਰਟਮੈਂਟ ਰਿਟਾਇਡ ਹੋਏ ਜੋ ਕਿ ੧੯੫੨ ਈ. ਵਿਚ ਵਿਦਿਆਰਥੀ ਰਹੇ। ਡਾ. ਹਰਭਜਨ ਸਿੰਘ ਲਾਰਕ (ਰਿਟਾ:), ਬਤੌਰ ਲੈਕਚਰਾਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ (੧੯੫੭ ਈ. ਵਿਚ ਵਿਦਿਆਰਥੀ ਰਹੇ)। ਸ੍ਰੀ ਸਵਰਨ ਚੰਦਨ, ੧੯੫੭ ਈ. ਵਿਚ ਵਿਦਿਆਰਥੀ ਰਹੇ ਜੋ ਕਿ ਪੰਜਾਬੀ ਸਾਹਿਤ ਤੇ ਚਿੰਤਨ ਦੀ ਜਾਣੀ-ਪਛਾਣੀ ਹਸਤੀ ਹਨ। ਇੰਝ ਅਨੇਕਾਂ ਅਨੇਕਾਂ ਹੀ ਵਿਦਿਆਰਥੀ ਹਨ ਜਿਨ੍ਹਾਂ ਦੀ ਸੂਚੀ ਦੇਣੀ ਹਥਲੇ ਲੇਖ ਵਿਚ ਸੰਭਵ ਨਹੀਂ। ਸੋ ਇਸ ਤਰ੍ਹਾਂ ਵਿੱਦਿਅਕ ਖੇਤਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਇਸ ਵਿੱਦਿਅਕ ਅਦਾਰੇ ਦਾ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਤੋਂ ਇਲਾਵਾ ਸਿੱਖ ਧਰਮ ਪ੍ਰਸਾਰ ਵਿਚ ਵੀ ਅਹਿਮ ਯੋਗਦਾਨ ਹੈ। ■

# ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ : ਸਥਾਪਨਾ, ਪ੍ਰਬੰਧ ਤੇ ਉਦੇਸ਼ 'ਖ਼ਾਲਸਾ ਸਮਾਚਾਰ' ਦੇ ਹਵਾਲੇ ਨਾਲ

*-ਡਾ. ਗੁਰਤੇਜ ਸਿੰਘ ਠੀਕਰੀਵਾਲਾ**

ਸਿੰਘ ਸਭਾ ਲਹਿਰ ਜਿਸ ਨੂੰ ਸਿੱਖ ਪੁਨਰ-ਜਾਗ੍ਰਿਤੀ ਦੀ ਲਹਿਰ ਵੀ ਕਿਹਾ ਜਾਂਦਾ ਹੈ, ਨੇ ਜਿੱਥੇ ਧਾਰਮਿਕ ਪੁਨਰ ਉਥਾਨ ਦਾ ਵਿਆਪਕ ਕਾਰਜ ਕੀਤਾ, ਉੱਥੇ ਵਿੱਦਿਅਕ ਖੇਤਰ ਵਿਚ ਵੀ ਮਿਆਰੀ ਤੇ ਲਾਸਾਨੀ ਪੁਲਾਂਘਾਂ ਪੁੱਟੀਆਂ ਸਨ। ਉਸ ਵੇਲੇ ਦੀ ਸਿਰਮੌਰ ਵਿੱਦਿਅਕ ਸੰਸਥਾ 'ਖ਼ਾਲਸਾ ਕਾਲਜ' ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਸਿੰਘ ਸਭਾ ਲਹਿਰ ਦੇ ਵਿੱਦਿਅਕ ਯਤਨਾਂ ਦਾ ਫ਼ਲ ਹੈ। ਖ਼ਾਲਸਾ ਕਾਲਜ ਦੀ ਸਥਾਪਨਾ ਦਾ ਮੰਤਵ ਸਿੱਖ ਵਿਦਿਆਰਥੀਆਂ ਨੂੰ ਦੁਨਿਆਵੀ ਤੇ ਰੁਜਗਾਰੀ ਵਿੱਦਿਆ ਦੇ ਨਾਲ-ਨਾਲ ਸਿੱਖ ਧਰਮ, ਇਤਿਹਾਸ ਅਤੇ ਰਹਿਤ ਮਰਯਾਦਾ ਵਿਚ ਪਰਪੱਕ ਰੱਖਣਾ ਸੀ। ਭਾਈ ਵੀਰ ਸਿੰਘ ਜੋ ਖਾਲਸਾ ਕਾਲਜ ਦੇ ਸੰਸਥਾਪਕਾਂ ਵਿੱਚੋਂ ਇਕ ਸਨ, ਅਨੁਸਾਰ ਇਸੇ ਉਦੇਸ਼ ਦੀ ਪੂਰਤੀ ਵਿਚ ਹੀ ਇਸ ਦੀ ਬਾਕੀ ਕਾਲਜਾਂ ਨਾਲੋਂ ਵਿਲੱਖਣਤਾ ਸਥਾਪਿਤ ਹੁੰਦੀ ਸੀ ਅਤੇ ਜੇ ਇਹ ਮੰਤਵ ਇੱਥੇ ਨਹੀਂ ਪੂਰਾ ਹੋ ਸਕਦਾ ਤਾਂ ਇਸ ਦਾ ਆਮ ਕਾਲਜਾਂ ਨਾਲੋਂ ਕੋਈ ਅੰਤਰ ਨਹੀਂ ਰਹਿ ਜਾਂਦਾ। ਇਸ ਹਾਲਤ ਵਿਚ ਇਹ ਕਾਲਜ 'ਖ਼ਾਲਸਾ ਕਾਲਜ' ਅਖਵਾਉਣ ਦਾ ਹੱਕਦਾਰ ਵੀ ਨਹੀਂ। ਖ਼ਾਲਸਾ ਕਾਲਜ ਸਿੱਖ ਬੱਚਿਆਂ ਨੂੰ ਦੁਨਿਆਵੀ ਤੇ ਵਿਵਹਾਰਕ ਵਿੱਦਿਆ ਦੇ ਨਾਲ ਧਰਮੀ ਤੇ ਪੰਥ ਸੇਵਕ ਬਣਾਉਣ ਦੇ ਮੰਤਵ ਨਾਲ ਹੋਂਦ ਵਿਚ ਆਇਆ ਸੀ।

ਭਾਵੇਂ ਦੋਹਾਂ ਦੀਵਾਨਾਂ (ਲਾਹੌਰ ਅਤੇ ਅੰਮ੍ਰਿਤਸਰ) ਵਿਚ ਵਿਰੋਧ ਚੱਲ ਰਹੇ ਸਨ, ਪਰ ਵਿੱਦਿਆ ਦੇ ਪ੍ਰਚਾਰ ਲਈ ਖ਼ਾਲਸਾ ਕਾਲਜ ਸਥਾਪਿਤ ਕਰਨ ਦਾ ਖ਼ਿਆਲ ਜ਼ੋਰ ਫੜਦਾ ਗਿਆ। ਹਾਲਾਂਕਿ ਇਸ ਸੰਸਥਾ ਲਈ ਸਥਾਨ ਦੀ ਚੋਣ ਨੂੰ ਲੈ ਕੇ ਵੀ ਦੋਵੇਂ ਦੀਵਾਨ ਇਕ ਮਤ ਨਹੀਂ ਸਨ ; ਖ਼ਾਲਸਾ ਦੀਵਾਨ ਲਾਹੌਰ ਵਾਲੇ ਲਾਹੌਰ ਵਿਚ ਇਹ ਕਾਲਜ ਸਥਾਪਿਤ ਕਰਵਾਉਣਾ ਚਾਹੁੰਦੇ ਸਨ ਅਤੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਵਾਲੇ ਇਹ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਹੀ ਸਥਾਪਿਤ ਕਰਨ 'ਤੇ ਜ਼ੋਰ ਦੇ ਰਹੇ ਸਨ। ਅਖੀਰ ੫ ਮਾਰਚ, ੧੮੯੨ ਈ. ਨੂੰ ਖ਼ਾਲਸਾ ਕਾਲਜ ਦੀ ਨੀਂਹ ਸ੍ਰੀ ਅੰਮ੍ਰਿਤਸਰ ਵਿਖੇ ਰੱਖੀ ਗਈ। ਇਸ ਵਿੱਦਿਅਕ ਸੰਸਥਾ ਦੇ ਪ੍ਰਬੰਧਕਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸਿੱਖ ਪੁਨਰ-ਜਾਗ੍ਰਿਤੀ ਦੀ ਲਹਿਰ ਵਿਚ ਬਹੁਪੱਖੀ ਨਿੱਗਰ ਯੋਗਦਾਨ ਪਾਇਆ ਅਤੇ ਇਸ ਸੰਸਥਾ ਦਾ ਨਿਰਮਾਨ ਸਿੱਖ ਪੁਨਰ-ਜਾਗ੍ਰਿਤੀ ਦੇ ਦੌਰ ਵਿਚ ਸਿੱਖਾਂ ਦੀ ਵੱਡੀ ਪ੍ਰਾਪਤੀ ਹੈ।

ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ੫ ਮਾਰਚ, ੧੮੯੨ ਈ. ਨੂੰ ਪੰਜਾਬ

**ਸਹਾਇਕ ਪ੍ਰੋਫ਼ੈਸਰ, ਮੀਰੀ ਪੀਰੀ ਖ਼ਾਲਸਾ ਕਾਲਜ, ਭਦੌੜ, ਜ਼ਿਲ੍ਹਾ ਬਰਨਾਲਾ- ੧੪੮੧੦੨; ਮੋ. +੯੧੯੪੬੩੮-੬੧੩੧੬*

ਦੇ ਗਵਰਨਰ ਸਰ ਜੇ. ਬੀ. ਲਾਇਲ ਦੁਆਰਾ ਨੀਂਹ ਪੱਥਰ ਰੱਖਣ ਨਾਲ ਹੋਈ ਸੀ। ਅੰਗਰੇਜ਼ ਸਰਕਾਰ ਦੁਆਰਾ ਖ਼ਾਲਸਾ ਕਾਲਜ ਦੀ ਬਹੁਪੱਖੀ ਉਨਤੀ ਵਾਸਤੇ ੧੦ ਹਜ਼ਾਰ ਸਾਲਾਨਾ ਮਾਲੀ ਸਹਾਇਤਾ, ਪ੍ਰਿੰਸੀਪਲ ਦੀ ਤਨਖਾਹ ਦਾ ਕੁਝ ਹਿੱਸਾ ਅਤੇ ਤਿੰਨ ਪ੍ਰੋਫ਼ੈਸਰਾਂ ਦੀ ਤਨਖਾਹ ਵੀ ਦਿੱਤੀ ਜਾਂਦੀ ਰਹੀ। ਸਮੇਂ-ਸਮੇਂ 'ਤੇ ਅੰਗਰੇਜ਼ ਅਧਿਕਾਰੀ ਹੌਂਸਲਾ ਅਫ਼ਜ਼ਾਈ ਵਾਸਤੇ ਵੀ ਕਾਲਜ ਦਾ ਦੌਰਾ ਕਰਦੇ ਸਨ। ਜਿਵੇਂ ੧੫ ਅਪ੍ਰੈਲ, ੧੯੦੩ ਈ. ਨੂੰ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਮਿ. ਚਾਰਲਸ ਰਿਵਾਜ਼ ਨੇ ਕਾਲਜ ਦਾ ਦੌਰਾ ਕਰ ਕੇ ਇਕ ਪੱਤਰ ਵੀ ਜਾਰੀ ਕੀਤਾ, ਜਿਸ ਵਿਚ ਉਸ ਨੇ ਕਾਲਜ ਦੌਰੇ ਤੋਂ ਉਤਪੰਨ ਹੋਈ ਖ਼ੁਸ਼ੀ ਦਾ ਇਜ਼ਹਾਰ ਕੀਤਾ ਸੀ।

ਇਹ ਪੱਤਰ ਅਸਲ ਕਾਪੀ ਸਮੇਤ ਪੰਜਾਬੀ ਵਿਚ ਉਲਥਾ ਕੇ 'ਖ਼ਾਲਸਾ ਸਮਾਚਾਰ' ਵਿਚ ਛਾਪਿਆ ਗਿਆ। ਇਸ ਦੇ ਕੁਝ ਸ਼ਬਦ ਵੰਨਗੀ ਵਜੋਂ ਪੇਸ਼ ਕੀਤੇ ਜਾਂਦੇ ਹਨ :

"ਮੈਂ ਕਲ੍ਹ ਸਵੇਰੇ ਅੰਮ੍ਰਿਤਸਰ ਖਾਲਸਾ ਕਾਲਜ ਦਾ ਮੁਲਾਹਿਜਾ ਕੀਤਾ। ਅਤੇ ਇਸ ਨੂੰ ਦੇਖ ਕੇ ਬਹੁਤ ਖੁਸ਼ ਹੋਇਆ। ਦੋਵੇਂ ਬੋਰਡਿੰਗ ਹਾਊਸਾਂ ਦੀਆਂ ਇਮਾਰਤਾਂ ਬਹੁਤ ਖੂਬਸੂਰਤ ਅਰ ਚੰਗੀਆਂ ਸਜੀਆਂ ਹੋਈਆਂ ਹਨ......।"[1]

ਅਤੇ ਅੰਗਰੇਜ਼ ਅਧਿਕਾਰੀਆਂ ਵੱਲੋਂ ਖ਼ਾਲਸਾ ਕਾਲਜ ਦੀ ਉਨਤੀ ਹਿੱਤ ਸਿੱਖਾਂ ਨੂੰ ਮਾਲੀ ਸਹਾਇਤਾ ਕਰਨ ਦੀਆਂ ਅਪੀਲਾਂ ਵੀ ਕੀਤੀਆਂ ਜਾਂਦੀਆਂ ਸਨ।

੧੨ ਅਪ੍ਰੈਲ, ੧੯੦੪ ਈ. ਨੂੰ ਖ਼ਾਲਸਾ ਕਾਲਜ ਵਿਚ ਕਾਲਜ ਦੇ ਪ੍ਰਧਾਨ ਡਾ. ਡਬਲਿਊ. ਐਚ. ਰੈਟਿੰਗਨ ਦੀ ਪ੍ਰਧਾਨਗੀ ਹੇਠ ਸਿੱਖ ਸਰਦਾਰਾਂ ਦਾ ਵਿਸ਼ਾਲ ਜਲਸਾ ਹੋਇਆ, ਜੋ ਸਿੱਖ ਪੁਨਰ-ਜਾਗ੍ਰਿਤੀ ਦੇ ਦੌਰ ਦਾ ਪਹਿਲਾ ਵੱਡਾ ਇਕੱਠ ਸੀ। ਇਸ ਜਲਸੇ ਨੇ ਪੰਥ ਦੀ ਨਿਘਰ ਰਹੀ ਹਾਲਤ ਨੂੰ ਇਸ ਕਦਰ ਮੋੜਾ ਪਾਇਆ ਕਿ ਅਨਮਤੀ ਅਖ਼ਬਾਰਾਂ (ਖ਼ਾਸ ਕਰਕੇ ਮੁਸਲਮਾਨਾਂ ਦੇ 'ਅਬਜ਼ਰਵਰ' (ਅੰਗਰੇਜ਼ੀ) ਨੇ ਵੀ ਇਸ ਜਲਸੇ ਦੀ ਕਾਮਯਾਬੀ ਦਾ ਬੁਰਾ ਮਨਾਇਆ ਅਤੇ ਆਪਣੇ ਅਖ਼ਬਾਰਾਂ ਵਿਚ ਬੇਬਾਕ ਲਿਖਿਆ ਕਿ ਸਰਕਾਰ ਸਿੱਖਾਂ ਦੀ ਨਜਾਇਜ਼ ਮਦਦ ਕਰ ਰਹੀ ਹੈ। ਕਾਲਜ ਦੇ ਪ੍ਰਿੰਸੀਪਲ ਮਿ. ਕੋਲ (ਇਕ ਅੰਗਰੇਜ਼ ਅਧਿਕਾਰੀ) ਨੇ ਕਾਲਜ ਦੀ ਰਿਪੋਰਟ ਪੜ੍ਹੀ, ਜਿਸ ਵਿਚ ਖ਼ੁਲਾਸਾ ਕੀਤਾ ਗਿਆ ਕਿ ਬੀ. ਏ. ਦੇ ਇਮਤਿਹਾਨ ਵਿੱਚੋਂ ਕਾਲਜ ਦੇ ਵਿਦਿਆਰਥੀ ਜੋਧ ਸਿੰਘ (ਭਾਈ) {ਪਹਿਲੇ ਵੀ. ਸੀ. ਪੰਜਾਬੀ ਯੂਨੀਵਰਸਿਟੀ ਪਟਿਆਲਾ} ਸਾਰੇ ਪੰਜਾਬ ਵਿੱਚੋਂ ਅੱਵਲ ਰਹੇ। ੧੯ ਨਵੰਬਰ, ੧੯੦੪ ਈ. ਨੂੰ ਖ਼ਾਲਸਾ ਕਾਲਜ ਦੀ ਵੱਡੀ ਇਮਾਰਤ ਦਾ ਨੀਂਹ ਪੱਥਰ ਗਵਰਨਰ ਪੰਜਾਬ ਚਾਰਲਸ ਰਿਵਾਜ਼ ਨੇ ਰੱਖਿਆ। ੧੧ ਦਸੰਬਰ, ੧੯੦੫ ਈ. ਨੂੰ ਗਵਰਨਰ ਪੰਜਾਬ ਦਾ ਪੁੱਤਰ ਪ੍ਰਿੰਸ ਆਫ ਵੇਲਜ਼ ਖ਼ਾਲਸਾ ਕਾਲਜ ਆਇਆ। ਇਸ ਨੇ ਵਿਦੇਸ਼ਾਂ ਵਿਚ ਸਿੱਖ ਵਿਦਿਆਰਥੀਆਂ ਨੂੰ ਵਜੀਫ਼ਿਆਂ ਸਮੇਤ ਪੜ੍ਹਾਈ ਕਰਨ ਲਈ ਮੌਕਾ ਪ੍ਰਦਾਨ ਕਰਨ ਦਾ ਵਾਅਦਾ ਕੀਤਾ।

ਦਿੱਲੀ ਦਰਬਾਰ ਦੇ ਅਵਸਰ 'ਤੇ ਚੀਫ਼ ਖਲਾਸਾ ਦੀਵਾਨ ਦੇ ਉੱਦਮਾਂ ਨਾਲ ੨੯੦੦ ਰੁਪਏ ਖ਼ਾਲਸਾ ਕਾਲਜ ਵਾਸਤੇ ਇਕੱਠੇ ਕੀਤੇ ਗਏ ਸੀ। ਕਾਲਜ ਦੀ ਮਾਲੀ ਹਾਲਤ ਨੂੰ ਸੁਧਾਰਨ ਹਿੱਤ ਕੁਝ ਪੰਥ-ਦਰਦੀਆਂ ਨੇ ਜੁਲਾਈ ੧੯੦੩ ਈ. ਵਿਚ ਮਾਸਿਕ ਚੰਦੇ ਦੇਣੇ ਵੀ

ਸ਼ੁਰੂ ਕੀਤੇ ਜਿਨ੍ਹਾਂ ਵਿਚ ਸ. ਭਗਵਾਨ ਸਿੰਘ ਜੱਜ ਚੀਫ ਕੋਰਟ ਪਟਿਆਲਾ, ਸ. ਧਰਮ ਸਿੰਘ ਇੰਜੀਨੀਅਰ, ਭਾਈ ਸੰਤ ਸਿੰਘ ਜੀ ਗ੍ਰੰਥੀ, ਭਾਈ ਪਰਤਾਪ ਸਿੰਘ ਤਹਿਸੀਲਦਾਰ ਸ. ਸੁੰਦਰ ਸਿੰਘ ਮਜੀਠੀਆ ਸਨ। ਬਾਅਦ ਵਿਚ ਸ. ਹੀਰਾ ਸਿੰਘ ਸਬ ਓਵਰਸੀਅਰ ਕਾਲਾ ਬਾਗ, ਸ. ਬਿਸ਼ਨ ਸਿੰਘ ਸਬ ਓਵਰਸੀਅਰ ਮਰਦਾਨ, ਡਾ. ਮਇਆ ਸਿੰਘ, ਸ. ਗੋਕਲ ਸਿੰਘ ਸਬ ਓਵਰਸੀਅਰ ਉਨਾਓਂ, ਭਾਈ ਗੈਹਲ ਸਿੰਘ ਮਸੂਰੀ, ਸ. ਕਾਨ੍ਹ ਸਿੰਘ ਨਾਭਾ ਅਤੇ ਭਾਈ ਹਰਨਾਮ ਸਿੰਘ ਆਟੇ ਵਾਲੇ ਲਾਹੌਰ ਇਨ੍ਹਾਂ ਨੇ ਵੀ ਮਾਸਿਕ ਚੰਦੇ ਦੇਣੇ ਸ਼ੁਰੂ ਕੀਤੇ।

**ਪ੍ਰਬੰਧਕ ਕਮੇਟੀ ਅਤੇ ਨਾਮਵਰ ਅਧਿਆਪਕ**

ਉਸ ਵੇਲੇ ਦੇ ਅਖਬਾਰਾਂ ਵਿੱਚੋਂ ਖ਼ਾਲਸਾ ਕਾਲਜ ਦੀ ਸਮੁੱਚੀ ਪ੍ਰਬੰਧਕੀ ਕਮੇਟੀ ਬਾਰੇ ਨਿਸ਼ਚਿਤ ਜਾਣਕਾਰੀ ਤਾਂ ਨਹੀਂ ਮਿਲਦੀ, ਪਰ ਇਸ ਦੇ ਪਹਿਲੇ ਸਕੱਤਰ ਸ. ਸੁੰਦਰ ਸਿੰਘ ਮਜੀਠੀਆ ਚੁਣੇ ਗਏ ਸਨ। ਕੁਝ ਲਿਖਤਾਂ ਵਿਚ ਭਾਈ ਜਵਾਹਰ ਸਿੰਘ ਦਾ ਪਹਿਲਾ ਸਕੱਤਰ ਨਿਯੁਕਤ ਹੋਣ ਦੀ ਸੂਚਨਾ ਹੈ।

ਅਪ੍ਰੈਲ ੧੯੦੫ ਈ. ਵਿਚ ਖ਼ਾਲਸਾ ਕਾਲਜ ਦੀ ਪ੍ਰਬੰਧਕੀ ਕਮੇਟੀ ਵਿਚ ਹਰਬੰਸ ਸਿੰਘ ਅਟਾਰੀ, ਭਗਵਾਨ ਸਿੰਘ ਜੱਜ ਚੀਫ਼ ਕੋਰਟ ਪਟਿਆਲਾ, ਅਜੀਤ ਸਿੰਘ ਪਟਿਆਲਾ, ਭਾਈ ਕਾਨ੍ਹ ਸਿੰਘ ਨਾਭਾ, ਸ਼ਮਸ਼ੇਰ ਸਿੰਘ ਜੀਂਦ, ਨਰੈਣ ਸਿੰਘ ਕਪੂਰਥਲਾ, ਰਾਮ ਸਿੰਘ ਫਰੀਦਕੋਟ, ਕੈਪਟਨ ਹਿਲ ਅਤੇ ਮੇਜਰ ਡਨਲਪ ਸਮਿਥ ਬਤੌਰ ਮੈਂਬਰ ਸ਼ਾਮਿਲ ਕੀਤੇ ਗਏ। ੧੦ ਮਈ, ੧੯੦੯ ਈ. ਦੀ ਇਕ ਮੀਟਿੰਗ ਵਿਚ ਕਾਲਜ ਕੌਂਸਲ ਦੇ ੨੫ ਮੈਂਬਰ ਰਿਆਸਤਾਂ ਵਿੱਚੋਂ ਅਤੇ ੨੬ ਮੈਂਬਰ ਸਰਕਾਰੀ ਇਲਾਕਿਆਂ (ਬਾਰੀ ਦੁਆਬ, ਰਾਵੀ ਪਾਰ ਅਤੇ ਬਿਆਸ ਉਰਾਰ) 'ਚੋਂ ਨਿਯੁਕਤ ਕੀਤੇ ਗਏ। ਬਾਰੀ ਦੁਆਬ ਦੇ ਮੈਂਬਰਾਂ ਵਿਚ ਭਾਈ ਵੀਰ ਸਿੰਘ ਨੂੰ ਵੀ ਲਿਆ ਗਿਆ, ਤਾਂ ਆਪ ਨੇ ਇਕ ਵੱਡੇ ਲਿਖਤੀ ਨੋਟ ਰਾਹੀਂ ਇਲਾਕਾਈ ਵੰਡ 'ਤੇ ਆਧਾਰਿਤ ਇਨ੍ਹਾਂ ਨਿਯੁਕਤੀਆਂ ਤੋਂ ਸਿੱਖ ਪੰਥ ਵਿਚ ਧੜੇਬੰਦੀ ਪੈਦਾ ਹੋਣ ਦਾ ਖਦਸ਼ਾ ਜ਼ਾਹਿਰ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ।

ਮਈ ੧੯੦੫ ਈ. ਨੂੰ ਅਧਿਆਪਨ ਸਟਾਫ਼ ਵਿਚ ਪ੍ਰੋ. ਜੋਧ ਸਿੰਘ ਦੀ ਨਿਯੁਕਤੀ ਬਤੌਰ ਧਾਰਮਿਕ ਪ੍ਰੋਫ਼ੈਸਰ ਕੀਤੀ ਗਈ। ਇਨ੍ਹਾਂ ਤੋਂ ਇਲਾਵਾ ਸ. ਨਰਾਇਣ ਸਿੰਘ ਐਮ.ਏ., ਐਲ.ਬੀ.ਬੀ. ਹੈੱਡਮਾਸਟਰ, ਸ. ਨਿਰੰਜਨ ਸਿੰਘ ਸੀਨੀਅਰ ਪ੍ਰੋਫ਼ੈਸਰ, ਸ. ਤਾਰਾ ਸਿੰਘ ਬੀ.ਏ., ਐਲ.ਐਲ.ਬੀ. ਅਤੇ ੨ ਦਸੰਬਰ, ੧੯੨੩ ਈ. ਨੂੰ ਡਾ. ਬਲਬੀਰ ਸਿੰਘ ਬਤੌਰ ਕੈਮਿਸਟਰੀ ਅਧਿਆਪਕ ਖ਼ਾਲਸਾ ਕਾਲਜ ਵਿਚ ਨਿਯੁਕਤ ਹੋਏ।

**ਕਾਲਜ ਦੀ ਉਨਤੀ ਵਿਦਿਆਰਥੀਆਂ ਦੀ ਜ਼ੁਬਾਨੀ**

ਖ਼ਾਲਸਾ ਕਾਲਜ ਵਿਚਲੀ ਪੜ੍ਹਾਈ ਅਤੇ ਜੀਵਨ-ਜਾਚ ਸਿਖਾਉਣ ਦੇ ਯਤਨ ਵਿਦਿਆਰਥੀਆਂ ਦੀ ਜ਼ਿੰਦਗੀ ਵਿਚ ਕਿਤਨੇ ਕੁ ਅਸਰ ਅੰਦਾਜ਼ ਹੋਏ, ਇਸ ਦਾ ਪਤਾ ਕਾਲਜ ਦੇ ਇਕ ਵਿਦਿਆਰਥੀ ਸੰਤੋਖ ਸਿੰਘ ਦੀ 'ਖ਼ਾਲਸਾ ਸਮਾਚਾਰ' ਵਿਚ ਛਪੀ ਚਿੱਠੀ ਤੋਂ ਲਗਦਾ ਹੈ, ਜਿਸ ਵਿਚ ਉਹ ਸਿੱਖ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਜ਼ਿੰਦਗੀ ਸੁਧਾਰਨ

ਲਈ ਇਸ ਕਾਲਜ ਵਿਚ ਦਾਖ਼ਲ ਕਰਨ ਅਤੇ ਕਾਲਜ ਲਈ ਮਾਇਕ ਸਹਾਇਤਾ ਦੇਣ ਦੀ ਅਪੀਲ ਕਰਦਾ ਹੈ। ਇਸ ਚਿੱਠੀ ਦੇ ਵੰਨਗੀ ਵਜੋਂ ਕੁਝ ਸ਼ਬਦ ਇਸ ਤਰ੍ਹਾਂ ਹਨ :-

"ਮੈਂ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਬੜਾ ਧਨਯਾਬਾਦ ਕਰਦਾ ਹਾਂ ਕਿ ਮੈਂ ਖਾਲਸਾ ਕਾਲਜ ਪੜ੍ਹਨ ਆਇਆ, ਜਿਥੇ ਲੋਕ ਪ੍ਰਲੋਕ ਦੋਵੇਂ ਸੌਰਦੇ ਹਨ, ਮੈਂ ਸਾਰੇ ਭਾਈਆਂ ਅਗੇ ਅਰਜ਼ ਕਰਦਾ ਹਾਂ ਕਿ ਜੇ ਆਪਣਿਆਂ ਲੜਕਿਆਂ ਨੂੰ ਸੁਧਾਰਨਾ ਚਾਹੁੰਦੇ ਹੋ ਤਾਂ ਛੇਤੀ ਖਾਲਸਾ ਕਾਲਜ ਭੇਜੋ, ਅਜ ਕਲ੍ਹ ਤਾਂ ਐਸੀ ਅਛੀ ਪੜ੍ਹਾਈ ਹੈ ਕਿ ਜਿਤਨੀ ਤਾਰੀਫ ਕਰੀਏ ਥੋੜੀ ਹੈ। ਦੂਜੇ ਇਥੇ ਲੜਕੇ ਗੁਰੂ ਘਰ ਦੇ ਪਕੇ ਵਾਕਫ ਹੋ ਜਾਂਦੇ ਹਨ 'ਇਕ ਪੰਥ ਦੋ ਕਾਜ' ਵਾਲੀ ਗਲ ਹੈ।[੨]"

ਕਾਲਜ ਦੇ ਵਿਦਿਆਰਥੀਆਂ ਦੁਆਰਾ ਕਾਲਜ ਦੀ ਉਸਤਤੀ ਵਿਚ ਉਚਾਰਨ ਕੀਤੀਆਂ ਕਵਿਤਾਵਾਂ ਵੀ ਖਾਲਸਾ ਸਮਾਚਾਰ ਵਿਚ ਛਾਪੀਆਂ ਜਾਂਦੀਆਂ ਸਨ। ਪ੍ਰਤਾਪ ਸਿੰਘ ਨਾਂ ਦੇ ਇਕ ਕਵੀ ਦੀ ਕਵਿਤਾ ਦੇ ਇਕ ਬੰਦ ਦੀ ਵੰਨਗੀ ਦੇਖੋ :

*"ਸੁਨ ਅਰਜ ਮੇਰੀ ਐ ਕੌਮ ਪਯਾਰੀ।*
*ਦਿਨ ਦਿਨ ਤੂੰ ਕਰੇਂ ਤ੍ਰਕੀ ਜਗ ਤੇ ਭਾਰੀ।*
*ਰਹੈ ਫਲਦੀ ਫੁਲਦੀ ਸਦਾ ਤੂੰ ਦੁਨੀਆਂ ਉਤੇ।*
*ਰਬ ਕਰੇ ਨਾ ਲਗੇ ਤੈਨੂੰ ਜਰਾ ਸੁਤੇ।*
*ਉਠ ਜਾਗ ਵਧਾਈ ਲੈ ਲੈ ਜਗ ਵਿਚ ਧੰਕਾ।*
*ਬਨ ਕਾਲਜ ਖਾਲਸਾ ਬਜੇ ਪੰਥ ਕਾ ਡੰਕਾ।"* [੩]

ਖ਼ਾਲਸਾ ਸਮਾਚਾਰ ਵਿੱਚੋਂ ਗਿਆਤ ਹੁੰਦਾ ਹੈ ਕਿ ਖ਼ਾਲਸਾ ਕਾਲਜ ਦੇ ਵਿਦਿਆਰਥੀ ਅਲੀਗੜ੍ਹ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਤਰ੍ਹਾਂ ਕਾਲਜ ਵਾਸਤੇ ਚੰਦਾ ਇਕੱਠਾ ਕਰਨ ਲਈ ਬਾਹਰ ਜਾਂਦੇ ਸਨ। 'ਖ਼ਾਲਸਾ ਸਮਾਚਾਰ' ਦੀ ਸਿੱਖ ਪੰਥ ਨੂੰ ਅਪੀਲ ਹੁੰਦੀ ਸੀ ਕਿ ਇਨ੍ਹਾਂ ਵਿਦਿਆਰਥੀਆਂ ਦੀ ਯਥਾਯੋਗ ਸਹਾਇਤਾ ਕੀਤਾ ਜਾਵੇ।

**ਕਾਲਜ ਦਾ ਪ੍ਰਬੰਧ ਸਿੱਖ ਪੰਥ ਅਧੀਨ**

ਨਵੰਬਰ ੧੯੨੦ ਈ. ਵਿਚ ਖ਼ਾਲਸਾ ਕਾਲਜ ਦਾ ਪ੍ਰਬੰਧ ਕਾਲਜ ਦੇ ਵਿਧਾਨ ਵਿੱਚੋਂ ਸਰਕਾਰ ਨੂੰ ਵਸੀਕਾਰ ਦੇਣ ਵਾਲੀ ਦਫ਼ਾ ਕੱਢ ਕੇ ਸਿੱਖ ਪੰਥ ਦੇ ਹਵਾਲੇ ਹੋਇਆ। ਇਕ ਆਰਜ਼ੀ ਕਮੇਟੀ ਬਣਾਈ ਗਈ, ਜਿਸ ਦੇ ਪ੍ਰਧਾਨ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ, ਉਪ-ਪ੍ਰਧਾਨ ਸ. ਸੁੰਦਰ ਸਿੰਘ ਮਜੀਠੀਆ ਅਤੇ ਸ. ਖੜਕ ਸਿੰਘ ਬਣੇ, ਹਰਬੰਸ ਸਿੰਘ ਅਟਾਰੀ, ਜੋਧ ਸਿੰਘ ਐਮ.ਏ. ਅਤੇ ਸ. ਜੋਗਿੰਦਰ ਸਿੰਘ ਮੈਂਬਰ ਲਏ ਗਏ। ਅੱਗੇ ਤੋਂ ਕੌਂਸਲ ਵਿਚ ੫੬ ਦੀ ਜਗ੍ਹਾ ੮੦ ਮੈਂਬਰਾਂ ਦੀ ਵਿਵਸਥਾ ਕੀਤੀ ਗਈ। ਇਨ੍ਹਾਂ ਦੀ ਵੰਡ ਇਸ ਤਰ੍ਹਾਂ ਕੀਤੀ ਗਈ :-

ੳ) ੪੦ ਮੈਂਬਰ ਪੰਜਾਬ ਦੀਆਂ ਰਿਆਸਤਾਂ ਵਿੱਚੋਂ ਹੇਠ ਲਿਖੇ ਅਨੁਸਾਰ ਨਾਮਜ਼ਦ ਹੋਣੇ ਨਿਸ਼ਚਿਤ ਕੀਤੇ ਗਏ- ਪਟਿਆਲਾ ੧੨, ਜੀਂਦ ੨, ਨਾਭਾ ੨, ਕਪੂਰਥਲਾ ੪ ਫਰੀਦਕੋਟ ੪, ਕਲਸੀਆ ੧।

ਅ) ੪੦ ਮੈਂਬਰਾਂ ਵਿੱਚੋਂ ੨੦ ਮੈਂਬਰ ਬਰਤਾਨਵੀ ਜ਼ਿਲ੍ਹਿਆਂ ਦੇ ਸਿੱਖ ਕੌਂਸਲਰਾਂ ਵਿੱਚੋਂ ਹੇਠ ਲਿਖੇ ਅਨੁਸਾਰ ਨਾਮਜ਼ਦ ਕੀਤੇ ਜਾਣੇ ਤੈਅ ਕੀਤੇ ਗਏ:-

੧੦ ਬਾਰੀ ਦੁਆਬ ਵਿੱਚੋਂ, ੫ ਰਾਵੀ ਦੇ ਇਲਾਕੇ ਵਿਚੋਂ, ੫ ਬਿਆਸ ਦੇ ਇਲਾਕੇ ਵਿੱਚੋਂ। ਬਾਕੀ ੨੦ ਮੈਂਬਰਾਂ ਦੀਆਂ ਨਾਮਜ਼ਦਗੀਆਂ ਹੇਠ ਲਿਖੇ ਅਨੁਸਾਰ ਕਰਨੀਆਂ ਤੈਅ ਹੋਈਆਂ ਸਨ:-

ਕਾਲਜ ਦੇ ਤਿੰਨ ਸਾਲ ਤੋਂ ਪੁਰਾਣੇ ਗ੍ਰੈਜੂਏਟਾਂ ਵਿੱਚੋਂ ੭, ਸਿੱਖ ਕਾਲਜਾਂ (ਖ਼ਾਲਸਾ ਕਾਲਜ ਛੱਡ ਕੇ) ਅਤੇ ਸਿੱਖ ਹਾਈ ਸਕੂਲਾਂ ਵੱਲੋਂ ੪, ਖ਼ਾਲਸਾ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਵੱਲੋਂ ੩, ਸਿੱਖ ਐਜੂਕੇਸ਼ਨਲ ਕਮੇਟੀ ਖ਼ਾਲਸਾ ਦੀਵਾਨ ਵੱਲੋਂ ੩, ਸਿੱਖ ਲੀਗ ਵੱਲੋਂ ੩, ਕੌਂਸਲ ਆਪਣੇ ਮੈਂਬਰਾਂ ਵਿੱਚੋਂ ਪ੍ਰਧਾਨ, ਉਪ-ਪ੍ਰਧਾਨ ਅਤੇ ਆਨਰੇਰੀ ਸਕੱਤਰ ਚੁਣੇਗੀ। ਕੌਂਸਲ ਦਾ ਕੋਈ ਤਨਖਾਹਦਾਰ ਮੈਂਬਰ ਨਾ ਬਣਾਉਣ ਦਾ ਫੈਸਲਾ ਵੀ ਹੋਇਆ। ਪ੍ਰਬੰਧਕ ਕਮੇਟੀ ਦੇ ੨੯ ਮੈਂਬਰ ਹੋਣਗੇ, ਜਿਨ੍ਹਾਂ ਵਿਚ ਕੌਂਸਲ ਦੇ ਪ੍ਰਧਾਨ, ਉਪ-ਪ੍ਰਧਾਨ, ਅਤੇ ਸਕੱਤਰ ਵੀ ਸ਼ਾਮਿਲ ਹੋਣਗੇ। ਰਿਆਸਤਾਂ ਵਿੱਚੋਂ ੧੩ ਮੈਂਬਰ ਹੇਠ ਲਿਖੇ ਅਨੁਸਾਰ ਲੈਣੇ ਨਿਸ਼ਚਿਤ ਹੋਏ :-

ਪਟਿਆਲਾ ੫, ਜੀਂਦ, ਨਾਭਾ, ਫਰੀਦਕੋਟ, ਕਪੂਰਥਲਾ ੨-੨, ਬਾਕੀ ਰਹਿੰਦੇ ਮੈਂਬਰ ਬਰਤਾਨਵੀ ਜ਼ਿਲ੍ਹਿਆਂ ਵਿੱਚੋਂ।

ਖ਼ਾਲਸਾ ਕਾਲਜ ਦਾ ਸਮੁੱਚਾ ਪ੍ਰਬੰਧ ਸਿੱਖ ਪੰਥ ਹਵਾਲੇ ਹੋਣ 'ਤੇ 'ਖ਼ਾਲਸਾ ਸਮਾਚਾਰ' ਨੇ ਮੁੱਖ ਪੰਨੇ 'ਤੇ ਨੋਟ ਛਾਪਿਆ ਕਿ ਇਸ ਜ਼ਿੰਮੇਵਾਰ ਸੰਸਥਾ ਦੀ ਵਾਗਡੋਰ ਸੁਹਿਰਦ ਇਰਾਦੇ ਅਤੇ ਸਮਰਪਿਤ ਭਾਵਨਾ ਨਾਲ ਸੰਭਾਲ ਕੇ ਕੌਮ ਨੂੰ ਕਾਲਜ ਪ੍ਰਤੀ ਬੇਹਤਰੀਨ ਦਰਜੇ ਦੀ ਪ੍ਰਬੰਧਕੀ ਕਾਬਲੀਅਤ ਦਾ ਸਬੂਤ ਦੇਣਾ ਚਾਹੀਦਾ ਹੈ। 'ਖ਼ਾਲਸਾ ਸਮਾਚਾਰ' ਅਨੁਸਾਰ ਇਸ ਦੀ ਕੌਮੀ ਆਨ-ਸ਼ਾਨ ਇਸ ਵਿਚ ਹੈ ਕਿ ਇਹ ਕਾਲਜ ਯੂਨੀਵਰਸਿਟੀ ਬਣੇ ਅਤੇ ਜਿਵੇਂ ਸ੍ਰੀ ਦਰਬਾਰ ਸਾਹਿਬ ਰੂਹਾਨੀਅਤ ਦਾ ਮੁਜੱਸਮਾ ਹੈ, ਇਸੇ ਤਰ੍ਹਾਂ ਖ਼ਾਲਸਾ ਕਾਲਜ ਸਿੱਖ ਵਿੱਦਿਆ ਦਾ ਕੇਂਦਰ ਬਣੇ, ਜਿਸ ਤੋਂ ਸਿੱਖ ਕੌਮ ਦੀਆਂ 'ਸਿੱਖਿਆ' ਵਾਲੇ ਪੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋਣ। ਲੇਕਿਨ ਉਸ ਵੇਲੇ ਕੁਝ ਰਾਸ਼ਟਰਵਾਦੀ ਰੰਗ ਵਾਲੇ ਕਾਂਗਰਸੀ ਸਿੱਖਾਂ ਨੇ ਸਰਕਾਰ ਦੁਆਰਾ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਨੂੰ ਯੂਨੀਵਰਸਿਟੀ ਬਣਾਉਣ ਦੀ ਸਿਰਫ਼ ਇਸ ਗੱਲ ਕਰ ਕੇ ਵਿਰੋਧ ਕੀਤਾ ਕਿ ਅਸੀਂ ਨਾਂ-ਮਿਲਵਰਤਣ ਤਹਿਤ ਅੰਗਰੇਜ਼ ਸਰਕਾਰ ਤੋਂ ਇਹ ਨਹੀਂ ਚਾਹੁੰਦੇ।

**ਹਵਾਲੇ :**


੧. *ਖ਼ਾਲਸਾ ਸਮਾਚਾਰ*, ੬ ਮਈ, ੧੯੦੩ ਈ., ਪੰਨਾ-੪ ; ੧੭ ਜੂਨ, ੧੯੦੩ ਈ., ਪੰਨਾ-੬ ; ੧੬ ਦਸੰਬਰ, ੧੯੦੯ ਈ., ਪੰਨਾ-੩ ; ੨ ਫਰਵਰੀ, ੧੯੧੧ ਈ., ਪੰਨਾ-੨ ; ੧੪ ਅਗਸਤ, ੧੯੧੩ ਈ., ਪੰਨਾ-੪ ; ੨੦ ਨਵੰਬਰ, ੧੯੧੩ ਈ., ਪੰਨਾ-੫

੨. *ਖ਼ਾਲਸਾ ਸਮਾਚਾਰ*, ੨੪ ਜੂਨ, ੧੯੦੩ ਈ., ਪੰਨਾ-੧੦

੩. *ਖ਼ਾਲਸਾ ਸਮਾਚਾਰ*, ੬ ਅਪ੍ਰੈਲ, ੧੯੦੪ ਈ., ਪੰਨਾ-੭

# ਅਖਰ ਕਾ ਭੇਉ-੩

*-ਗਿਆਨੀ ਗੁਰਜੀਤ ਸਿੰਘ**

*ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੯੭੮)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦੇ ਵਿਚ ਇਹ ਸ਼ਬਦ ਦੋ ਰੂਪਾਂ ਦੇ ਵਿਚ ਆਇਆ ਹੈ— ਉਲਾਹਨੋ, ਉਲਾਹਨੇ। ਆਮ ਪੰਜਾਬੀ ਬੋਲੀ ਦੇ ਵਿਚ ਅਸੀਂ ਆਮ ਤੌਰ 'ਤੇ ਸ਼ਬਦ ਉਲਾਂਭਾ ਵਰਤਦੇ ਹਾਂ। ਆਮ ਜੀਵਨ ਦੇ ਵਿਚ ਮਨੁੱਖ ਇਸ ਸ਼ਬਦ ਦੀ ਵਰਤੋਂ ਕਦੇ ਨਾ ਕਦੇ ਜ਼ਰੂਰ ਕਰਦਾ ਹੈ ਕਿ ਫਲਾਣੇ ਨੂੰ ਮੈਂ ਉਲਾਂਭਾ ਦਿੱਤਾ ਜਾਂ ਉਸ ਨੇ ਮੈਨੂੰ ਉਲਾਂਭਾ ਦਿੱਤਾ।

ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਦੇ ਵਿਚ ਇਸ ਦੇ ਅਰਥ— ਉਪਾਲੰਭ, ਉਲਾਭਾ ਦਿੱਤੇ ਹਨ। ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਦੀ ਵਿਆਖਿਆ ਕਰਦਿਆਂ 'ਗੁਰਬਾਣੀ ਪਾਠ ਦਰਪਣ' ਦੇ ਵਿਚ ਅਰਥ ਗਿਲਾ ਲਿਖੇ ਹਨ। ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਨੇ 'ਸਮ ਅਰਥ ਕੋਸ਼' ਵਿਚ ਉਪਰਲੇ ਅਰਥਾਂ ਦੇ ਨਾਲ ਸ਼ਿਕਵਾ ਵੀ ਲਿਖੇ ਹਨ।

ਇਹ ਸ਼ਬਦ ਕ੍ਰਿਆਸ਼ੈਲੀ ਦਾ ਸ਼ਬਦ ਹੈ। ਆਮ ਤੌਰ 'ਤੇ ਮਨੁੱਖ ਦੀ ਇੱਛਾ ਦੇ ਉਲਟ, ਲਾਭ ਦੇ ਵਿਪਰੀਤ ਜਦੋਂ ਕੁਝ ਵਾਪਰਦਾ ਹੈ ਤਾਂ ਮਨੁੱਖ ਨੂੰ ਉਹ ਚੰਗਾ ਨਹੀਂ ਲਗਦਾ, ਇਸ ਲਈ ਉਹ ਦੂਸਰੇ ਨੂੰ ਆਪਣੇ ਮਨ ਦੀ ਹਾਲਤ ਬਿਆਨ ਕਰਦਾ ਹੈ। ਉਸ ਸਮੇਂ ਜੋ ਮਨ ਦੀ ਦਸ਼ਾ ਹੁੰਦੀ ਹੈ, ਜਿਸ ਨੂੰ ਉਹ ਉਸ ਹਾਲਤ ਦਾ ਜ਼ਿੰਮੇਵਾਰ ਮੰਨਦਾ ਹੈ, ਉਸ ਦੇ ਤਾਈਂ ਕਹੇ ਹੋਏ ਸ਼ਬਦਾਂ ਨੂੰ ਉਲਾਹਨੋ, ਉਲਾਂਭਾ ਕਹਿੰਦੇ ਹਨ।

**ਉ = ਉਲਟਾ ਲਾ = ਲਾਭ ਹ = ਹਾਨੀ ਨੋ = ਘਨੋ**

ਮਨੁੱਖ ਸੁਖ ਦੀ ਤੇ ਲਾਭ ਦੀ ਇੱਛਾ ਦੇ ਨਾਲ ਕਰਮ ਕਰਦੇ ਹਨ। ਕਈ ਵਾਰ ਲਾਭ ਦੇ ਉਲਟ ਜਦੋਂ ਹਾਨੀ ਵਾਪਰਦੀ ਹੈ ਤਾਂ ਸਹਿਣ ਕਰਨੀ ਔਖੀ ਹੁੰਦੀ ਹੈ। ਪੜਤਾਲ ਕਰਨ 'ਤੇ ਜ਼ਿੰਮੇਵਾਰ ਵਿਅਕਤੀ ਨੂੰ ਉਲਾਂਭਾ ਦਿੰਦੇ ਹਨ। ਧਾਰਮਿਕ ਮਨੁੱਖ ਨਾਮ ਦਾ ਸਦਕਾ ਦੂਸਰੇ ਪੱਖ ਹਾਨੀ ਵੀ ਬਰਦਾਸ਼ਤ ਕਰ ਲੈਂਦੇ ਹਨ। ਉਹ ਕਰਨ ਵਾਲਾ ਕੇਵਲ ਪਰਮਾਤਮਾ ਨੂੰ ਹੀ ਮੰਨਦਾ ਹੈ, ਲਾਭ ਵੀ ਤੇਰੇ ਤੋਂ ਅਤੇ ਹਾਨੀ ਵੀ ਤੇਰੇ ਤੋਂ! ਮੇਰੇ ਵਾਸਤੇ ਇਹੀ ਠੀਕ ਹੈ!! ਗੁਰਬਾਣੀ ਅਨੁਸਾਰ :

*-ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੨੦)*

**#੯੬, ਸੰਤ ਇਨਕਲੇਵ, ਖੇੜੀ ਗੁੱਜਰਾਂ ਰੋਡ, ਪਟਿਆਲਾ-੧੪੭੦੦੧; ਮੋ. +੯੧੯੮੮੮੪-੬੬੯੮੭*

*-ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੯੪)*

## ੨. ਸਾਕਤ

*ਸਾਕਤ ਹਰਿ ਰਸ ਸਾਦੁ ਨ ਜਾਣਿਆ*
*ਤਿਨ ਅੰਤਰਿ ਹਉਮੈ ਕੰਡਾ ਹੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੧੩)*

'ਸਾਕਤ' ਸ਼ਬਦ ਗੁਰਬਾਣੀ ਦੇ ਵਿਚ ੧੨੦ ਵਾਰ ਦੇ ਕਰੀਬ ਆਇਆ ਹੈ। ਪਹਿਲੇ ਪਾਤਸ਼ਾਹ, ਚੌਥੇ ਪਾਤਸ਼ਾਹ, ਪੰਜਵੇਂ ਪਾਤਸ਼ਾਹ, ਭਗਤ ਕਬੀਰ ਜੀ ਅਨੇਕਾਂ ਵਾਰ ਇਸ ਸ਼ਬਦ ਦੀ ਵਰਤੋਂ ਕਰਦੇ ਹਨ। ਸੋਹਿਲਾ ਸਾਹਿਬ ਦੇ ਵਿਚ ਰਾਤ ਨੂੰ ਸੌਣ ਦੇ ਵੇਲੇ ਸਾਕਤ ਸ਼ਬਦ ਸਿੱਖ ਸੰਗਤ ਹਰ ਰੋਜ਼ ਪੜ੍ਹਦੀ ਹੈ। ਮਨੁੱਖ ਦੇ ਅੰਦਰ ਇਹ ਜਾਣਨ ਦੀ ਤਾਂਘ ਲਾਜ਼ਮੀ ਪੈਦਾ ਹੁੰਦੀ ਹੈ ਕਿ ਗੁਰੂ ਸਾਹਿਬਾਨ ਤੇ ਭਗਤ ਸਾਹਿਬਾਨ ਸਾਕਤ ਕਿਸ ਨੂੰ ਕਹਿ ਰਹੇ ਹਨ?

ਪ੍ਰੋ. ਸਾਹਿਬ ਸਿੰਘ ਨੇ 'ਗੁਰਬਾਣੀ ਪਾਠ ਦਰਪਣ' ਦੇ ਵਿਚ ਇਸ ਦੇ ਅਰਥ ਰੱਬ ਨਾਲੋਂ ਟੁੱਟੇ ਹੋਏ ਮਨੁੱਖ, ਮਾਇਆ-ਵੇੜ੍ਹਿਆ ਮਨੁੱਖ ਦਿੱਤੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਇਸ ਸ਼ਬਦ ਨੂੰ ਸੰਸਕ੍ਰਿਤ ਦਾ ਦੱਸਦਿਆਂ ਅਰਥ ਸ਼ਕਤੀ ਦਾ ਉਪਾਸਕ, ਦੁਰਗਾ-ਪੂਜਕ, ਕਾਲੀ ਦਾ ਭਗਤ ਲਿਖੇ ਹਨ ਤੇ ਅਰਬੀ ਦਾ ਬਿਆਨ ਕਰਦਿਆਂ ਅਰਥ ਪਤਿਤ, ਡਿੱਗਿਆ ਹੋਇਆ ਲਿਖੇ ਹਨ। ਭਾਈ ਵੀਰ ਸਿੰਘ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦੇ ਵਿਚ ਅਰਥ ਭਾਈ ਕਾਨ੍ਹ ਸਿੰਘ ਨਾਭਾ ਵਾਲੇ ਹੀ ਲਿਖੇ ਹਨ।

ਪ੍ਰੋ. ਬ੍ਰਹਮਜਗਦੀਸ਼ ਸਿੰਘ ਨੇ 'ਗੁਰੂ ਗ੍ਰੰਥ ਸੰਕਲਪ ਕੋਸ਼' ਦੇ ਵਿਚ ਸਾਕਤ ਸ਼ਬਦ ਨੂੰ ਸਾਕਤ ਮਤਿ ਦੇ ਨਾਲ ਜੋੜਿਆ ਹੈ ਜੋ ਪ੍ਰਾਚੀਨ ਭਾਰਤ ਦੇ ਵਿਚ ਕਾਫੀ ਪ੍ਰਧਾਨ ਰਿਹਾ ਹੈ। ਦੁਰਗਾ-ਪੂਜਕ ਜਾਂ ਕਾਲੀ ਦੇਵੀ ਦਾ ਭਗਤ। ਗਿਆਨੀ ਹਰਬੰਸ ਸਿੰਘ ਨੇ ਅਰਥ— ਮਾਇਆ ਦਾ ਪੁਜਾਰੀ ਦਿੱਤੇ ਹਨ।

ਇਸ ਸ਼ਬਦ ਦੇ ਅਰਥ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਆਪ ਬਾਣੀ ਦੇ ਵਿਚ ਰਾਗ ਕਲਿਆਨ ਮਹਲਾ ੪ ਅੰਗ ੧੩੨੪ 'ਤੇ ਕੀਤੇ ਹਨ ਜੋ ਕਿ ਬਹੁਤ ਹੀ ਸਰਲ ਹਨ ਅਤੇ ਸਾਕਤ ਸ਼ਬਦ ਨੂੰ ਪੂਰਾ ਖੋਲਦੇ ਹਨ:

*ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ ॥*

**ਸਾਕਤ**

ਸ = ਸੂਤ
ਾ = ਬਹੁ ਗੁਰਝੀ ਭਰਿਆ
ਕ = ਕਿਉ ਕਰਿ
ਤ = ਤਾਨੁ ਤਨੀਜੈ

ਉਹ ਸੂਤ ਜੋ ਗੁੰਝਲਾਂ ਦੇ ਨਾਲ ਹੀ ਭਰਿਆ ਹੋਇਆ ਹੋਵੇ, ਜਿਸ ਦੇ ਵਿੱਚੋਂ ਧਾਗਾ

ਨਿਕਲਦਾ ਹੀ ਨਹੀਂ ਹੈ। ਗੁਰੂ ਪਰਮੇਸ਼ਰ ਤੋਂ ਬਿਨਾਂ ਮਨੁੱਖੀ ਮਨ ਦੀ ਹਾਲਤ ਵੀ ਇਸੇ ਤਰ੍ਹਾਂ ਦੀ ਹੁੰਦੀ ਹੈ।

### ੩. ਕਾਹਾਹਾ

*ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੧੩੮੨)*

ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਭਗਤ ਸ਼ੇਖ ਫਰੀਦ ਜੀ ਦੇ ਸਲੋਕਾਂ ਦੇ ਵਿਚ ਕੇਵਲ ਇੱਕ ਵਾਰ ਹੀ ਆਇਆ ਹੈ। ਇਸਲਾਮਿਕ ਮਤ ਦੇ ਅਨੁਸਾਰ ਦੋਜਖ ਦੀ ਰੂਪ-ਰੇਖਾ ਬਿਆਨ ਕਰਦਿਆਂ ਭਗਤ ਜੀ ਇਸ ਸ਼ਬਦ ਦੀ ਵਰਤੋਂ ਕਰਦੇ ਹਨ। ਸਾਰੇ ਹੀ ਵਿਦਵਾਨਾਂ ਨੇ ਗੁਰਬਾਣੀ ਦੀ ਵਿਆਖਿਆ ਕਰਦਿਆਂ ਇਸ ਦੇ ਅਰਥ ਹਾਹਾਕਾਰ ਲਿਖੇ ਹਨ, ਜੋ ਕਿ ਬਿਲਕੁਲ ਠੀਕ ਹਨ। ਗੁਰਬਾਣੀ ਦੀ ਅਨੇਕ ਸ਼ੈਲੀਆਂ ਦੇ ਵਿਚ ਇਹ ਸ਼ਬਦ ਸੰਖੇਪ ਵਿਪਰੀਤ ਸ਼ੈਲੀ ਦਾ ਹੈ। ਭਾਵ ਸ਼ਬਦ ਨੂੰ ਪਹਿਲਾਂ ਸੰਖੇਪ (ਛੋਟਾ) ਤੇ ਫਿਰ ਉਲਟ ਕਰਕੇ ਲਿਖਿਆ ਹੋਇਆ ਹੈ। ਸਾਨੂੰ ਇਸ ਸ਼ਬਦ ਨੂੰ ਸਮਝਣ ਵਾਸਤੇ 'ਕਾ' ਨੂੰ 'ਹਾਹਾ' ਦੇ ਮਗਰ ਲਗਾਉਣਾ ਪਵੇਗਾ ਤੇ ਫੇਰ ਬਾਅਦ ਵਿਚ ਆਪਣੀ ਮਤ ਦੇ ਅੰਦਰ 'ਰ' ਲਗਾਉਣਾ ਪਵੇਗਾ ਫਿਰ ਇਸ ਸ਼ਬਦ ਦੇ ਅਰਥ ਉਹ ਬਣਨਗੇ ਜੋ ਅਸੀਂ ਆਮ ਬੋਲ ਚਾਲ ਦੇ ਵਿਚ ਬੋਲਦੇ ਹਾਂ— ਹਾਹਾਕਾਰ।

### ੪. ਟਿਕ

*ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੬੭੯)*

ਪਾਵਨ ਗੁਰਬਾਣੀ ਦੇ ਵਿਚ ਇਹ ਸ਼ਬਦ ਦੋ ਵਾਰ ਆਇਆ ਹੈ। ਦੋਨੋਂ ਵਾਰ ਇਸ ਸ਼ਬਦ ਦੇ ਨਾਲ ਅੰਧਲੇ (ਅੰਧੁਲੇ) ਦਾ ਵੀ ਜ਼ਿਕਰ ਹੈ। ਸੰਸਾਰ ਦੇ ਵਿਚ ਨੇਤਰਹੀਣ ਮਨੁੱਖ ਨੂੰ ਤੁਰਨ-ਫਿਰਨ ਦੇ ਵਾਸਤੇ ਸਹਾਰੇ ਦੀ ਲੋੜ ਪੈਂਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਵਿਚ ਇਸ ਦੇ ਅਰਥ ਸੋਟੀ, ਟੋਹਣੀ, ਲਾਠੀ ਦਿੱਤੇ ਹਨ। ਪ੍ਰੋ. ਸਾਹਿਬ ਸਿੰਘ ਨੇ 'ਗੁਰਬਾਣੀ ਪਾਠ ਦਰਪਣ' ਦੇ ਵਿਚ ਇਸ ਦੀ ਵਿਆਖਿਆ ਟੇਕ, ਸਹਾਰਾ ਕੀਤੀ ਹੈ। ਭਾਈ ਵੀਰ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦੇ ਵਿਚ ਇਸ ਦੇ ਅਰਥ ਜੋ ਟਿਕਾਵੇ ਸੋ ਟੇਕ ਯਾ ਟਿਕ ਆਸਰਾ ਜੋ ਬਿਲਕੁਲ ਠੀਕ ਹਨ ਪਰ ਸ਼ਬਦ ਨੂੰ ਪੂਰੀ ਤਰ੍ਹਾਂ ਦੇ ਨਾਲ ਨਹੀਂ ਖੋਲਦੇ।

ਇਹ ਸੰਖੇਪ ਸ਼ੈਲੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਸਭ ਤੋਂ ਜ਼ਿਆਦਾ ਵਰਤੀ ਗਈ ਹੈ ਉਸ ਦਾ ਸ਼ਬਦ ਹੈ। ਟਿਕ = ਲਸਟਿਕਾ ਦਾ ਸੰਖੇਪ ਹੈ।

ਸੰਸਕ੍ਰਿਤ ਦੇ ਵਿਚ ਲਾਠੀ ਨੂੰ ਲਸਟਿਕਾ ਆਖਦੇ ਹਨ।

*ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੧੭)*

ਪਾਵਨ ਬਾਣੀ ਦੇ ਵਿਚ ਬੜੇ ਸ਼ਬਦ ਐਸੇ ਹਨ ਜਿਨ੍ਹਾਂ ਨੂੰ ਇੱਕ ਜਗ੍ਹਾ 'ਤੇ ਪੂਰਾ ਲਿਖਿਆ ਬਾਕੀ ਜਗ੍ਹਾ 'ਤੇ ਸੰਖੇਪ ਕਰ ਕੇ ਉਚਾਰਿਆ।

## ੫. ਨਵਾ

*ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੬੬੦)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਵਿਚ ਇਹ ਸ਼ਬਦ ਮੌਜੂਦ ਹੈ ਜੋ ਕਿ ਆਮ ਬੋਲ-ਚਾਲ ਦੇ ਵਿਚ ਵੀ ਬਹੁਤ ਵਾਰੀ ਵਰਤਿਆ ਜਾਂਦਾ ਹੈ। ਨਿੱਕੀ ਤੋਂ ਵੱਡੀ ਸ਼ੈਅ ਦੇ ਨਾਲ ਲਗਾ ਕੇ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ— ਨਵੇਂ ਕੱਪੜੇ, ਨਵਾਂ ਮਕਾਨ, ਨਵਾਂ ਆਵਾਜਾਈ ਦਾ ਸਾਧਨ ਆਦਿ।

ਗੁਰਮਤਿ ਵਿਦਵਾਨਾਂ ਦੇ ਸਟੀਕ ਪੜ੍ਹੀਏ ਤਾਂ ਪਤਾ ਚਲਦਾ ਹੈ ਕਿ ਤਕਰੀਬਨ-ਤਕਰੀਬਨ ਸਾਰਿਆਂ ਨੇ ਹੀ ਨਵਾ ਦੇ ਅਰਥ ਨਵਾਂ ਹੀ ਕੀਤੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਅਰਥ ਦੇ ਨਵ, ਨਯਾ, ਨਵੀਨ ਲਿਖੇ ਹਨ। ਗਿਆਨੀ ਹਰਬੰਸ ਸਿੰਘ 'ਗੁਰਮਤਿ ਨਿਰਣੈ ਸਟੀਕ' ਦੇ ਵਿਚ ਨਵੇਲਾ ਬਿਆਨ ਕੀਤੇ ਹਨ। ਭਾਈ ਵੀਰ ਸਿੰਘ ਜੀ ਨੇ ਵੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦੇ ਵਿਚ ਇਸ ਦੇ ਅਰਥ ਨਵੀਨ ਹੀ ਲਿਖੇ ਹਨ।

ਮਨੁੱਖੀ ਮਨ ਦੇ ਵਿਚ ਇਹ ਸਵਾਲ ਪੈਦਾ ਹੁੰਦਾ ਹੈ ਕਿ ਨਵਾਂ ਕੀ ਹੈ? ਜਿਸ ਦਾ ਜਵਾਬ ਇਸ ਸ਼ਬਦ ਦੇ ਵਿਚ ਹੀ ਹੈ, ਜੋ ਖੋਲ੍ਹਣ 'ਤੇ ਮਿਲੇਗਾ।

ਇਹ ਕ੍ਰਿਆ ਸ਼ੈਲੀ ਦਾ ਸ਼ਬਦ ਹੈ ਜੋ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ।

ਨਵਾ = ਨਹੀਂ ਵਰਤਿਆ

ਨ = ਨਹੀਂ ਦੇ ਵਿੱਚੋਂ ਹੈ। ਵਾ = ਵਰਤਿਆ ਦਾ ਸੰਖੇਪ ਹੈ।

ਗੁਰੂ ਸਾਹਿਬਾਨ ਸਮਝਾ ਰਹੇ ਹਨ ਕਿ ਪਰਮਾਤਮਾ ਨਵੀਆਂ ਤੋਂ ਨਵੀਆਂ ਦਾਤਾਂ ਸਦਾ ਹੀ ਦੇ ਰਿਹਾ ਹੈ।

## ੬. ਪੁਰਾਣਾ

*ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੪੭੧)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬੋਲਾਂ ਦੇ ਵਿਚ ਜਨੇਊ, ਚੋਲਾ, ਸੱਚ ਦੇ ਨਾਲ ਇਹ ਸ਼ਬਦ ਕਈ ਵਾਰੀ ਆਇਆ। ਆਮ ਜੀਵਨ ਦੇ ਵਿਚ ਵੀ ਮਨੁੱਖ ਇਸ ਸ਼ਬਦ ਦੀ ਵਰਤੋਂ ਅਨੇਕਾਂ ਚੀਜ਼ਾਂ ਦੇ ਨਾਲ ਕਈ ਵਾਰੀ ਕਰਦਾ ਹੈ। 'ਮਹਾਨ ਕੋਸ਼' ਵਿਚ ਇਸ ਦੇ ਅਰਥ— ਬੋਦਾ, ਕਮਜ਼ੋਰ ਦਿੱਤੇ ਹਨ। ਭਾਈ ਵੀਰ ਸਿੰਘ ਜੀ ਨੇ ਇਸ ਦੇ ਅਰਥ ਜੀਰਨ ਤੇ ਬੋਦਾ ਲਿਖੇ ਨੇ। ਜੋ ਠੀਕ ਹਨ, ਪਰ ਸ਼ਬਦ ਨੂੰ ਪੂਰੀ ਤਰ੍ਹਾਂ ਦੇ ਨਾਲ ਨਹੀਂ ਖੋਲਦੇ। ਇਹ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ :

ਪੁਰਾਣਾ = ਪੂਰਾ + ਮਾਣਾ

ਅਤੇ ਇਹ ਦੋ ਤਰ੍ਹਾਂ ਦੇ ਨਾਲ ਆਉਂਦਾ ਹੈ। ਇਕ ਹੈ ਤਨ ਦੇ ਤਲ 'ਤੇ ਦੂਸਰਾ ਹੈ ਮਨ ਦੇ ਤਲ 'ਤੇ।

ਕਈ ਵਾਰ ਵਸਤੂ ਤਨ ਦੇ ਤਲ 'ਤੇ ਪੂਰੀ ਮਾਣੀ ਜਾਂਦੀ ਹੈ ਤੇ ਉਹ ਕਮਜ਼ੋਰ ਹੋ ਕੇ ਨਸ਼ਟ ਹੋ ਜਾਂਦੀ ਹੈ ਤੇ ਕਈ ਵਾਰ ਵਸਤੂ ਮਨ ਦੇ ਤਲ 'ਤੇ ਪੂਰੀ ਮਾਣੀ ਜਾਂਦੀ ਹੈ ਤੇ ਉਹ ਦੂਸਰੇ ਨੂੰ ਦਿੱਤੀ ਜਾਂਦੀ ਹੈ ਅਤੇ ਉਹ ਕਮਜ਼ੋਰ ਨਹੀਂ ਹੁੰਦੀ। ਕੱਪੜੇ ਦਿੰਦੇ ਤਾਂ ਉਹ ਬਿਲਕੁਲ ਨਵੇਂ ਪਏ ਹੁੰਦੇ ਹਨ ਪਰ ਦੇਣ ਵਾਲੇ ਨੇ ਮਨ ਦੇ ਤਲ 'ਤੇ ਪੂਰੀ ਤਰ੍ਹਾਂ ਦੇ ਨਾਲ ਮਾਣ ਲਏ ਹੁੰਦੇ ਹਨ।

## ੭. ਭਾਈ

*ਭਾਈ ਰੇ ਰਾਮੁ ਕਹਹੁ ਚਿਤੁ ਲਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੨੨)*

ਮਨੁੱਖ ਦੀ ਜੁਬਾਨ ਤੋਂ ਉਚਾਰਨ ਹੋਣ ਵਾਲਾ 'ਭਾਈ' ਸ਼ਬਦ ਅਨੇਕਾਂ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੀ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਇਤਿਹਾਸਿਕ ਗ੍ਰੰਥਾਂ ਦੇ ਵਿਚ ਆਇਆ ਹੈ। ਪਰਵਾਰਾਂ ਦੇ ਵਿਚ ਵੀ ਇਸ ਸ਼ਬਦ ਦੀ ਵਰਤੋਂ ਆਮ ਹੀ ਕੀਤੀ ਜਾਂਦੀ ਹੈ ਜਿਵੇਂ ਕਿ— ਤੁਸੀਂ ਕਿੰਨੇ ਭਾਈ ਹੋ?

'ਮਹਾਨ ਕੋਸ਼' ਦੇ ਵਿਚ ਇਸ ਦੇ ਅਰਥ ਭ੍ਰਾਤਾ ਬਿਆਨ ਕੀਤੇ ਗਏ ਹਨ। ਭਾਈ ਵੀਰ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਵਿਚ ਇਸ ਦੇ ਅਰਥ ਕੀਤੇ ਹਨ— ਇਕ ਮਾਤਾ ਪਿਤਾ ਤੋਂ ਜੰਮੇ ਦੋ ਜਣੇ ਆਪੇ ਵਿਚ ਭਾਈ ਹਨ। ਮਨੁੱਖੀ ਮਨ ਦੇ ਵਿਚ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਭਾਈ ਨੂੰ ਭਾਈ ਹੀ ਕਿਉਂ ਕਹੀਦਾ ਹੈ।

ਇਹ ਸ਼ਬਦ ਦੋ ਸ਼ਬਦਾਂ ਦਾ ਜੋੜ ਹੈ; ਕ੍ਰਿਆਸ਼ੈਲੀ ਦਾ ਸ਼ਬਦ ਹੈ:

ਭਾਈ = ਗਰਭ + ਮਾਈ

ਭ = ਗਰਭ ਦੇ ਵਿਚ ਹੈ

ਾਈ = ਮਾਈ

ਭਾਈ ਉਹ ਵਿਅਕਤੀ ਹੈ ਜੋ ਉਸ ਗਰਭ ਦੇ ਵਿਚ ਰਿਹਾ ਹੈ। ਜਿਸ ਗਰਭ ਦੇ ਵਿਚ ਮੈਂ ਰਿਹਾ ਹਾਂ। ਗੁਰੂ ਸਾਹਿਬਾਨ ਵਾਰ-ਵਾਰ ਇਸ ਸ਼ਬਦ ਦੀ ਵਰਤੋਂ ਉਪਦੇਸ਼ਾਂ ਦੇ ਵਿਚ ਕਰਦੇ ਹਨ ਕਿਉਂਕਿ ਅਸੀਂ ਸਾਰੇ ਇੱਕੋ ਪਿਤਾ ਅਤੇ ਇੱਕੋ ਮਾਤਾ ਪਰਮਾਤਮਾ ਤੋਂ ਪੈਦਾ ਹੋਏ ਹਾਂ :

*ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੩)*

## ੮. ਮਦੀਨਾ

*ਗੜ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ। (ਵਾਰ ੧:੩੭)*

ਭਾਈ ਗੁਰਦਾਸ ਜੀ ਦੀਆਂ ਵਾਰਾਂ ਦਸਵੇਂ ਪਾਤਸ਼ਾਹ ਦੇ ਪਾਵਨ ਕਬਿੱਤਾਂ ਤੇ ਇਤਿਹਾਸਿਕ ਗ੍ਰੰਥਾਂ ਦੇ ਵਿਚ ਇਹ ਸ਼ਬਦ ਮੌਜੂਦ ਹੈ। ਮਦੀਨਾ ਇਸਲਾਮ ਦੇ ਤਿੰਨ ਪਵਿੱਤਰ ਸ਼ਹਿਰਾਂ ਦੇ ਵਿਚ

ਮੱਕੇ ਤੋਂ ਬਾਅਦ ਦੂਸਰੇ ਨੰਬਰ 'ਤੇ ਆਉਂਦਾ ਹੈ। ਹਜ਼ਰਤ ਮੁਹੰਮਦ ਸਾਹਿਬ ਜਦੋਂ ਮੱਕੇ ਦੇ ਵਿਚ ਮੂਰਤੀ ਪੂਜਾ ਦੇ ਵਿਰੁੱਧ ਉਪਦੇਸ਼ ਕੀਤਾ ਅਤੇ ਮੱਕੇ ਦੀਆਂ ਪ੍ਰਚਲਿਤ ਕ੍ਰਿਤੀਆਂ ਨੂੰ ਨਿੰਦਿਆ ਤਾਂ ਸ਼ਹਿਰ ਦੇ ਲੋਕਾਂ ਨਾਲ ਉਨ੍ਹਾਂ ਦਾ ਵਿਰੋਧ ਵਧਿਆ ਤਾਂ ੬੨੨ ਈ. ਨੂੰ ਮੱਕੇ ਤੋਂ ਮਦੀਨੇ ਆਏ। ਇਸੇ ਸਮੇਂ ਤੋਂ ਹਿਜ਼ਰੀ ਸੰਨ ਅਰੰਭ ਹੋਇਆ। ਮਦੀਨੇ ਪੁੱਜ ਕੇ ਉਨ੍ਹਾਂ ਨੇ ਆਪਣੇ ਲਈ ਘਰ ਇੱਕ ਮਸਜਿਦ ਬਣਵਾਈ ਜੋ ਮਸਜਿਦੁਲ ਨਬੀ ਅਖਵਾਉਂਦੀ ਹੈ। ਸੰਨ ੬੩੦ ਈ. ਨੂੰ ਮੁਹੰਮਦ ਸਾਹਿਬ ਨੇ ੧੦,੦੦੦ ਮੁਸਲਮਾਨਾਂ ਨੂੰ ਲੈ ਕੇ ਮੱਕੇ 'ਤੇ ਜਿੱਤ ਹਾਸਲ ਕੀਤੀ। ਸੰਨ ੬੩੨ ਈ. ਨੂੰ ਤਾਪ ਦੇ ਨਾਲ ਕੁਝ ਸਮਾਂ ਬੀਮਾਰ ਰਹਿ ਕੇ ੮ ਜੂਨ ਨੂੰ ਮਦੀਨੇ ਵਿਚ ਹੀ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ।

ਮਦੀਨੇ ਦਾ ਪਹਿਲਾ ਨਾਮ ਯਸਰਿਬ (ਉੱਜੜਿਆ ਹੋਇਆ ਸ਼ਹਿਰ) ਸੀ।

ਮੁਹੰਮਦ ਸਾਹਿਬ ਦੇ ਦੇਹਾਂਤ ਤੋਂ ਬਾਅਦ ਇਸ ਦਾ ਨਾਮ ਮਦੀਨਾ ਪਿਆ।

ਮ = ਮੁਹੰਮਦ

ਦ = ਦਫਨ

ੀਨਾ = ਕੀਨਾ

ਉਹ ਜਗ੍ਹਾਂ ਜਿੱਥੇ ਮੁਹੰਮਦ ਸਾਹਿਬ ਦੇ ਸਰੀਰ ਨੂੰ ਦਫ਼ਨਾਇਆ ਗਿਆ।

## ੯. ਮੂਲੀ

*ਮੂਲੀ ਪਾਨ ਪਟੰਤਰਾ ਵਾਸੁ ਡਿਕਾਰੁ ਪਰਗਟੀਆਏ।* *(ਵਾਰ ੩੯:੨੦)*

ਆਮ ਜੀਵਨ ਦੇ ਵਿਚ ਖਾਣ ਹਿੱਤ ਵਰਤਿਆ ਜਾਣ ਵਾਲਾ ਇਕ ਕੰਦ ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਵਿਚ ਤਿੰਨ ਵਾਰ ਆਇਆ। ਇਹ ਕਈ ਰੰਗਾਂ ਦੇ ਵਿਚ ਪਾਈ ਜਾਂਦੀ ਹੈ। ਹਰੇਕ ਸੌ ਗ੍ਰਾਮ ਮੂਲੀ ਦੇ ਵਿਚ ੯੫.੨੭% ਕੇਵਲ ਪਾਣੀ ਹੀ ਹੁੰਦਾ ਹੈ। ਲਾਲ, ਚਿੱਟੀ, ਪੀਲੀ, ਗ਼ੁਲਾਬੀ, ਕਾਲੀ। ਕੋਰੀਆ ਦੇ ਵਿਚ ਇਸ ਨੂੰ 'ਅਪ' ਵੀ ਕਿਹਾ ਜਾਂਦਾ ਹੈ। ਭਾਰਤ ਤੇ ਸਾਊਥ ਏਸ਼ੀਆ ਦੇ ਵਿਚ ਇਸ ਨੂੰ ਮੂਲੀ ਕਿਹਾ ਜਾਂਦਾ ਹੈ। ਇਹ ਨਾਮ ਕਿਰਿਆ ਦੇ ਕਰਕੇ ਪਿਆ ਹੈ।

ਮੂਲੀ = ਮੂੰਹ ਬੋਲੀ

ਮੂ = ਮੂੰਹ ਦੇ ਵਿੱਚੋਂ ਹੈ।

ਲੀ = ਬੋਲੀ

ਜਿਹੜਾ ਵੀ ਮਨੁੱਖ ਕਿਸੇ ਵੀ ਤਰ੍ਹਾਂ ਦੇ ਨਾਲ ਇਸ ਦਾ ਸੇਵਨ ਕਰਦਾ ਹੈ। ਉਹ ਖਾ ਕੇ ਇਸ ਨੂੰ ਛਿਪਾ ਨਹੀਂ ਸਕਦਾ ਹੈ। ਡਕਾਰ ਦੇ ਰਾਹੀਂ ਦੂਸਰੇ ਨੂੰ ਪਤਾ ਲੱਗ ਜਾਂਦਾ ਹੈ ਕਿ ਇਸ ਨੇ ਮੂਲੀ ਖਾਧੀ ਹੈ। ਭਾਈ ਗੁਰਦਾਸ ਜੀ ਬਕਾਇਦਾ ਮੂਲੀ ਸ਼ਬਦ ਦੀ ਵਿਆਖਿਆ ਆਪਣੀਆਂ ਵਾਰਾਂ ਦੇ ਵਿਚ ਕਰਦੇ ਹਨ :

*ਬੋਲਣਿ ਪਾਜ ਉਘਾੜਿਆ ਜਿਉ ਮੂਲੀ ਪਤਾ॥* *(ਵਾਰ ੩੬:੨)* ■

# ਸ੍ਰੀ ਤਰਨ ਤਾਰਨ ਸਾਹਿਬ ਤੋਂ ਸ੍ਰੀ ਨਨਕਾਣਾ ਸਾਹਿਬ ਦਾ ਦਰਦ

-ਕਵੀਸ਼ਰ ਮਲਕੀਤ ਸਿੰਘ ਵਰਪਾਲ*

*ਮੌਤ ਹੋਈ ਮਹਾਰਾਜੇ ਰਣਜੀਤ ਸਿੰਘ ਦੀ, ਮਹੰਤ ਸਿੱਖਾਂ ਨਾਲ ਦਗ਼ਾ ਕਮਾਣ ਲੱਗੇ।
ਨਾਲ ਰਲ ਕੇ ਅੰਗਰੇਜ਼ੀ ਹਕੂਮਤਾਂ ਦੇ, ਜਗੀਰਾਂ ਸਾਰੀਆਂ ਨਾਮ ਕਰਾਣ ਲੱਗੇ।
ਤਰਨ ਤਾਰਨ ਗੁਰਧਾਮ ਵਿਚ ਬੈਠ ਪਾਪੀ, ਨਸ਼ਾ ਬੈਠ ਪਰਕਰਮਾ ਵਿਚ ਖਾਣ ਲੱਗੇ।
ਸੰਤ ਸਿੰਘ ਸੇਵਾਦਾਰ ਜੇਕਰ ਰੋਕਿਆ ਤਾਂ, ਜਲ ਵਿਚ ਡੋਬ ਬੇਟਾ ਪਾਪ ਕਮਾਣ ਲੱਗੇ।
ਇੱਥੇ ਹੀ ਬੱਸ ਨਹੀਂ ਪਾਪੀ ਕਸਾਈ ਬਣ ਗਏ, ਪੱਤ ਧੀ ਦੀ ਜ਼ਾਲਮ ਉਡਾਣ ਲੱਗੇ।
ਰੋ ਰੋ ਦੱਸਿਆ ਹਾਲ ਪੰਥਕ ਆਗੂਆਂ ਨੂੰ, ਸਿੰਘ ਤਰਨ ਤਾਰਨ ਵੱਲ ਕਦਮ ਵਧਾਣ ਲੱਗੇ।
ਹਜਾਰਾ ਸਿੰਘ ਤੇ ਹੁਕਮ ਸਿੰਘ ਅਰਦਾਸ ਕੀਤੀ, ਜ਼ਾਲਮ ਪਾਪੀ ਨੂੰ ਜਦੋਂ ਭਜਾਣ ਲੱਗੇ।
ਵਿਸ਼ਵਾਸਘਾਤ ਹੋਇਆ ਹਜਾਰਾ ਸਿੰਘ ਦੇ ਨਾਲ, ਛੁਰਾ ਪਿੱਠ ਦੇ ਵਿਚ ਚਲਾਣ ਲੱਗੇ।
ਵੇਖ ਸ਼ਹੀਦੀ ਅਣਖ ਜਾਗੀ ਲਛਮਣ ਸਿੰਘ ਜੀ ਦੀ, ਸ਼ਹੀਦ ਹੋਣਾ ਮੈਂ ਵੀ ਦਿਲ ਵਿਚ ਚਾਹਣ ਲੱਗੇ।
ਨਨਕਾਣਾ ਸਾਹਿਬ ਅਜ਼ਾਦ ਕਰਾਊਂ ਬਾਬਾ, ਏਨੀ ਆਖ ਜੈਕਾਰੇ ਲਗਾਣ ਲੱਗੇ।
ਨਰੈਣੂ ਦੇ ਗੁੰਡਿਆਂ ਨਨਕਾਣਾ ਸਾਹਿਬ ਅੱਤ ਚੁੱਕੀ, ਇੱਜ਼ਤ ਧੀਆਂ ਭੈਣਾਂ ਦੀ ਮਿੱਟੀ ਮਿਲਾਣ ਲੱਗੇ।
ਧੀ ਦੇ ਬਾਪ ਸਿੰਧੀ ਜੱਜ ਨੇ ਪਾਏ ਤਰਲੇ, ਹਾਲ ਸਿੰਘਾਂ ਨੂੰ ਸਾਰਾ ਸੁਨਾਣ ਲੱਗੇ।
ਸਿੰਘਾਂ ਪੁੱਛਿਆ ਨਰੈਣੂ ਮਹੰਤ ਤਾਈਂ, ਕੀਤੀ ਗ਼ਲਤੀ ਦੀ ਭੁੱਲ ਬਖਸ਼ਾਣ ਲੱਗੇ।
ਅੱਗੇ ਵਾਸਤੇ ਰਹਾਂਗੇ ਹੁਕਮ ਦੇ ਵਿਚ, ਰਾਜੀਨਾਮੇ ਲਈ ਤਰਲੇ ਉਹ ਪਾਣ ਲੱਗੇ।
ਮੂੰਹੋਂ ਰਾਮ ਰਾਮ ਬਗਲ ਮੇਂ ਛੁਰੀ ਰੱਖਦੇ, ਗੁੰਡੇ ਗੁਰਦੁਆਰੇ 'ਕੱਠੇ ਕਰਾਣ ਲੱਗੇ।
ਵਰਿਆਮ ਸਿੰਘ ਸੁਹੀਏ ਸਿੰਘਾਂ ਨੂੰ ਖ਼ਬਰ ਦਿੱਤੀ, ਹਮਲਾ ਕਰਨ ਲਈ ਮਹੰਤ ਯੋਜਨਾ ਬਨਾਣ ਲੱਗੇ।
ਬਦਲੀ ਨੀਅਤ ਵੇਖ ਸਿੰਘਾਂ ਨੂੰ ਰੋਹ ਚੜ੍ਹਿਆ, ਅਜ਼ਾਦ ਕਰਾਉਣ ਲਈ ਧਾਮ ਚਾਲੇ ਪਾਣ ਲੱਗੇ।
ਲਛਮਣ ਸਿੰਘ, ਟਹਿਲ ਸਿੰਘ, ਬੂਟਾ ਸਿੰਘ ਰਲਕੇ, ਤੁਰ ਪਏ ਜਥੇ ਲੈ ਕੇ ਨਾਮ ਜਪਾਉਣ ਲੱਗੇ।
ਜਿਹੜੀ ਕੀਤੀ ਅਰਦਾਸ ਸੀ ਸੂਰਿਆਂ ਨੇ, ਬਲੀ ਬਚਨਾਂ ਦੇ ਬਚਨ ਨਿਭਾਣ ਲੱਗੇ।
ਉਸ ਵੇਲੇ ਮੁੱਖ ਦਫ਼ਤਰ ਦੀ ਮਿਲੀ ਚਿੱਠੀ, ਸਿੰਘ ਦੁਚਿੱਤੀ ਵਿਚ ਸੋਚਾਂ ਘੁਮਾਣ ਲੱਗੇ।
ਟਹਿਲ ਸਿੰਘ ਨੇ ਕਿਹਾ ਹਲੂਣ ਸਿੰਘੋਂ, ਕੀਤੀ ਅਰਦਾਸ ਕਿਉਂ ਭੁਲਾਣ ਲੱਗੇ।
ਏਨੀ ਕਹਿਣ ਦੀ ਦੇਰ ਸੀ ਜਥਾ ਸਾਰਾ, ਨਨਕਾਣੇ ਸਾਹਿਬ ਜਾ ਸੀਸ ਝੁਕਾਣ ਲੱਗੇ।
ਲਛਮਣ ਸਿੰਘ ਜੀ ਬੈਠ ਗਏ ਤਾਬਿਆ 'ਤੇ, ਸਾਰੇ ਜਥੇ ਨੂੰ ਸ਼ਬਦ ਸੁਨਾਣ ਲੱਗੇ।
ਨਰੈਣੂ ਮਹੰਤ ਦੇ ਗੁੰਡੇ ਜੋ ਲੁਕ ਬੈਠੇ, ਅੰਧਾ-ਧੁੰਦ ਫਿਰ ਗੋਲੀ ਚਲਾਣ ਲੱਗੇ।
ਹੱਡ ਮਿੱਝ ਦੇ ਗਾਰੇ ਨਾਲ ਦਰ ਭਰਿਆ, ਸਹਿਕਦੇ ਹੋਇਆਂ ਨੂੰ ਜ਼ਿੰਦਾ ਜਲਾਣ ਲੱਗੇ।
ਵੱਢ-ਵੱਢ ਗੰਡਾਸਿਆਂ ਢੇਰ ਲਾਏ, ਪੀਪੇ ਤੇਲ ਦੇ ਭਰ-ਭਰ ਪਾਉਣ ਲੱਗੇ।
ਚਿਖਾ ਮੱਚੀਆਂ ਕਾਲਜੇ ਚੀਰ ਪੈਂਦੇ, ਪੱਥਰ ਦਿਲ ਵੀ ਨੀਰ ਵਹਾਣ ਲੱਗੇ।
ਜੰਡੀ ਬੰਨ੍ਹ ਸਾੜੇ, ਭੱਠੀਆਂ ਵਿਚ ਸੁੱਟੇ, ਸਿੰਘ ਗੁਰਾਂ ਦੇ ਸਿੱਦਕ ਨਿਭਾਣ ਲੱਗੇ।
ਇੱਥੇ ਬੱਸ ਨਹੀਂ ਬੱਚਾ ਦਰਬਾਰਾ ਸਿੰਘ ਜੋ, ਲੱਤੋਂ ਫੜ ਕੇ ਪੁੱਠਾ ਲਟਕਾਣ ਲੱਗੇ।
ਕਹਿੰਦਾ ਸ਼ਹੀਦ ਹੋਣਾ ਮੈਂ ਵੀ ਸ਼ਹੀਦ ਹੋਣਾ, ਜੀਊਂਦਾ ਫੜ ਕੇ ਅੱਗ ਵਿਚ ਪਾਣ ਲੱਗੇ।
ਨਿਸਚਾ ਰੱਖਿਆ ਕੀਤੀ ਅਰਦਾਸ ਉੱਤੇ, ਸਿਰ ਗੁਰਾਂ ਦੀ ਭੇਟ ਚੜ੍ਹਾ ਦਿੱਤੇ।
ਨਨਕਾਣਾ ਸਾਹਿਬ ਮਲਕੀਤ ਸਿੰਘਾ ਅਜ਼ਾਦ ਹੋਇਆ, ਝੰਡੇ ਖਾਲਸਈ ਸਿੰਘਾਂ ਝੁਲਾ ਦਿੱਤੇ।* ■

*ਇੰਚਾਰਜ, ਕੜਾਹ ਪ੍ਰਸ਼ਾਦ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। ਮੋ. +੯੧੯੪੭੯੫੦੫੯੦੦

*ਦੇਸ਼ ਨਿਕਾਲੇ ਸਮੇਂ:*

# ਮਹਾਰਾਜਾ ਦਲੀਪ ਸਿੰਘ ਦੇ ਮਨ ਦੇ ਭਾਵ

*-ਸਵਰਗੀ ਬੀਬੀ ਪਰਮਜੀਤ ਕੌਰ ਐਮ.ਏ. ਪੰਜਾਬੀ ਆਨਰਜ਼**

**ਪੰਜਾਬੀਆਂ ਨੂੰ ਮੁਖਾਤਿਬ:-**

*ਲੈ ਬਈ ਵਤਨ ਮੇਰੇ! ਰਹੀਂ ਵੱਸਦਾ ਤੂੰ,*
*ਸਾਡੇ ਪੈਰੀਂ ਤਾਂ ਬੇੜੀਆਂ ਪੈ ਗਈਆਂ।*
*ਅਸੀਂ ਵੱਸ ਪੈ ਗਏ ਬਿੱਲੇ ਖੋਟਿਆਂ ਦੇ,*
*ਗਲੀਆਂ ਦੂਰ ਪੰਜਾਬ ਦੀਆਂ ਰਹਿ ਗਈਆਂ।*
*ਜਿੱਥੇ ਰਾਣੀਆਂ ਨੇ ਗਿਰਦੇ ਬੈਠਣਾ ਸੀ,*
*ਓਥੇ ਗੋਰੀਆਂ ਗਾਰਦਾਂ ਬਹਿ ਗਈਆਂ।*
*ਅੱਗੇ ਕੱਲੀਆਂ ਪੱਗਾਂ ਹੀ ਲੱਥੀਆਂ ਸਨ,*
*ਹੁਣ ਤਾਂ ਸਿਰਾਂ ਤੋਂ ਕਲਗੀਆਂ ਲਹਿ ਗਈਆਂ।*
*ਹੁੰਦੀ ਕੀ ਗ਼ੁਲਾਮਾਂ ਦੀ ਜ਼ਿੰਦਗੀ ਏ,*
*ਇਸ ਗੱਲ ਨੇ ਮੈਨੂੰ ਨਹੀਂ ਸੌਣ ਦੇਣਾ?*
*ਕਿਉਂਕਿ ਸ਼ੇਰੇ ਪੰਜਾਬ ਦਾ ਪੁੱਤ ਹਾਂ ਮੈਂ,*
*ਮੈਨੂੰ ਕਿਸੇ ਪੰਜਾਬ ਨਹੀਂ ਆਉਣ ਦੇਣਾ।*
*ਹੁੰਦਾ ਅੱਜ ਕਿਧਰੇ ਨਲੂਆ ਸ਼ੇਰ ਜਿਊਂਦਾ,*
*ਮੇਰੀ ਗੋਰਿਆਂ ਲਾਹੀ ਨਾ ਪੱਤ ਹੁੰਦੀ।*
*ਫੂਲਾ ਸਿੰਘ ਅਕਾਲੀ ਜੇ ਹੁੰਦਾ,*
*ਛੱਡੀ ਹੋਈ ਫਰੰਗੀਆਂ ਝੱਗ ਹੁੰਦੀ।*
*ਤੱਕ ਲੈਂਦਾ ਜੇ ਸ਼ੇਰੇ ਪੰਜਾਬ ਜਿਊਂਦਾ,*
*ਓਹਦੇ ਪੁੱਤ ਦੀ ਲੱਥਦੀ ਪੱਗ ਹੁੰਦੀ।*
*ਸਣੇ ਸਭੇ ਇੰਗਲੈਂਡ ਦੇ ਫੂਕ ਦਿੰਦਾ,*
*ਲੱਗੀ ਹੋਈ ਅਸਮਾਨਾਂ ਨੂੰ ਅੱਗ ਹੁੰਦੀ।*
*ਕਦੇ ਹੁੰਦੇ ਸੀ ਰਾਜਕੁਮਾਰ ਜਿਹੜੇ,*
*ਰਹਿਣਾ ਪਿਆ ਦਰਵੇਸ਼ਾਂ ਦੀ ਜ਼ਿੰਦਗੀ ਵਿਚ।*
*ਜਿਨ੍ਹਾਂ ਤਖਤ ਲਾਹੌਰ ਦਾ ਮੱਲਣਾ ਸੀ,*
*ਰੁਲ ਗਏ ਪਰਦੇਸਾਂ ਦੀ ਜ਼ਿੰਦਗੀ ਵਿਚ।*

**ਜਨਨੀ ਨੂੰ ਸੰਬੋਧਨ:-**

*ਜਿੰਦਾਂ! ਪੰਜਾਂ ਦਰਿਆਵਾਂ ਦੀ ਰਾਣੀਏਂ ਨੀ,*
*ਘੁੱਟ ਪਾਣੀ ਦਾ ਲੱਭਣਾ ਪੈ ਗਿਆ ਕਿਉਂ?*
*ਨੀ ਮਹਾਰਾਣੀਏਂ! ਸ਼ਹਿਰ ਲਾਹੌਰ ਦੀਏ,*
*ਤੈਨੂੰ ਜੇਲ੍ਹਾਂ ਵਿਚ ਬੱਝਣਾ ਪੈ ਗਿਆ ਕਿਉਂ?*
*ਅੰਮੀ! ਸ਼ੇਰਾਂ ਬਘਿਆੜਾਂ ਦੇ ਜੰਗਲਾਂ 'ਚੋਂ,*
*ਤੈਨੂੰ ਰਾਤਾਂ ਨੂੰ ਭੱਜਣਾ ਪੈ ਗਿਆ ਕਿਉਂ?*
*ਤੇਰੀ ਪੱਤ ਨਹੀਂ ਪੱਤ ਪੰਜਾਬ ਦੀ ਸੀ,*
*ਨੰਗ ਕੱਲੀ ਨੂੰ ਕੱਜਣਾ ਪੈ ਗਿਆ ਕਿਉਂ?*
*ਹੁਣ ਤਾਂ ਮੇਲੇ ਸੰਜੋਗ ਦੇ ਵੱਸ ਪੈ ਗਏ,*
*ਕਦੇ ਪਰਤਦੇ ਨੇ ਪਾਣੀ ਪੱਤਣਾਂ ਨੂੰ?*
*ਜਿਸ ਘਰ ਨੂੰ ਜੰਦਰੇ ਵੱਜ ਜਾਂਦੇ,*
*ਜਾਲੇ ਲੱਗ ਹੀ ਜਾਂਦੇ ਨੇ ਛੱਤਣਾਂ ਨੂੰ।*

**ਪੰਜਾਬੀਆਂ ਨੂੰ ਸੰਬੋਧਨ:-**

*ਜੇ ਮੈਂ ਮਰ ਗਿਆ ਲੰਦਨ ਦੇ ਟਾਪੂਆਂ ਵਿਚ,*
*ਮੈਨੂੰ ਫੂਕਿਓ ਨਾ ਇੰਗਲਸਤਾਨ ਦੇ ਵੱਲ।*
*ਮੇਰੀ ਚਿਖਾ 'ਚੋਂ ਜਿਹੜੀ ਵੀ ਲਾਟ ਨਿਕਲੇ,*
*ਓਹਦਾ ਰੁਖ਼ ਹੋਵੇ ਹਿੰਦੁਸਤਾਨ ਦੇ ਵੱਲ।*
*ਕਹਿੰਦੇ ਭੁੱਬਲਾਂ ਵਿਚ ਵੀ ਸੇਕ ਹੁੰਦੈ,*
*ਕੋਈ ਜਾਣ ਨਾ ਦੇਣਾ ਸਮਸ਼ਾਨ ਦੇ ਵੱਲ।*
*ਮੈਨੂੰ ਸਿਖਰ ਦੁਪਹਿਰੇ ਨਾ ਦਾਗ ਦੇਣਾ,*
*ਸਿਵਾ ਠੰਢਾ ਨਹੀਂ ਹੋਣਾ ਇਮਾਨ ਦੀ ਗੱਲ।*
*ਜਿੰਦਾਂ ਰਾਣੀ ਤੇ ਕੰਵਰ ਦਲੀਪ ਸਿੰਘ ਦੀ,*
*ਉੱਡ ਜਾਏਗੀ ਏਥੇ ਸੁਆਹ ਲੋਕੋ!*
*ਪਰ ਪੰਜਾਬ ਦੀ ਇੱਕ ਇੱਕ ਇੱਟ ਅੰਦਰ,*
*ਇਨ੍ਹਾਂ ਦਾ ਧੜਕਦਾ ਸੁਣ ਲਇਓ ਸਾਹ ਲੋਕੋ!*

■

*ਮਾਰਫਤ, ਭਾਈ ਮੋਹਨ ਸਿੰਘ ਉਰਲਾਣਾ, ਮਕਾਨ ਨੰ. ਐਲ ੬/੯੦੫, ਗਲੀ ਨੰ. ੩/੪, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ। ਮੋ: +੯੧੯੭੭੬੬੦੯੦੫੦

# ਮੈਂ ਸਿੱਖੀ ਹਾਂ : ਵਿਲੱਖਣ ਦਾਸਤਾਨ

*-ਸ. ਕੁਲਵੰਤ ਸਿੰਘ**

*ਕਦੇ ਖਿੜਿਆ ਫੁੱਲ ਗ਼ੁਲਾਬ ਦਾ ਮੈਂ, ਤੇ ਕਦੇ ਤੇਗ ਤੋਂ ਤਿੱਖੀ ਹਾਂ।*
*ਅੱਜ ਆਪਣੇ ਬਾਰੇ ਦੱਸਦੀ ਹਾਂ, ਮੈਂ ਗੁਰੂ ਨਾਨਕ ਦੀ ਹੀ ਸਿੱਖੀ ਹਾਂ।*

*ਮੈਂ ਹਾਂ ਰਬਾਬ ਮਰਦਾਨੇ ਦੀ, ਮੈਂ ਧੁਰ ਤੋਂ ਆਈ ਬਾਣੀ ਹਾਂ।*
*ਗੁਰੂ ਅਮਰਦਾਸ ਦੀ ਗਾਗਰ ਦਾ, ਮੈਂ ਭਾਗਾਂ ਵਾਲਾ ਪਾਣੀ ਹਾਂ।*
*ਮੈਂ ਕਵਿਤਾ ਪੰਜਵੇਂ ਸਤਿਗੁਰ ਨੇ, ਜੋ ਬੈਠ ਤਵੀ 'ਤੇ ਲਿੱਖੀ ਹਾਂ।*
*ਅੱਜ ਆਪਣੇ ਬਾਰੇ ਦੱਸਦੀ ਹਾਂ, ਮੈਂ ਗੁਰੂ ਨਾਨਕ ਦੀ ਹੀ ਸਿੱਖੀ ਹਾਂ।*

*ਬੰਦ-ਬੰਦ ਮਨੀ ਸਿੰਘ ਪਿਆਰੇ ਦਾ, ਮੈਂ ਮਤੀ ਦਾਸ ਦਾ ਆਰਾ ਹਾਂ।*
*ਮੈਂ ਦੀਪ ਸਿੰਘ ਦੇ ਖੰਡੇ ਦਾ, ਅੰਬਰ ਛੂੰਹਦਾ ਚਮਕਾਰਾ ਹਾਂ।*
*ਮੈਂ ਖੋਪਰੀ ਤਾਰੂ ਸਿੰਘ ਦੀ ਹਾਂ, ਜੋ ਰੰਬੀ ਤੋਂ ਵੱਧ ਤਿੱਖੀ ਹਾਂ।*
*ਅੱਜ ਆਪਣੇ ਬਾਰੇ ਦੱਸਦੀ ਹਾਂ, ਮੈਂ ਗੁਰੂ ਨਾਨਕ ਦੀ ਹੀ ਸਿੱਖੀ ਹਾਂ।*

*ਹਾਂ ਅੰਮ੍ਰਿਤ ਖੰਡੇ ਬਾਟੇ ਦਾ, ਮੈਂ ਭਾਈ ਲਾਲੋ ਦੀ ਰੋਟੀ ਹਾਂ।*
*ਛੱਜੂ ਝੀਵਰ ਦੇ ਸਿਰ 'ਤੇ ਉਹ, ਅੱਠਵੇਂ ਸਤਿਗੁਰ ਦੀ ਸੋਟੀ ਹਾਂ।*
*ਮੈਂ ਬੀਬੀ ਕੌਲਾਂ ਕਦੇ-ਕਦੇ, ਮਾਈ ਭਾਗੋ ਬਣਦੀ ਡਿੱਠੀ ਹਾਂ।*
*ਅੱਜ ਆਪਣੇ ਬਾਰੇ ਦੱਸਦੀ ਹਾਂ, ਮੈਂ ਗੁਰੂ ਨਾਨਕ ਦੀ ਹੀ ਸਿੱਖੀ ਹਾਂ।*

*ਕੌਮਾਂ ਆਪਣੇ ਇਤਿਹਾਸ ਨੂੰ, ਜੋ 'ਕੁਲਵੰਤ ਸਿੰਘਾ' ਭੁੱਲ ਜਾਂਦੀਆਂ ਨੇ।*
*ਹੈ ਰਾਜ ਉਹਨਾਂ ਨੇ ਕੀ ਕਰਨਾ, ਉਹ ਮਿੱਟੀ ਵਿਚ ਰੁਲ ਜਾਂਦੀਆਂ ਨੇ?*
*ਮੈਨੂੰ ਭੁਲਿਓ ਨਾ ਮੈਂ ਦਾਸਤਾਨ, ਜੋ ਨਾਲ ਲਹੂ ਦੇ ਲਿੱਖੀ ਹਾਂ।*
*ਅੱਜ ਆਪਣੇ ਬਾਰੇ ਦੱਸਦੀ ਹਾਂ, ਮੈਂ ਗੁਰੂ ਨਾਨਕ ਦੀ ਹੀ ਸਿੱਖੀ ਹਾਂ।* ■

**ਮਕਾਨ ਨੰ: ਐਲ ੬/੯੦੫, ਗਲੀ ਨੰ: ੩/੪, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ। ਮੋ. ੯੧੯੮੭੨੮੭੪੯੬੨*

ਖ਼ਬਰਨਾਮਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੇ ਇਤਿਹਾਸ ਨੂੰ ਤਤਕਾਲੀ ਪ੍ਰਕਾਸ਼ਨਾਵਾਂ ਦੇ ਆਧਾਰ 'ਤੇ ਸੰਗ੍ਰਹਿਤ ਕਰਾਂਗੇ -ਬੀਬੀ ਜਗੀਰ ਕੌਰ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਖੇ ਸਿੱਖ ਬੁੱਧੀਜੀਵੀਆਂ ਨਾਲ ਕੀਤੀ ਪਲੇਠੀ ਇਕੱਤਰਤਾ

ਸ੍ਰੀ ਅੰਮ੍ਰਿਤਸਰ, ੧੧ ਜਨਵਰੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਅਤੇ ਗੁਰਦੁਆਰਾ ਸੁਧਾਰ ਲਹਿਰ ਨਾਲ ਸੰਬੰਧਿਤ ਇਤਿਹਾਸ ਨੂੰ ਤਤਕਾਲੀ ਪ੍ਰਕਾਸ਼ਨਾਵਾਂ ਦੇ ਆਧਾਰ 'ਤੇ ਛਾਪਿਆ ਜਾਵੇਗਾ। ਇਸ ਤੋਂ ਇਲਾਵਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜੇ ਅਤੇ ਸ੍ਰੀ ਨਨਕਾਣਾ ਸਾਹਿਬ ਸਾਕੇ ਦੇ ਸੌ ਸਾਲਾ ਦਿਹਾੜੇ ਨੂੰ ਸਮਰਪਿਤ ਵੀ ਵਿਸ਼ੇਸ਼ ਖੋਜ-ਕਾਰਜ ਕਰਵਾ ਕੇ ਪ੍ਰਕਾਸ਼ਿਤ ਕੀਤੇ ਜਾਣਗੇ। ਇਹ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਿੱਖ ਬੁੱਧੀਜੀਵੀਆਂ ਨਾਲ ਵਿਸ਼ੇਸ਼ ਇਕੱਤਰਤਾ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੀ ਕੀਤੀ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਰਾਤਨ ਕਿਤਾਬਾਂ ਦੀ ਪੁਨਰ-ਪ੍ਰਕਾਸ਼ਨਾ ਅਤੇ ਆ ਰਹੇ ਸ਼ਤਾਬਦੀ ਦਿਹਾੜਿਆਂ ਸਬੰਧੀ ਸਿੱਖ ਬੁੱਧੀਜੀਵੀਆਂ ਨੇ ਵਡਮੁੱਲੇ ਵਿਚਾਰ ਦਿੱਤੇ ਹਨ, ਜਿਨ੍ਹਾਂ ਨੂੰ ਅਮਲ ਵਿਚ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਹੈ ਅਤੇ ਇਸ ਦੀਆਂ ਤਰਜੀਹਾਂ ਗੁਰਦੁਆਰਾ ਪ੍ਰਬੰਧਾਂ ਦੇ ਨਾਲ-ਨਾਲ ਸਿੱਖੀ ਪ੍ਰਚਾਰ ਕਰਨਾ ਹੈ। ਮੌਜੂਦਾ ਸਮੇਂ ਬਹੁਤ ਸਾਰੀਆਂ ਪ੍ਰਕਾਸ਼ਨਾਵਾਂ ਦੀ ਮੁੜ ਛਪਾਈ ਕਰਨਯੋਗ ਹੈ, ਜਿਸ ਲਈ ਬੁੱਧੀਜੀਵੀਆਂ ਵੱਲੋਂ ਦਿੱਤੀ ਗਈ ਮੁੱਲਵਾਨ ਰਾਏ ਅਨੁਸਾਰ ਕਾਰਜ ਕੀਤੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿਹੜੀਆਂ ਕਿਤਾਬਾਂ ਛਾਪੀਆਂ ਜਾਣਗੀਆਂ, ਉਨ੍ਹਾਂ ਨੂੰ ਡਿਜੀਟਲ ਰੂਪ ਵਿਚ ਵੈੱਬਸਾਈਟ 'ਤੇ ਵੀ ਪਾਇਆ ਜਾਵੇਗਾ, ਤਾਂ ਜੋ ਵੱਧ ਤੋਂ ਵੱਧ ਪਾਠਕਾਂ ਤਕ ਪੁੱਜ ਸਕਣ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਲਦ ਹੀ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਕਾਰਜਾਂ ਨੂੰ ਨਤੀਜਾ ਮੁਖੀ ਬਣਾਉਣ ਲਈ ਧਾਰਮਿਕ ਸਲਾਹਕਾਰ ਕਮੇਟੀ ਦਾ ਵੀ ਗਠਨ ਕਰੇਗੀ।

ਬੀਬੀ ਜਗੀਰ ਕੌਰ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਿੱਖ ਨੌਜੁਆਨਾਂ ਨੂੰ ਮੁਕਾਬਲਾ ਪ੍ਰੀਖਿਆਵਾਂ ਲਈ ਤਿਆਰ ਕਰਨ ਵਾਸਤੇ ਕੇਂਦਰ ਖੋਲ੍ਹਣ ਦੀ ਯੋਜਨਾ ਹੈ। ਇਹ ਕੇਂਦਰ ਆਈ. ਏ. ਐਸ., ਆਈ. ਪੀ. ਐਸ. ਤੇ ਪੀ. ਸੀ. ਐਸ. ਆਦਿ

ਪ੍ਰੀਖਿਆਵਾਂ ਲਈ ਸਿੱਖ ਵਿਦਿਆਰਥੀਆਂ ਨੂੰ ਤਿਆਰ ਕਰੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਯੋਗਦਾਨ ਪਾਉਣ ਲਈ ਕਈ ਸਿੱਖਾਂ ਨੇ ਪੇਸ਼ਕਸ਼ ਕੀਤੀ ਹੈ ਅਤੇ ਜਲਦ ਹੀ ਇਸ ਬਾਰੇ ਵੀ ਫੈਸਲਾ ਕੀਤਾ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਪ੍ਰਚਾਰਕ ਅਤੇ ਰਾਗੀ ਤਿਆਰ ਕਰਨ ਲਈ ਚੱਲ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਧਾਰਮਿਕ ਸੰਸਥਾਵਾਂ ਨੂੰ ਸਮੇਂ ਦਾ ਹਾਣੀ ਬਣਾਇਆ ਜਾਵੇਗਾ। ਇਸ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਧਾਰਮਿਕ ਕੋਰਸਾਂ ਦੇ ਨਾਲ-ਨਾਲ ਬੀ. ਏ. ਅਤੇ ਐਮ. ਏ. ਪੱਧਰ ਤਕ ਦੀ ਪੜ੍ਹਾਈ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਵੱਖ-ਵੱਖ ਯੂਨੀਵਰਸਿਟੀਆਂ ਦੇ ਸਿੱਖ ਖੋਜਾਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਿਫਰੈਸ਼ਰ ਕੋਰਸ ਲਗਾ ਕੇ ਦੇਸ਼-ਵਿਦੇਸ਼ ਅੰਦਰ ਸਿੱਖੀ ਪ੍ਰਚਾਰ ਲਈ ਭੇਜੇਗੀ।

ਇਕੱਤਰਤਾ ’ਚ ਸੀਨੀਅਰ ਮੀਤ ਪ੍ਰਧਾਨ ਸ. ਸੁਰਜੀਤ ਸਿੰਘ ਭਿੱਟੇਵਡ, ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਸ. ਹਰਜਾਪ ਸਿੰਘ ਸੁਲਤਾਨਵਿੰਡ, ਬੀਬੀ ਕਿਰਨਜੋਤ ਕੌਰ, ਸਾਬਕਾ ਵੀ.ਸੀ. ਡਾ. ਐਸ.ਪੀ. ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਪ੍ਰਿੰਸੀਪਲ ਡਾ. ਮਹਿਲ ਸਿੰਘ, ਡਾ. ਇੰਦਰਪਾਲ ਸਿੰਘ, ਡਾ. ਅਮਰਜੀਤ ਸਿੰਘ, ਸ. ਪ੍ਰਿਥੀ ਸਿੰਘ, ਸ. ਗੁਰਚਰਨ ਸਿੰਘ, ਡਾ. ਦਲਵਿੰਦਰ ਸਿੰਘ (ਗਰੇਵਾਲ), ਡਾ. ਆਸਾ ਸਿੰਘ ਘੁੰਮਣ, ਡਾ. ਬਲਵੰਤ ਸਿੰਘ (ਮੱਲ੍ਹੀ), ਡਾ. ਸਵਿੰਦਰ ਸਿੰਘ, ਸ. ਭਗਵਾਨ ਸਿੰਘ ਜੌਹਲ, ਸ. ਤਲਵਿੰਦਰ ਸਿੰਘ (ਬੁੱਟਰ), ਡਾ. ਧਰਮ ਸਿੰਘ, ਡਾ. ਕੁਲਵਿੰਦਰ ਸਿੰਘ (ਬਾਜਵਾ), ਸ. ਨਵਤੇਜ ਸਿੰਘ, ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਅਜੀਤ ਸਿੰਘ, ਪ੍ਰਿੰ. ਮਨਜੀਤ ਕੌਰ, ਗਿਆਨੀ ਸੁਰਿੰਦਰ ਸਿੰਘ ਨਿਮਾਣਾ, ਡਾ. ਅਮਰਜੀਤ ਕੌਰ, ਸ. ਜਗਦੀਪ ਸਿੰਘ, ਡਾ. ਅਮਰੀਕ ਸਿੰਘ ਲਤੀਫਪੁਰ, ਡਾ. ਸੁਖਬੀਰ ਸਿੰਘ, ਡਾ. ਗੁਰਤੇਜ ਸਿੰਘ ਠੀਕਰੀਵਾਲਾ, ਡਾ. ਸਤਿੰਦਰ ਸਿੰਘ, ਐਡਵੋਕੇਟ ਸੁਖਬੀਰ ਸਿੰਘ, ਡਾ. ਪਰਮਜੀਤ ਸਿੰਘ ਮਾਨਸਾ, ਡਾ. ਪ੍ਰਮਿੰਦਰ ਸਿੰਘ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਆਦਿ ਮੌਜੂਦ ਸਨ।

### ਕਿਸਾਨਾਂ ਦੀ ਅਵਾਜ਼ ਸੁਣਨ ਪ੍ਰਧਾਨ ਮੰਤਰੀ-ਬੀਬੀ ਜਗੀਰ ਕੌਰ

ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਕਿਸਾਨਾਂ ਬਾਰੇ ਗੱਲ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਦੇਸ਼ ਦੇ ਬਾਸ਼ਿੰਦੇ ਆਪਣਾ ਕੰਮਕਾਜ ਛੱਡ ਕੇ ਸੜਕਾਂ ’ਤੇ ਬੈਠੇ ਹੋਏ ਹਨ, ਜਿਨ੍ਹਾਂ ਦਾ ਮਸਲਾ ਹੱਲ ਕਰਨਾ ਕੇਂਦਰ ਸਰਕਾਰ ਦਾ ਫ਼ਰਜ਼ ਹੈ। ਇਸ ਲਈ ਪ੍ਰਧਾਨ ਮੰਤਰੀ ਨੂੰ ਆਪਣੇ ਫ਼ਰਜ਼ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਖੇ ਬੈਠੇ ਕਿਸਾਨਾਂ ਦੀ ਅਵਾਜ਼ ਪੂਰੇ ਵਿਸ਼ਵ ਤਕ ਪੁੱਜੀ ਹੋਈ ਹੈ, ਪਰੰਤੂ ਹੈਰਾਨੀ ਦੀ ਗੱਲ ਹੈ ਕਿ ਦਿੱਲੀ ਬੈਠੇ ਪ੍ਰਧਾਨ ਮੰਤਰੀ ਨੂੰ ਨਹੀਂ ਸੁਣ ਰਹੀ। ਬੀਬੀ ਜਗੀਰ ਕੌਰ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਸੁਪਰੀਮ ਕੋਰਟ ਵੱਲੋਂ

ਕੇਂਦਰ ਸਰਕਾਰ ਨੂੰ ਦਿੱਤੇ ਗਏ ਨਿਰਦੇਸ਼ ਬਾਰੇ ਗੱਲ ਕਰਦਿਆਂ ਕਿਹਾ ਕਿ ਭਾਈ ਰਾਜੋਆਣਾ ਸਮੇਤ ਉਨ੍ਹਾਂ ਸਾਰੇ ਸਿੱਖਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਲੰਮਾ ਸਮਾਂ ਜੇਲ੍ਹਾਂ ਵਿਚ ਬਿਤਾਇਆ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦-ਸਾਲਾ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ ਸੀ ਅਤੇ ਹੁਣ ਨੌਵੇਂ ਪਾਤਸ਼ਾਹ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਸਰਕਾਰ ਨੂੰ ਆਪਣੇ ਵਚਨ ਨਿਭਾਉਣਾ ਚਾਹੀਦਾ ਹੈ।

## ਯੂਏਪੀਏ ਦੀ ਦੁਰਵਰਤੋਂ ਬੀਜੇਪੀ ਸਰਕਾਰ ਦੇ ਤਾਨਾਸ਼ਾਹ ਰਵੱਈਏ ਦਾ ਪ੍ਰਗਟਾਵਾ -ਬੀਬੀ ਜਗੀਰ ਕੌਰ

## ਐਨਆਈਏ ਵੱਲੋਂ ਕਿਸਾਨ ਸੰਘਰਸ਼ ਨਾਲ ਜੁੜੇ ਲੋਕਾਂ ਨੂੰ ਨੋਟਿਸ ਭੇਜਣ ਦੀ ਕੀਤੀ ਨਿਖੇਧੀ

ਸ੍ਰੀ ਅੰਮ੍ਰਿਤਸਰ, ੧੯ ਜਨਵਰੀ : ਕਿਸਾਨੀ ਨੂੰ ਤਬਾਹ ਕਰਨ ਵਾਲੇ ਕਾਲੇ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ ਦੀ ਅਵਾਜ਼ ਨੂੰ ਦਬਾਉਣ ਲਈ ਭਾਰਤ ਦੀ ਭਾਜਪਾ ਸਰਕਾਰ ਵੱਲੋਂ ਕੋਝੇ ਹਥਕੰਡੇ ਵਰਤਣ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਕਿਸਾਨ ਸੰਘਰਸ਼ ਨਾਲ ਜੁੜੇ ਲੋਕਾਂ ਨੂੰ ਦਬਾਉਣ ਲਈ ਯੂਏਪੀਏ (UAPA) ਕਾਨੂੰਨ ਦੀ ਦੁਰਵਰਤੋਂ ਕਰਦਿਆਂ ਕਿਸਾਨਾਂ ਅਤੇ ਕਿਸਾਨ ਸੰਘਰਸ਼ ਨਾਲ ਜੁੜੇ ਲੋਕਾਂ ਨੂੰ ਐਨ. ਆਈ. ਏ. ਵੱਲੋਂ ਨੋਟਿਸ ਜਾਰੀ ਕਰਨੇ ਸਰਕਾਰ ਦੀ ਤਾਨਾਸ਼ਾਹ ਨੀਤੀ ਦਾ ਪ੍ਰਗਟਾਵਾ ਹੈ। ਉਨ੍ਹਾਂ ਆਖਿਆ ਕਿ ਦੇਸ਼ ਦੇ ਕਿਸਾਨ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ ਪਰੰਤੂ ਦੇਸ਼ ਦੀ ਸਰਕਾਰ ਹੱਕ ਤੇ ਸੱਚ ਦੀ ਅਵਾਜ਼ ਨੂੰ ਦਬਾਉਣ ਲਈ ਸਰਕਾਰੀ ਤੰਤਰ ਦੀ ਦੁਰਵਰਤੋਂ ਕਰ ਰਹੀ ਹੈ ਜੋ ਬਰਦਾਸ਼ਤਯੋਗ ਨਹੀਂ। ਬੀਬੀ ਜਗੀਰ ਕੌਰ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਸਵਾਲ ਕੀਤਾ ਕਿ ਜੇਕਰ ਕੋਈ ਆਪਣੇ ਨਾਲ ਹੋਈ ਵਧੀਕੀ ਤੇ ਬੇਇਨਸਾਫੀ ਦਾ ਵਿਰੋਧ ਕਰੇ ਤਾਂ ਕੀ ਉਹ ਦੇਸ਼ ਵਿਰੋਧੀ ਹੈ? ਕੀ ਆਪਣੀਆਂ ਭਵਿੱਖ ਦੀਆਂ ਪੀੜ੍ਹੀਆਂ ਲਈ ਚਿੰਤਾ ਕਰਨੀ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨਾ ਦੇਸ਼ ਨੂੰ ਤੋੜਨ ਵਾਲੀ ਕਾਰਵਾਈ ਹੈ?

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਕਰਨ ਲਈ ਸੰਜੀਦਗੀ ਨਾਲ ਵਿਚਾਰ ਕਰਨ ਦੀ ਥਾਂ ਆਪਣੀ ਹਉਮੈਂ ਅਤੇ ਹੰਕਾਰ ਨਾਲ ਲੋਕਤੰਤਰ ਦਾ ਘਾਣ ਕਰ ਰਹੀ ਹੈ। ਖਾਸਕਰ ਘੱਟ ਗਿਣਤੀਆਂ ਪ੍ਰਤੀ ਦੇਸ਼ ਦੀ ਸਰਕਾਰ ਦਾ ਰਵੱਈਆ ਦਬਾਉਣ ਵਾਲਾ ਹੈ। ਸਰਕਾਰ ਦੀ ਮਨਸ਼ਾ ਲੋਕਾਂ ਦੇ ਹਿੱਤਾਂ ਦੀ ਰਖਵਾਲੀ ਕਰਨ ਵਾਲੀ ਹੋਣੀ ਚਾਹੀਦੀ ਹੈ ਨਾ ਕਿ ਆਪਣੀ ਜਿੱਦ ਨੂੰ ਪੁਗਾਉਣ

ਵਾਲੀ। ਬੀਬੀ ਜਗੀਰ ਕੌਰ ਨੇ ਕਿਹਾ ਕਿ ਕਿਸਾਨੀ ਸੰਘਰਸ਼ ਪੂਰਨ ਸ਼ਾਂਤਮਈ ਚੱਲ ਰਿਹਾ ਹੈ ਪਰੰਤੂ ਕੇਂਦਰ ਸਰਕਾਰ ਆਪਣੇ ਅਸਰ-ਰਸੂਖ ਨਾਲ ਇਸ ਨੂੰ ਜਾਣਬੁੱਝ ਕੇ ਗਲਤ ਰੰਗਤ ਦੇਣ ਦੇ ਯਤਨ ਵਿਚ ਹੈ। ਸਰਕਾਰ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਲਈ ਹਰ ਹੀਲਾ ਵਰਤ ਰਹੀ ਹੈ। ਇਸੇ ਦਾ ਹੀ ਹਿੱਸਾ ਐਨ. ਆਈ. ਏ. ਰਾਹੀਂ ਯੂਏਪੀਏ ਤਹਿਤ ਕਿਸਾਨ ਸੰਘਰਸ਼ ਉੱਪਰ ਵਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਰਵੱਈਆ ਸਾਬਤ ਕਰਦਾ ਹੈ ਕਿ ਦੇਸ਼ ਦੀ ਕੇਂਦਰ ਸਰਕਾਰ ਤਾਨਾਸ਼ਾਹ ਬਣ ਚੁੱਕੀ ਹੈ ਜੋ ਭਾਰਤ ਦੇ ਸੰਵਿਧਾਨ ਲਈ ਵੱਡਾ ਖਤਰਾ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਸੰਵਿਧਾਨ ਦਾ ਘਾਣ ਕਰਦਿਆਂ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਚਾਹੀਦਾ ਤਾਂ ਇਹ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਆਪਣੀਆਂ ਏਜੰਸੀਆਂ ਰਾਹੀਂ ਕਿਸਾਨਾਂ ਦੀਆਂ ਹੱਕੀ ਮੰਗਾਂ ਦੀ ਅਵਾਜ਼ ਸੁਣੇ ਅਤੇ ਉਸ 'ਤੇ ਅਮਲ ਕਰਦਿਆਂ ਮਾਮਲੇ ਦਾ ਹੱਲ ਕਰੇ, ਪਰੰਤੂ ਸਰਕਾਰ ਤਾਂ ਲੋਕ ਅਵਾਜ਼ ਨੂੰ ਦੱਬਣ ਦੀ ਨੀਤੀ 'ਤੇ ਚੱਲ ਰਹੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਸਲਾਹ ਦਿੱਤੀ ਕਿ ਕਿਸੇ ਵੀ ਗ਼ਲਤ ਫੈਸਲੇ ਨੂੰ ਮੰਨਣਾ ਵਡੱਪਣ ਹੁੰਦਾ ਹੈ ਅਤੇ ਕਿਸਾਨਾਂ ਦੇ ਸਬੰਧ ਵਿਚ ਹੋਏ ਗ਼ਲਤ ਫੈਸਲੇ ਨੂੰ ਵੀ ਸਰਕਾਰ ਨੂੰ ਮੰਨ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯੂਏਪੀਏ ਦੀ ਦੁਰਵਰਤੋਂ ਤੁਰੰਤ ਬੰਦ ਕੀਤੀ ਜਾਵੇ ਅਤੇ ਐਨ. ਆਈ. ਏ. ਵੱਲੋਂ ਜਾਰੀ ਕੀਤੇ ਗਏ ਨੋਟਿਸ ਵਾਪਸ ਲਏ ਜਾਣ।

## ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਭਾਈ ਹਜ਼ਾਰਾ ਸਿੰਘ ਤੇ ਭਾਈ ਹੁਕਮ ਸਿੰਘ ਦੀ ਸ਼ਹੀਦੀ ਸ਼ਤਾਬਦੀ ਮੌਕੇ ਸਮਾਗਮ

## ਸਾਕਾ ਤਰਨ ਤਾਰਨ ਸਾਹਿਬ ਦੇ ਸ਼ਹੀਦਾਂ ਨੇ ਆਪਣੀਆਂ ਜਾਨਾਂ ਦੇ ਕੇ ਗੁਰਦੁਆਰਾ ਸੁਧਾਰ ਲਹਿਰ ਨੂੰ ਹੋਰ ਮਜ਼ਬੂਤ ਕੀਤਾ

## -ਬੀਬੀ ਜਗੀਰ ਕੌਰ

ਸ੍ਰੀ ਅੰਮ੍ਰਿਤਸਰ, ੨੨ ਜਨਵਰੀ : ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ਤੇ ਭਾਈ ਹੁਕਮ ਸਿੰਘ ਵਸਾਊਕੋਟ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ ਦਿਨਾ ਗੁਰਮਤਿ ਸਮਾਗਮ ਨਗਰ ਅਲਾਦੀਨਪੁਰ (ਤਰਨ ਤਾਰਨ) ਵਿਖੇ ਹੋਏ। ਭਾਈ ਹਜ਼ਾਰਾ ਸਿੰਘ ਅਤੇ ਭਾਈ ਹੁਕਮ ਸਿੰਘ ਨੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਨੂੰ ਮਹੰਤਾਂ ਪਾਸੋਂ ਅਜ਼ਾਦ ਕਰਵਾਉਣ ਲਈ ਆਪਣੀ ਸ਼ਹਾਦਤ ਦਿੱਤੀ ਸੀ। ਇਸ ਸਾਕੇ ਦੇ ਸੌ ਸਾਲਾ ਦਿਹਾੜੇ ਸਬੰਧੀ ਮਹਾਨ ਸ਼ਹੀਦਾਂ ਨੂੰ ਸਮਰਪਿਤ ਆਯੋਜਿਤ ਕੀਤੇ ਗਏ ਸਮਾਗਮਾਂ ਦੇ ਪਹਿਲੇ ਦਿਨ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਜੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਬੇਹੱਦ ਸ਼ਾਨਾਂਮੱਤਾ ਹੈ, ਜਿਸ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਲਈ ਸਿੱਖ ਕੌਮ ਦੇ ਇਨ੍ਹਾਂ ਦੋ ਮਹਾਨ ਯੋਧਿਆਂ ਨੇ ਸ਼ਹਾਦਤਾਂ ਦੇ ਕੇ ਗੁਰਦੁਆਰਾ ਸੁਧਾਰ ਲਹਿਰ ਨੂੰ ਹੋਰ ਮਜ਼ਬੂਤ ਕੀਤਾ। ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਅਤੇ ਨੌਜੁਆਨਾਂ ਨੂੰ ਸਿੱਖ ਕੌਮ ਦੇ ਸ਼ਾਨਾਂਮੱਤੇ ਇਤਿਹਾਸ ਨਾਲ ਜੋੜਨ ਲਈ ਅੱਗੇ ਆਉਣ। ਇਸ ਦੌਰਾਨ ਬੀਬੀ ਜਗੀਰ ਕੌਰ ਜੀ ਨੇ ਸੰਗਤ ਨੂੰ ਸਿੱਖ ਰਹਿਤ ਮਰਯਾਦਾ ਦ੍ਰਿੜ੍ਹ ਕਰਨ ਅਤੇ ਬੱਚਿਆਂ ਨੂੰ ਪੜ੍ਹਾਉਣ ਦੀ ਵੀ ਅਪੀਲ ਕੀਤੀ।

ਸਮਾਗਮ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬੀਬੀ ਕਿਰਨਜੋਤ ਕੌਰ ਅਤੇ ਇਸਤਰੀ ਅਕਾਲੀ ਦਲ ਤਰਨ ਤਾਰਨ ਦੇ ਪ੍ਰਧਾਨ ਬੀਬੀ ਰਪਿੰਦਰ ਕੌਰ ਬ੍ਰਹਮਪੁਰਾ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਤੋਂ ਪਹਿਲਾਂ ਰਾਗੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ ਤੇ ਢਾਡੀ ਤੇ ਕਵੀਸ਼ਰ ਜਥਿਆਂ ਵੱਲੋਂ ਇਤਿਹਾਸ ਸਾਂਝਾ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਜੀ ਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

## ਸ੍ਰੀ ਨਨਕਾਣਾ ਸਾਹਿਬ ਲਈ ਜਥੇ 'ਤੇ ਰੋਕ ਲਗਾ ਕੇ ਭਾਰਤ ਸਰਕਾਰ ਨੇ ਕੀਤਾ ਸਿੱਖ ਭਾਵਨਾਵਾਂ ਦਾ ਕਤਲ– ਬੀਬੀ ਜਗੀਰ ਕੌਰ

ਸ੍ਰੀ ਅੰਮ੍ਰਿਤਸਰ, ੧੨ ਫਰਵਰੀ : ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਕਿਸਤਾਨ ਭੇਜੇ ਜਾ ਰਹੇ ਜਥੇ 'ਤੇ ਰੋਕ ਲਗਾ ਕੇ ਭਾਰਤ ਸਰਕਾਰ ਨੇ ਸਿੱਖ ਭਾਵਨਾਵਾਂ ਦਾ ਕਤਲ ਕੀਤਾ ਹੈ। ਇਹ ਪ੍ਰਗਟਾਵਾ ਭਾਰਤ ਦੇ ਗ੍ਰਹਿ ਮੰਤਰਾਲੇ ਵੱਲੋਂ ਪੁੱਜੇ ਪੱਤਰ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਜੀ ਨੇ ਦੇਰ ਸ਼ਾਮ ਸੱਦੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਬੀਬੀ ਜਗੀਰ ਕੌਰ ਜੀ ਨੇ ਕਿਹਾ ਕਿ ਸਾਰੀਆਂ ਤਿਆਰੀਆਂ ਮੁਕੰਮਲ ਹੋਣ 'ਤੇ ਆਖ਼ਰੀ ਮੌਕੇ ਜਥੇ 'ਤੇ ਰੋਕ ਲਗਾਉਣੀ ਭਾਰਤ ਸਰਕਾਰ ਦੀ ਸਿੱਖ ਵਿਰੋਧੀ ਮਾਨਸਿਕਤਾ ਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਅੱਜ ਬਾਅਦ ਦੁਪਹਿਰ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਭੇਜੇ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਪਾਕਿਸਤਾਨ ਵਿਖੇ ਸ਼ਰਧਾਲੂਆਂ ਦੀ ਸੁਰੱਖਿਆ ਦਾ ਮਸਲਾ ਹੈ ਅਤੇ ਮਾਰਚ ੨੦੨੦ ਤੋਂ ਕੋਵਿਡ-੧੯ ਦੇ ਚੱਲਦਿਆਂ ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ

ਵੀ ਮੁਅੱਤਲ ਚੱਲ ਰਹੀ ਹੈ। ਬੀਬੀ ਜਗੀਰ ਕੌਰ ਜੀ ਨੇ ਕਿਹਾ ਕਿ ਇਹ ਤਰਕ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ, ਕਿਉਂਕਿ ਲੰਘੇ ਨਵੰਬਰ ਮਹੀਨੇ ਵਿਚ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਕਰ ਕੇ ਆਇਆ ਹੈ। ਜੇਕਰ ਉਸ ਵਕਤ ਕੋਈ ਖ਼ਤਰਾ ਨਹੀਂ ਸੀ ਤਾਂ ਹੁਣ ਖ਼ਤਰਾ ਕਿਵੇਂ ਪੈਦਾ ਹੋ ਗਿਆ। ਬੀਬੀ ਜਗੀਰ ਕੌਰ ਜੀ ਨੇ ਕਿਹਾ ਕਿ ਜੇਕਰ ਕੋਈ ਅਜਿਹੀ ਗੱਲ ਸੀ ਤਾਂ ਚੱਲ ਰਹੀ ਪ੍ਰਕਿਰਿਆ ਦੌਰਾਨ ਭਾਰਤ ਸਰਕਾਰ ਨੇ ਪਹਿਲਾਂ ਸਪੱਸ਼ਟ ਕਿਉਂ ਨਾ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਹਰ ਸ਼ਰਧਾਲੂ ਦੀ ਭਾਰਤ ਅਤੇ ਸੂਬਾ ਸਰਕਾਰ ਦੀਆਂ ਏਜੰਸੀਆਂ ਵੱਲੋਂ ਜਾਂਚ ਰਿਪੋਰਟ ਮਗਰੋਂ ਹੀ ਪਾਕਿਸਤਾਨ ਦੂਤਾਵਾਸ ਵੱਲੋਂ ਵੀਜ਼ੇ ਜਾਰੀ ਹੋਏ ਹਨ। ਉਨ੍ਹਾਂ ਕਿਹਾ ਕਿ ਹੁਣ ਜਦੋਂ ਤਿਆਰੀਆਂ ਮੁਕੰਮਲ ਹਨ ਅਤੇ ਸ਼ਰਧਾਲੂਆਂ ਨੂੰ ਪਾਸਪੋਰਟ ਵੀ ਵੰਡ ਦਿੱਤੇ ਗਏ ਹਨ ਤਾਂ ਜਥੇ 'ਤੇ ਰੋਕ ਲਗਾਉਣੀ ਹੈਰਾਨੀਜਨਕ ਹੈ। ਬੀਬੀ ਜਗੀਰ ਕੌਰ ਜੀ ਨੇ ਕਿਹਾ ਕਿ ਪਾਕਿਸਤਾਨ ਵਿਖੇ ਸ਼ਤਾਬਦੀ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਤੌਰ 'ਤੇ ਸਾਰੇ ਪ੍ਰਬੰਧ ਕਰ ਲਏ ਗਏ ਸਨ। ਕੌਮਾਂਤਰੀ ਸਰਹੱਦ ਤੋਂ ਸ੍ਰੀ ਨਨਕਾਣਾ ਸਾਹਿਬ ਤਕ ਅਤੇ ਹੋਰ ਗੁਰਦੁਆਰਾ ਸਾਹਿਬਾਨ ਦੇ ਸ਼ਰਧਾਲੂਆਂ ਨੂੰ ਦਰਸ਼ਨ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੱਸਾਂ ਦਾ ਵੀ ਪ੍ਰਬੰਧ ਕੀਤਾ ਸੀ। ਇਸ ਤੋਂ ਇਲਾਵਾ ਧਾਰਮਿਕ ਸਮਾਗਮਾਂ ਦੇ ਨਾਲ-ਨਾਲ ਲੰਗਰ ਅਤੇ ਹੋਰ ਪ੍ਰਬੰਧ ਵੀ ਕੀਤੇ ਗਏ ਸਨ। ਬੀਬੀ ਜਗੀਰ ਕੌਰ ਜੀ ਨੇ ਕਿਹਾ ਕਿ ਸਿੱਖ ਧਰਮ ਇਤਿਹਾਸ ਅੰਦਰ ਗੁਰਦੁਆਰਾ ਸੁਧਾਰ ਲਹਿਰ ਤਹਿਤ ਵਾਪਰੇ ਸਾਕੇ ਦੀ ਇਤਿਹਾਸਿਕ ਸ਼ਤਾਬਦੀ ਮੌਕੇ ਸ਼ਰਧਾਲੂਆਂ ਨੂੰ ਰੋਕਣਾ ਸਿੱਖ-ਵਿਰੋਧੀ ਫੈਸਲਾ ਹੈ, ਜਿਸ ਨਾਲ ਸਮੁੱਚੀ ਸੰਗਤ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ। ਇਸ ਮੌਕੇ ਅੰਤ੍ਰਿੰਗ ਕਮੇਟੀ ਮੈਂਬਰ ਸ. ਸਤਵਿੰਦਰ ਸਿੰਘ ਟੌਹੜਾ, ਸ. ਭੁਪਿੰਦਰ ਸਿੰਘ ਭਲਵਾਨ, ਮੈਂਬਰ ਸ. ਗੁਰਮੀਤ ਸਿੰਘ ਬੂਹ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਤੇਜਿੰਦਰ ਸਿੰਘ (ਪੱਡਾ), ਮੈਨੇਜਰ ਸ. ਮੁਖਤਾਰ ਸਿੰਘ, ਯੂਥ ਅਕਾਲੀ ਆਗੂ ਯੁਵਰਾਜ ਭੁਪਿੰਦਰ ਸਿੰਘ, ਓ.ਐਸ.ਡੀ. ਡਾ. ਅਮਰੀਕ ਸਿੰਘ ਲਤੀਫਪੁਰ, ਡਾ. ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਘੱਟ ਗਿਣਤੀ ਕਮਿਸ਼ਨ ਗੁਜਰਾਤ ਦੇ ਡਾਇਰੈਕਟਰ ਬੀਬੀ ਪਰਮਜੀਤ ਕੌਰ (ਛਾਬੜਾ) ਅਤੇ ਹੋਰ ਮੌਜੂਦ ਸਨ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਹੁੰਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੩੧ ਅਕਤੂਬਰ, ੨੦੨੦ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੫੨ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ। ਇਸ ਮੌਕੇ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਨਡਾਲਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਅਮਰਿੰਦਰ ਸਿੰਘ, ਪ੍ਰਚਾਰਕ ਵੱਲੋਂ ਪ੍ਹੁੰਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਨਡਾਲਾ, ਜ਼ਿਲ੍ਹਾ ਕਪੂਰਥਲਾ ਵਿਖੇ ੨੧ ਨਵੰਬਰ, ੨੦੨੦ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ੧੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਧਾਰੀਵਾਲ ਵਿਖੇ ਅੰਮ੍ਰਿਤ-ਸੰਚਾਰ

ਭਾਈ ਹਰਸੁਖਮਨ ਸਿੰਘ, ਪ੍ਰਚਾਰਕ ਵੱਲੋਂ ਪ੍ਹੁੰਜੀ ਰਿਪੋਰਟ ਅਨੁਸਾਰ ਗੁਰਦੁਆਰਾ ਬੁਰਜ ਸਾਹਿਬ, ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ ਵਿਖੇ ੨੧ ਨਵੰਬਰ, ੨੦੨੦ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੩੨ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਜਲਾਲਾਬਾਦ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਰਜੀਤ ਸਿੰਘ ਫਿਰੋਜ਼ਪੁਰੀ, ਪ੍ਰਚਾਰਕ ਵੱਲੋਂ ਪ੍ਹੁੰਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਿੰਘ ਸਭਾ, ਜਲਾਲਾਬਾਦ, ਜ਼ਿਲ੍ਹਾ ਫ਼ਾਜ਼ਿਲਕਾ ਵਿਖੇ ੨੨ ਨਵੰਬਰ, ੨੦੨੦ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ੧੪ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਹੁਸ਼ਿਆਰ ਨਗਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਵੰਤ ਸਿੰਘ ਸਭਰਾਅ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਗੁਰੂ ਸਰ ਸਤਲਾਣੀ ਸਾਹਿਬ ਪਾਤਸ਼ਾਹੀ ਛੇਵੀਂ, ਹੁਸ਼ਿਆਰ ਨਗਰ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੨੫ ਨਵੰਬਰ, ੨੦੨੦ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ੪੩ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੩੦ ਨਵੰਬਰ, ੨੦੨੦ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ੩੩ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਅੰਮ੍ਰਿਤ-ਸੰਚਾਰ

ਭਾਈ ਰਾਜਪਾਲ ਸਿੰਘ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਜਨਮ-ਅਸਥਾਨ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ੩੦ ਨਵੰਬਰ, ੨੦੨੦ ਈ. ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਸੰਬੰਧ ਵਿਚ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਇਸ ਅੰਮ੍ਰਿਤ-ਸੰਚਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰਿਆਂ ਵੱਲੋਂ ਖੰਡੇ-ਬਾਟੇ ਦੀ ਪਾਹੁਲ ਤਿਆਰ ਕੀਤੀ ਗਈ। ਇਸ ਦੌਰਾਨ ੧੩੮ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਹਾਸਲ ਕੀਤੀ।

## ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੨੮ ਜਨਵਰੀ, ੨੦੨੧ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ੨੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ■




ਏਅਰ ਕਮਾਂਡਰ ਸਰਦਾਰ ਮੇਹਰ ਸਿੰਘ (ਬਾਬਾ)

Registered with Registrar of Newspaper at No. 354/57
Postal Regd.No.L-I/PB-ASR/007/2019-2021 Without Pre-payment of Postage under License no. PB/0370/2019-21

# GURMAT PARKASH

March 2021
Dharam Parchar Committee, Shiromani Gurdwara Parbandhak Committee, Sri Amritsar Sahib



ਸਿੱਖ ਜਰਨੈਲ ਸ. ਬਘੇਲ ਸਿੰਘ
ਜਿਸ ਨੇ ਦਿੱਲੀ ਦੇ ਲਾਲ ਕਿਲ੍ਹੇ 'ਤੇ ਖਾਲਸਈ ਨਿਸ਼ਾਨ ਝੁਲਾਇਆ।

Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh
Date: 5-3-2021